ਸਿਰਜਣਾ

ਅਪਰੈਲ-ਜੂਨ 2019 (ਅੰਕ 192)

April- June 2019

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

ਸਿਰਜਣਾ



ਅਪਰੈਲ-ਜੂਨ 2019 **192** 50 ਰੁਪਏ

ਸਿਰਜਣਾ

192

ਅਪਰੈਲ-ਜੂਨ 2019

ਸੰਪਾਦਕ : ਰਘਬੀਰ ਸਿੰਘ
Editor : Raghbir Singh

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

SIRJANA
1728, Sector 43-B,
Chandigarh-160 043
INDIA
Phone : +91-172-2601693
E-mail :
raghbirssirjana@yahoo.com

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

Account Name
SIRJANA
Account Number:
Current Account
00321100082130
Bank-Branch
Punjab & Sind Bank
17-C, Chandigarh
IFSC Code:
PSIB 0000032

ਇਸ ਅੰਕ ਵਿਚ

ਸੰਪਾਦਕੀ/ਕਲਾ, ਸਿਆਸਤ ਅਤੇ ਸੱਤਾ/1
ਉਂਕਾਰਪ੍ਰੀਤ/ਪੰਜ ਨਜ਼ਮਾਂ/3
ਅਜੀਤ ਪਿਆਸਾ/ਨਜ਼ਮ/8
ਦੇਵਿੰਦਰ ਸੈਫੀ/ਦੋ ਕਾਵਿ ਰਚਨਾਵਾਂ/9
ਬਲਬੀਰ ਪਰਵਾਨਾ/ਕਹਾਣੀ/ਆਸ ਨਿਰਾਸ/11
ਦਰਸ਼ਨ ਸਿੰਘ/ਕਹਾਣੀ/ਕਾਸ਼!/17
ਹਰੀਸ਼ ਕੁਮਾਰ/ਕਹਾਣੀ/ਜਾਨਵਰ/21
ਲਿਲੀ ਹੋਏ ਪਰਾਈਸ/ਯਾਦਾਂ/ਮੇਰੀ ਭੈਣ ਆਈਰੀਨ/29
ਅਵਤਾਰ ਸਿੰਘ ਬਿਲਿੰਗ/ਲਖਵਿੰਦਰ ਜੌਹਲ ਨਾਲ ਮੁਲਾਕਾਤ/36
ਹਰਜਿੰਦਰ ਸੂਰੇਵਾਲੀਆ/ਸਵੈ-ਜੀਵਨੀ ਅੰਸ਼/47
ਹਰਿਭਜਨ ਸਿੰਘ ਭਾਟੀਆ/ਲੇਖ/ਖ਼ੂਨੀ ਵਿਸਾਖੀ: ਇਤਿਹਾਸਕ ਅਤੇ ਮਾਨਵੀ ਸਰੋਕਾਰ/56
ਸੁਰਜੀਤ ਹਾਂਸ/ਲੇਖ/ਪੰਜਾਬੀ ਜ਼ਬਾਨ ਦਾ ਵਿਕਾਸ/66
ਚਰਨਜੀਤ ਸਿੰਘ ਪੰਨੂ/ਲੇਖ/ਬਲਬੀਰ ਮਾਧੋਪੁਰੀ ਦਾ 'ਛਾਂਗਿਆ ਰੁੱਖ'/73
ਗੁਲਜ਼ਾਰ ਸਿੰਘ ਸੰਧੂ/ਰੀਵਿਊ/ਉਹ ਵੀ ਦਿਨ ਸਨ/77
ਚੰਦਰ ਮੋਹਨ/ਰੀਵਿਊ/ਨਾਰੀ/79/ਕੁੰਭੀ ਨਰਕ/82
ਲਾਲ ਸਿੰਘ/ਰੀਵਿਊ/ਘੋਰਕੰਡੇ/85
ਪੁਸ਼ਵਿੰਦਰ ਕੌਰ/ਰੀਵਿਊ/ਮੁਰਗਾਬੀਆਂ/87
ਗੁਰਦੀਪ ਕੌਰ/ਰੀਵਿਊ/ਹਰਫ਼ਾਂ ਦੀ ਹਾਜ਼ਰੀ/90
ਰਘਬੀਰ ਸਿੰਘ/ਰੀਵਿਊ/ਗਿਆਰਾਂ ਰੰਗ/92
ਪੱਤਰ/ਸ਼ਸ਼ੀ ਸਮੁੰਦਰਾ/ਹਰਿੰਦਰ ਸਿੰਘ/95

ਟਾਈਟਲ ਚਿੱਤਰ : ਦੇਵ

ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ

ਸੰਪਾਦਕੀ

ਕਲਾ, ਸਿਆਸਤ ਅਤੇ ਸੱਤਾ

ਸਾਹਿਤ, ਕਲਾ ਤੇ ਸਭਿਆਚਾਰ ਦਾ ਸਿਆਸਤ ਅਤੇ ਅਗਾਂਹ ਸੱਤਾ ਨਾਲ ਦੁਵੱਲਾ ਰਿਸ਼ਤਾ ਹੁੰਦਾ ਹੈ। ਸਿਆਸਤ ਅਤੇ ਸੱਤਾ ਬਿਨਾਂ ਸ਼ੱਕ ਸਾਹਿਤ, ਕਲਾ ਅਤੇ ਸਭਿਆਚਾਰ ਉੱਤੇ ਆਪਣੇ ਢੰਗ ਨਾਲ ਅਸਰਅੰਦਾਜ਼ ਹੁੰਦੀ ਹੈ। ਇਸੇ ਤਰ੍ਹਾਂ ਆਪਣੇ ਸਮੇਂ ਦਾ ਸਾਹਿਤ, ਕਲਾ ਤੇ ਸਭਿਆਚਾਰ ਵੀ ਸਿਆਸਤ ਤੇ ਸੱਤਾ ਉੱਤੇ ਅਸਰਅੰਦਾਜ਼ ਹੋਣ ਲਈ ਯਤਨਸ਼ੀਲ ਰਹਿੰਦੇ ਹਨ। ਇਹ ਅਹਿਸਾਸ ਉਸ ਵਕਤ ਵਧੇਰੇ ਪ੍ਰਚੰਡ ਰੂਪ ਵਿਚ ਸਾਹਮਣੇ ਆਣ ਖਲੋਂਦਾ ਹੈ ਜਦੋਂ ਅਸੀਂ ਪਿਛਲੇ ਪੰਜ ਸਾਲਾਂ ਦੌਰਾਨ ਕੇਂਦਰ ਸਰਕਾਰ ਦੀ ਸਾਹਿਤ, ਕਲਾ ਤੇ ਸਭਿਆਚਾਰ ਪ੍ਰਤੀ ਪਹੁੰਚ ਉਤੇ ਨਿਗ੍ਹਾ ਮਾਰਦੇ ਹਾਂ। ਇਸ ਸਰਕਾਰ ਨੇ ਨਿਰਸੰਦੇਹ, ਜਰਮਨ ਤਾਨਾਸ਼ਾਹ ਅਡੋਲਫ ਹਿਟਲਰ ਦੇ ਜ਼ਮਾਨੇ ਵਾਲੇ ਨਾਜ਼ੀ ਜਰਮਨੀ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਉਸ ਵਕਤ ਜਰਮਨੀ ਗ਼ੁਰਬਤ ਅਤੇ ਮਹਿੰਗਾਈ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ ਪਰ ਹੁਕਮਰਾਨ ਮੁਲਕ ਦੀ ਤਰੱਕੀ ਅਤੇ ਖ਼ੁਸ਼ਹਾਲੀ ਦੇ ਸੋਹਲੇ ਗਾ ਰਹੇ ਸਨ। ਇਹੀ ਨਹੀਂ, ਸੱਤਾ ਧਿਰ ਆਪਣਾ ਨਸਲੀ ਏਜੰਡਾ ਪੂਰੇ ਜ਼ੋਰ ਨਾਲ ਅਗਾਂਹ ਵਧਾ ਰਹੀ ਸੀ ਅਤੇ ਫਿਲਮਾਂ ਆਦਿ ਰਾਹੀਂ ਹਿਟਲਰ ਦੀ ਪੈਂਠ 'ਲੋਕ ਨਾਇਕ' ਵਜੋਂ ਬਣਾਈ ਜਾ ਰਹੀ ਸੀ।

ਹੁਣ ਰਤਾ ਆਪਣੇ ਮੁਲਕ ਦੇ ਹਾਲਾਤ ਵੱਲ ਪਰਤੀਏ। ਇਹ ਕੋਈ ਇਤਫ਼ਾਕ ਜਾਂ ਮੌਕਾ ਮੇਲ ਨਹੀਂ ਕਿ ਲੋਕ ਸਭਾ ਚੋਣਾਂ ਦੇ ਐਲਾਨ ਦੇ ਨਾਲ ਹੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬਾਰੇ ਬਣਾਈ ਫਿਲਮ 'ਪੀਐੱਮ ਨਰੇਂਦਰ ਮੋਦੀ' ਦਾ ਟਰੇਲਰ ਆ ਗਿਆ, ਜਾਂ ਇਸ ਤੋਂ ਪਹਿਲਾਂ ਇਸੇ ਸਾਲ ਜਨਵਰੀ ਵਿਚ 'ਐਕਸੀਡੈਂਟਲ ਪ੍ਰਾਈਮ ਮਨਿਸਟਰ' (ਡਾਕਟਰ ਮਨਮੋਹਨ ਸਿੰਘ ਬਾਰੇ ਸੰਜੈ ਬਾਰੂ ਦੀ ਇਸੇ ਨਾਂ ਵਾਲੀ ਕਿਤਾਬ ਨੂੰ ਆਧਾਰ ਬਣਾ ਕੇ ਬਣਾਈ ਫਿਲਮ) ਅਤੇ 'ਉੜੀ: ਦਿ ਸਰਜੀਕਲ ਸਟ੍ਰਾਈਕ' ਫਿਲਮਾਂ ਇਕੋ ਦਿਨ ਰਿਲੀਜ਼ ਕੀਤੀਆਂ ਗਈਆਂ। ਜ਼ਾਹਿਰ ਹੈ ਕਿ ਇਹ ਜਰਮਨੀ ਦੀ ਤਰਜ਼ ਉੱਤੇ ਮੋਦੀ ਨੂੰ 'ਲੋਕ ਨਾਇਕ', 'ਦਮਦਾਰ' ਆਗੂ ਵਜੋਂ ਪੇਸ਼ ਕਰਨ ਦੀ ਹੀ ਕਵਾਇਦ ਹੈ। ਇਸ ਕਾਰਜ ਦੀ ਸਿੱਧੀ ਲਈ ਪਹਿਲਾਂ 'ਪੁਲਵਾਮਾ' ਅਤੇ ਫਿਰ 'ਬਾਲਾਕੋਟ' ਵੀ ਵਾਪਰਦਾ ਹੈ। ਇਹੀ ਨਹੀਂ, ਪੁਲਾੜ ਵਿਚ ਸੈਟੇਲਾਈਟ ਫੁੰਡਣ ਦੀ ਅਜ਼ਮਾਇਸ਼ ਤੋਂ ਬਾਅਦ, ਚੋਣ ਜ਼ਾਬਤਾ ਲੱਗਿਆ ਹੋਣ ਦੇ ਬਾਵਜੂਦ 'ਕੌਮ ਦੇ ਨਾਂ ਸੰਦੇਸ਼' ਵੀ ਨਸ਼ਰ ਕੀਤਾ ਜਾਂਦਾ ਹੈ। ਇਹ ਬੇਕਿਰਕ ਸਿਆਸਤ ਦਾ ਸਿਖ਼ਰ ਹੈ!

ਕੱਲ੍ਹ ਤੱਕ ਅਸੀਂ ਭਾਰਤੀ ਮੀਡੀਆ ਦੇ ਵੱਡੇ ਹਿੱਸੇ ਨੂੰ ਸੱਤਾ ਧਿਰ ਵੱਲੋਂ ਖਰੀਦ ਲਏ ਜਾਣ ਬਾਰੇ ਫ਼ਿਕਰ ਜ਼ਾਹਿਰ ਕਰ ਰਹੇ ਸਾਂ, ਕਨਸੋਆਂ ਤਾਂ ਇਹ ਵੀ ਹਨ ਕਿ ਬਾਲੀਵੁੱਡ ਦਾ ਅੱਛਾ-ਖਾਸਾ ਹਿੱਸਾ ਪਿਛਲੇ ਕੁਝ ਸਮੇਂ ਤੋਂ ਜਿਹੜੀਆਂ ਫਿਲਮਾਂ ਤਿਆਰ ਕਰ ਰਿਹਾ ਹੈ, ਉਨ੍ਹਾਂ ਅੰਦਰ ਚੁੱਪ-ਚੁਪੀਤੇ ਰਾਸ਼ਟਰਵਾਦ ਅਤੇ ਇਕ ਖ਼ਾਸ ਪਰਿਭਾਸ਼ਾ ਵਾਲੀ ਦੇਸ਼ਭਗਤੀ ਵਾਲੇ ਰੰਗ ਗੂੜ੍ਹੇ ਕਰ ਦਿੱਤੇ ਗਏ ਹਨ। ਮਹਿਜ਼ ਨਿਸ਼ਾਨਦੇਹੀ ਵਜੋਂ ਸਾਲ 2008 ਵਿਚ ਰਿਲੀਜ਼ ਹੋਈ ਫਿਲਮ 'ਏ ਵੈੱਡਨਸਡੇ!' ਦਾ ਹਵਾਲਾ ਦਿੱਤਾ ਜਾ ਰਿਹਾ ਹੈ। ਹਰ ਪੱਖੋਂ ਕਾਮਯਾਬ ਰਹੀ ਇਸ ਫਿਲਮ ਵਿਚ ਬਹੁਤ ਸੂਖ਼ਮ ਰੂਪ ਵਿਚ ਘੱਟਗਿਣਤੀਆਂ ਖ਼ਿਲਾਫ਼ ਚੁਆਤੀ ਲਾਈ ਗਈ ਹੈ। ਇਹ ਫਿਲਮ ਬਣਾਉਣ ਵਾਲਾ ਫਿਲਮਸਾਜ਼ ਨੀਰਜ ਪਾਂਡੇ ਜਦੋਂ 2017 ਵਿਚ 'ਟੌਇਲੈੱਟ: ਏਕ ਪ੍ਰੇਮ ਕਥਾ' ਵਰਗੀ ਫਿਲਮ ਬਣਾਉਂਦਾ ਹੈ ਤਾਂ ਫਿਰ ਕੋਈ ਭਰਮ-ਭੁਲੇਖਾ ਨਹੀਂ ਰਹਿਣਾ ਚਾਹੀਦਾ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸੱਤਾ ਧਿਰ ਦੀ ਸਿਆਸਤ ਤੇ ਵਿਚਾਰਧਾਰਾ ਦਾ ਅਸਰ ਸਾਹਿਤ, ਕਲਾ ਤੇ ਸਭਿਆਚਾਰ ਉੱਤੇ ਅਟੱਲ ਪੈਂਦਾ ਹੈ। ਇਸ ਪ੍ਰਸੰਗ ਵਿਚ ਸੰਬੰਧਤ ਸੰਸਥਾਵਾਂ ਦੀਆਂ ਨਿਯੁਕਤੀਆਂ ਅਤੇ ਸਰਗਰਮੀਆਂ ਉੱਤੇ ਉਡਦੀ ਝਾਤ ਮਾਰੀ ਜਾ ਸਕਦੀ ਹੈ। ਇਸ ਦੀ ਉਮਦਾ ਮਿਸਾਲ ਪਿੱਛੇ ਜਿਹੇ ਹੋਈ 106ਵੀਂ ਭਾਰਤੀ ਵਿਗਿਆਨ ਕਾਂਗਰਸ ਹੈ। ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ ਮਿਥਿਹਾਸ ਨੂੰ ਵਿਗਿਆਨ ਬਣਾ ਕੇ ਪੇਸ਼ ਕਰਨ ਦੇ ਯਤਨਾਂ ਤੋਂ ਹੁਣ ਹਰ ਕੋਈ ਵਾਕਿਫ਼ ਹੈ। ਇਸ ਵਿਗਿਆਨ ਕਾਂਗਰਸ ਦੌਰਾਨ ਆਪਣੀ ਸਿਆਸਤ ਦੇ ਪ੍ਰਚਾਰ ਲਈ ਇੰਨੀਆਂ ਗ਼ੈਰ ਵਿਗਿਆਨਕ ਗੱਲਾਂ ਉਭਾਰੀਆਂ ਗਈਆਂ ਕਿ ਇਹ ਵਿਗਿਆਨ ਕਾਂਗਰਸ ਕਰਵਾਉਣ ਵਾਲੀ ਨੈਸ਼ਨਲ ਸਾਇੰਸ ਕਾਂਗਰਸ ਨੂੰ ਐਲਾਨ ਕਰਨਾ ਪਿਆ ਕਿ ਅਗਾਂਹ ਤੋਂ ਬੁਲਾਰਿਆਂ ਨੂੰ ਆਪਣੇ ਭਾਸ਼ਣ ਦੀ ਟੈਕਸਟ ਜਮ੍ਹਾਂ ਕਰਵਾਉਣੀ ਪਿਆ ਕਰੇਗੀ।

ਇਹ ਹੈ ਉਹ ਮਾਹੌਲ ਜਿਸ ਵਿਚ ਮੁਲਕ ਅੰਦਰ 17ਵੀਂ ਲੋਕ ਸਭਾ ਲਈ ਵੋਟਾਂ ਪੈ ਰਹੀਆਂ ਹਨ। ਇਹ ਸਾਹਿਤ, ਕਲਾ ਤੇ ਸਭਿਆਚਾਰ ਨਾਲ ਜੁੜੇ ਜਿਊੜਿਆਂ ਲਈ ਸੋਚਣ ਦਾ ਵੇਲ਼ਾ ਵੀ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਉਨ੍ਹਾਂ ਦੀ ਕੀ ਕਾਰਗੁਜ਼ਾਰੀ ਰਹੀ ਹੈ ਅਤੇ ਅਗਾਂਹ ਕਿਸ ਪੈਂਡੇ ਉੱਤੇ ਪੈਣਾ ਹੈ। ਇਹੀ ਉਹ ਵੇਲ਼ਾ ਵੀ ਹੈ ਜਦੋਂ ਇਨ੍ਹਾਂ ਜਿਊੜਿਆਂ ਨੂੰ ਹੁਣ ਸਰਕਾਰ ਅਤੇ ਸਟੇਟ ਵਿਚਕਾਰ ਬਾਕਾਇਦਾ ਫ਼ਰਕ ਕਰ ਕੇ ਮਹਾਨ ਚਿੰਤਕ ਕਾਰਲ ਮਾਰਕਸ ਦੇ ਉਸ ਵਿਚਾਰ ਵੱਲ ਜਾਣਾ ਪਵੇਗਾ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਫਲਸਫੀਆਂ ਨੇ ਸਿਰਫ ਦੁਨੀਆ ਦੀ ਵਿਆਖਿਆ ਹੀ ਕੀਤੀ ਹੈ, ਮਸਲਾ ਇਸ ਨੂੰ ਬਦਲਣ ਦਾ ਹੈ। ਇੱਥੇ ਸਵੈ ਨੂੰ ਸਵਾਲ ਵੀ ਹੈ: ਅਸੀਂ ਤਾਂ ਅਜੇ ਆਪੋ-ਆਪਣੀ ਵਿਆਖਿਆ ਦੀ ਅੰਨ੍ਹੀ ਗਲ਼ੀ ਵਿਚ ਹੀ ਭੌਂ ਰਹੇ ਹਾਂ, ਬਦਲਣ ਲਈ ਕੋਈ ਹੀਲਾ-ਵਸੀਲਾ ਕਰਨ ਵਾਲਾ ਨੁਕਤਾ ਤਾਂ ਅਜੇ ਸ਼ਾਇਦ ਬਹੁਤ ਅਗਾਂਹ ਹੈ। ਇਸ ਸੂਰਤ ਵਿਚ ਬੁੱਧੀਜੀਵੀਆਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ।

ਇਤਿਹਾਸ ਦੱਸਦਾ ਹੈ ਕਿ ਯੁੱਗ ਭਾਵੇਂ ਕੋਈ ਹੋਵੇ, ਦਾਸ ਪ੍ਰਥਾ ਹੋਵੇ ਜਾਂ ਸਾਮੰਤਸ਼ਾਹੀ, ਪੂੰਜੀਵਾਦ ਹੋਵੇ ਜਾਂ ਸਮਾਜਵਾਦ, ਆਰਥਿਕ ਵਸੀਲਿਆਂ ਉਪਰ ਸਰਦਾਰੀ ਕਾਇਮ ਰੱਖਣ ਵਾਲੇ ਵਰਗ ਨੇ ਹੀ ਰਾਜਭਾਗ ਦੀ ਵਾਗਡੋਰ ਸੰਭਾਲ਼ੀ ਹੈ। ਹੁਣ ਮਸਲਾ ਕਾਰਪੋਰੇਟੀ/ਧਨਾਢ ਵਰਗ ਦੀ ਸਰਦਾਰੀ ਵਾਲੀ ਸਿਆਸਤ ਵਿਚ ਬੁੱਧੀਜੀਵੀਆਂ ਦੇ ਦਖ਼ਲ ਦਾ ਹੈ। ਇਸ ਦਖ਼ਲ ਦੀ ਲੋੜ ਹੁਣ ਇਸ ਕਰਕੇ ਵੀ ਜ਼ਿਆਦਾ ਹੈ ਕਿਉਂਕਿ ਗੱਲ ਹੁਣ ਸਿਆਸੀ ਧਰੁਵੀਕਰਨ ਤੋਂ ਬਹੁਤ ਅਗਾਂਹ ਨਿੱਕਲ ਚੁੱਕੀ ਹੈ। ਨਵੀਂ ਕਿਸਮ ਦੇ ਹੁਕਮਰਾਨ ਸਰਕਾਰ ਨੂੰ ਸਟੇਟ ਨਾਲ ਰਲਗੱਡ ਕਰਕੇ ਅਤੇ ਦੇਸ਼ਭਗਤੀ ਦੀ ਨਵੀਂ ਪਰਿਭਾਸ਼ਾ ਬੰਨ੍ਹ ਕੇ ਹਰ ਨਾਗਰਿਕ ਦੀਆਂ ਸੀਮਾਵਾਂ ਤੈਅ ਕਰਨ ਦੀ ਕੋਸ਼ਿਸ਼ ਵਿਚ ਹਨ।

ਇਸੇ ਕਰਕੇ ਜਿਵੇਂ ਉੱਪਰ ਨਿਸ਼ਾਨਦੇਹੀ ਕੀਤੀ ਗਈ ਹੈ, ਬੁੱਧੀਜੀਵੀਆਂ ਨੂੰ ਸਰਕਾਰ ਅਤੇ ਸਟੇਟ ਦਾ ਫ਼ਰਕ ਨਿਤਾਰਨ ਵੱਲ ਮੁੜਨਾ ਪਵੇਗਾ। ਇਸ ਨਾਲ ਬੁੱਧੀਜੀਵੀਆਂ ਦੇ ਸਟੇਟ ਦੀਆਂ ਸੰਸਥਾਵਾਂ ਨਾਲ ਰਿਸ਼ਤੇ ਬਾਰੇ ਵੀ ਸਵਾਲ ਖੜ੍ਹਾ ਹੋਵੇਗਾ। ਇਹ ਸਵਾਲ ਅਜਿਹੀਆਂ ਸੰਸਥਾਵਾਂ ਵਿਚ ਬੁੱਧੀਜੀਵੀਆਂ ਦੀ ਨੁਮਾਇੰਦਗੀ 'ਤੇ ਵੀ ਸਵਾਲ ਕਰੇਗਾ। ਅੱਜ ਦੇ ਦੌਰ ਅਤੇ ਮਾਹੌਲ ਵਿਚ ਇਹ ਕਾਰਜ ਸੱਚਮੁੱਚ ਬਹੁਤ ਔਖਾ ਹੈ ਪਰ ਚੌਥੀ ਕੂਟ ਤੋਂ ਬਗ਼ੈਰ ਸਿਰ ਪਈਆਂ ਮੁਸੀਬਤਾਂ ਕੱਟਣੀਆਂ ਮੁਸ਼ਕਿਲ ਹੀ ਨਹੀਂ, ਤਕਰੀਬਨ ਅਸੰਭਵ ਹੀ ਹੁੰਦੀਆਂ ਹਨ। ਬੁੱਧੀਜੀਵੀਆਂ ਦਾ ਇਹ ਕਦਮ ਉਨ੍ਹਾਂ ਨੂੰ ਉਸ ਵਰਗ ਨਾਲ ਵੀ ਜੋੜੇਗਾ, ਜਿਸ ਨੂੰ ਇਸ ਵਕਤ ਉਨ੍ਹਾਂ ਦੀ ਸਭ ਤੋਂ ਵੱਧ ਜ਼ਰੂਰਤ ਹੈ। ਭਾਰਤੀ ਸਮਾਜ ਅੱਜ ਜਿਸ ਮੋੜ ਉੱਤੇ ਆ ਗਿਆ ਹੈ, ਹੁਣ ਹੋਰ ਕੋਈ ਚਾਰਾ ਵੀ ਨਹੀਂ ਦਿਸਦਾ। ਇਸ ਲਈ ਹੁਣ ਬੁੱਧੀਜੀਵੀ ਭੱਜੇ ਜਾਂਦੇ ਵਕਤ ਦੀ ਨਬਜ਼ ਪਛਾਣਨ ਅਤੇ ਆਪਣੇ ਫ਼ਰਜ਼ ਨਿਭਾਉਣ। 00

ਪੰਜ ਨਜ਼ਮਾਂ: ਉਂਕਾਰਪ੍ਰੀਤ

ਅਸੀਂ...

ਅਸੀਂ-
ਬੁੜੀਆਂ ਬੁੜੀਆਂ ਨਜ਼ਰਾਂ ਵਾਲੇ,
ਤੇਰਾ-ਤੇਰਾ ਕਿੰਝ ਤੱਕੀਏ?

ਅਸੀਂ-
ਆਪਣੇ ਤੋਂ ਨਾਵਾਕਿਫ਼ ਲੋਕੀਂ,
ਵਾਕਿਫ਼ਾਂ ਨੂੰ ਕੀ ਦੱਸੀਏ?

ਅਸੀਂ-
ਟੀਸੀਆਂ ਸੰਗ ਕੱਦ ਮਾਪਣ ਵਾਲੇ,
ਝਰਨੇ ਹੋ ਕਿੰਝ ਵਗੀਏ?

ਅਸੀਂ-
ਕਾਗ਼ਜ਼ੀ ਸਮਝਾਂ ਸੁਰਤਾਂ ਵਾਲੇ,
ਦਿਲੀਂ-ਰੂਹੀਂ ਕਿੰਝ ਰਚੀਏ?

ਅਸੀਂ-
ਕੈਲੰਡਰ ਆਖੇ ਨਵੇਂ-ਪੁਰਾਣੇ,
ਹਰ ਪਲ ਨਵਾਂ ਕਿੰਝ ਰੱਖੀਏ?

ਅਸੀਂ-
ਅੱਧ-ਅਧੂਰੇ ਆਸ਼ਿਕ ਲੋਕੀਂ,
ਥੱਈਆ ਥੱਈਆ ਕਿੰਝ ਨੱਚੀਏ?

ਬਿੰਦੀ

ਬਿੰਦੀ...
ਜਣਨੀ ਹੈ।
'ਮਾਂ-ਮਸਤਕ' ਦੀ ਸੋਭਾ।
ਸ੍ਰਿਸ਼ਟੀ ਦਾ ਬੀਜ॥

ਬਿੰਦੀ...
ਬਾਲੜੀ ਵਰੇਸ ਦਾ ਚਾਅ ਹੈ।

'ਮਾਂ' ਦੀ ਪੈੜ 'ਚ ਟੁਰੀ
ਪਹਿਲੀ ਨੰਨ੍ਹੀ-ਮੁੰਨੀ ਟੋਰ ਹੈ॥

ਬਿੰਦੀ...
ਮੁਟਿਆਰ ਦੀ ਸੱਧਰ ਹੈ।
ਸੁਪਨਿਆਂ ਦੇ ਰਾਜਕੁਮਾਰ ਦੀ
ਤਾਂਘ ਹੈ।
ਵੰਗ 'ਚੋਂ ਕੱਢੀ
'ਤਿਹ' ਦਾ ਟੁਕੜਾ ਹੈ।
ਦੇਹੀ ਨਾਦ ਦਾ 'ਸ-ਵਰ' ਹੈ।
ਬਿੰਦੀ...ਰੂਹ ਦਾ ਕਿਣਕਾ ਹੈ॥

ਬਿੰਦੀ...
ਮਹਿਬੂਬਾ ਦਾ ਸ਼ਿੰਗਾਰ ਹੈ।
'ਪ੍ਰੀਤ' ਦੇ ਦਿਲ ਦੀ
ਉਮੰਗ ਹੈ।
ਰੰਗਾਂ ਵਿਚਲਾ ਨੂਰ ਹੈ
ਨੂਰ ਵਿਚਲਾ 'ਰੰਗ' ਹੈ॥

ਬਿੰਦੀ...
'ਬਿੰਦ' ਤੋਂ 'ਬਿੰਦੂ' ਤਕ ਦੀ
ਕਾਵਿ-ਯਾਤਰਾ ਹੈ।
ਬ੍ਰਹਿਮੰਡ ਦਾ ਅਮਰ-ਧੁਰਾ ਹੈ।
ਬਿੰਦੀ...!!

ਮੁਕਤੀ

ਰਾਤੀਂ ਸੁਪਨੇ ਵਿਚ
ਮੇਰੀਆਂ ਕਵਿਤਾਵਾਂ
ਇਕ ਇਕ ਕਰਕੇ
ਵਰਕਿਆਂ 'ਚੋਂ
ਉੱਠ ਖਲੋਈਆਂ।

ਉਹਨਾਂ ਦੇ ਰੰਗ ਬਿਰੰਗੇ
ਚੋਲ਼ੇ ਹਵਾ 'ਚ ਲਹਿਰਾਏ
ਹਰ ਕਵਿਤਾ ਨੇ ਮੇਰੇ ਦੁਆਲ਼ੇ
ਪਰਿਕਰਮਾ ਕੀਤੀ
ਫਿਰ ਉਹਨਾਂ ਇਕ ਦੂਜੇ 'ਚ ਸਮਾ

'ਇਕ ਕਵਿਤਾ' ਦਾ ਰੂਪ ਧਾਰਨ ਕਰ ਲਿਆ।
ਚਿੱਟੇ ਦੁੱਧ ਕੱਪੜਿਆਂ ਵਾਲੀ
ਸੁਨਹਿਰੀ ਵਾਲ਼ਾਂ ਵਾਲੀ
ਸੂਹੇ ਹੋਠਾਂ ਵਾਲੀ, ਤੇਜੱਸਵੀ ਮੱਥੇ ਵਾਲੀ,
ਨੂਰੀ ਅੱਖਾਂ ਵਾਲੀ... ਕਵਿਤਾ।

ਉਹ ਕਵਿਤਾ ਮੇਰੇ ਵੱਲ ਵਧੀ
ਉਸਨੇ ਮੇਰੇ ਨੈਣ ਚੁੰਮੇ
ਉਸਦਾ ਚਿੱਟਾ ਚੋਲ਼ਾ
ਅਨੰਤ ਲੜੀਆਂ 'ਚ ਬਦਲ ਗਿਆ
ਮੈਂ ਉਸਦੀਆਂ ਲੜੀਆਂ ਨੂੰ
ਲਾਵਾਂ ਦੇ ਪੱਲੇ ਵਾਂਗ ਫੜ ਲਿਆ
ਉਹ ਤੁਰਦੀ ਗਈ
ਪਹਾੜਾਂ ਉੱਤੋਂ, ਰੇਗਸਤਾਨਾਂ ਵਿੱਚੀਂ,
ਸਮੁੰਦਰਾਂ ਉਪਰੋਂ, ਬੱਦਲਾਂ ਦੇ ਸਿਰਾਂ ਉਪਰੋਂ।

ਫਿਰ ਇਕ ਦਰ ਆਇਆ
ਉਸਨੇ ਦਸਤਕ ਦਿੱਤੀ ...ਤੇ ਅਲੋਪ ਹੋ ਗਈ।
ਦਰ ਖੁਲ੍ਹਿਆ
ਖੋਲ੍ਹਣ ਵਾਲੇ ਦੀਆਂ ਅੱਖਾਂ 'ਚ
ਉਸ ਕਵਿਤਾ ਦਾ ਨੂਰ ਸੀ
ਹੋਠਾਂ 'ਤੇ ਉਹੀ ਮੁਸਕਾਨ।
ਉਸਨੇ ਮੈਨੂੰ ਘੁੱਟ ਕੇ ਨਾਲ ਲਾਇਆ
ਮੇਰੇ ਹੋਠਾਂ 'ਤੇ ਅਪਣੇ ਹੋਠ ਰੱਖ ਦਿੱਤੇ
ਮੈਂ ਅਪਣੇ ਸੁਪਨੇ ਤੋਂ ਮੁਕਤ ਹੋ ਗਿਆ।
..ਤੇ ਹੋ ਗਿਆ ਸੁਪਨਾ ਉਸ ਕਵਿਤਾ ਦਾ॥

ਚੁਬਾਰਾ

ਚੁਬਾਰਾ ਮਹਿਜ਼ ਕੋਠੇ 'ਤੇ ਕੋਠਾ ਨਹੀਂ
ਸਗੋਂ ਸਿਰਜਕ ਦਾ
ਮਸਤਕ ਹੁੰਦਾ।

ਚੁਬਾਰਾ ਜਿੱਥੋਂ
ਪਿੰਡ ਦੇ ਵਿਹੜਿਆਂ ਦਾ ਹਾਲ ਦਿਸਦਾ।
ਪਹੁ-ਫੁਟਾਲੇ ਅਤੇ ਆਥਣ ਦੇ ਰੰਗਾਂ ਵਿਚਲਾ
ਭੇਤ ਮਿਲਦਾ।
ਦੁਪਹਿਰ ਦੀ ਧੁੱਪ 'ਚ ਘੁਲ਼ੇ

ਹੁਸਨ ਅਤੇ ਇਸ਼ਕ ਰੰਗੇ ਰੰਗੇ
ਮਹਿਸੂਸ ਹੁੰਦੇ।

ਸਿਆਲੂ ਦੁਪਹਿਰਾਂ 'ਚ
ਚੁਬਾਰੇ ਉਹਲੇ ਡੱਕੀਆਂ
ਸੂਰਜ ਦੀਆਂ ਕਿਰਨਾਂ ਲਈ ਤਰਸਦੇ
ਠੁਰ ਠੁਰ ਕਰਦੇ 'ਵਿਹੜਿਆਂ' ਦਾ ਦਰਦ
'ਚੁਬਾਰੇ' ਤੋਂ ਹੀ ਪਤਾ ਲੱਗਦਾ।

'ਘਰ-ਘਰ ਏਹਾ ਅੱਗ' ਵਰਗੀ ਸਤਰ
ਦੀ ਸਿਰਜਣਾ ਲਈ
ਸਭਿਅਤਾ ਵੱਲੋਂ ਸਿਰਜੇ
ਪੁਸ਼ਤ ਦਰ ਪੁਸ਼ਤ
ਗਿਆਨ ਪੌੜਿਆਂ ਰਾਹੀਂ
ਚੁਬਾਰੇ ਚੜ੍ਹਨ ਦੀ ਲੋੜ ਹੁੰਦੀ॥

ਪਿੰਡ ਦੇ ਜ਼ਿਹਨ, ਦਿਲ, ਰੂਹਾਂ:
ਗਲੀਆਂ, ਮੁਹੱਲੇ ਅਤੇ ਵਿਹੜਿਆਂ ਤੀਕ
'ਗੁਰ ਲਾਧੋ ਰੇ' ਦਾ ਹੋਕਾ ਪੁਚਾਉਣ ਲਈ
ਉਸ ਚੁਬਾਰੇ ਦੀ ਬੜੀ ਲੋੜ ਹੁੰਦੀ
ਜੋ ਮਹਿਜ਼ ਕੋਠੇ 'ਤੇ ਕੋਠਾ ਨਹੀਂ
ਸਗੋਂ ਸਿਰਜਕ ਦਾ ਮਸਤਕ ਹੁੰਦਾ।

ਨਾਂਗੇ

ਤਨ ਰੰਗਾ ਚੋਲ਼ਾ ਪਾਏ
ਅਗਨਾਰੋਂ ਨਾਂਗੇ ਆਏ।

ਨੰਗ-ਮੁਨੰਗ
ਉਹਨਾਂ ਦੀਆਂ ਵਾਟਾਂ
ਉਦਿਓਂ ਅਸਤਣ ਜਾਂਦੀਆਂ ਲਾਟਾਂ।

ਨੰਗਾ ਦੇਖਣ, ਨਿਰਖਣ
ਨੰਗਾ ਪਰਖਣ, ਸੋਚਣ
ਨੰਗਾ ਨੰਗਾ ਲੋਚਣ।

ਨੰਗੇ ਹੋ ਹੋ, ਪਿਆਰ ਪਰੱਚਦੇ
ਨੰਗਾ ਨੰਗਾ ਤਾਂਡਵ ਨੱਚਦੇ।

ਨੰਗ ਧਿਆਉਂਦੇ
ਨੰਗ ਮਨਾਉਂਦੇ, ਨੰਗ ਪੁਗਾਉਂਦੇ।

ਢਕ ਢਕ ਨੰਗ ਨੂੰ
ਨੰਗ ਵਿਖਾਉਂਦੇ।

ਰਾਤ ਉਨ੍ਹਾਂ ਦੀ,ਨੰਗੀ ਅਗਨੀ
ਨੰਗੀ ਨੰਗੀ ਮੱਚਦੀ।
ਆਥਣ ਨੰਗ ਸਰੂਰੀ
ਨੰਗੀ ਪਹੁ ਫੁੱਟ, ਸੂਹਾ ਹੱਸਦੀ।

ਮਹਿਲ-ਮੁਨਾਰੀਂ
ਨੰਗੀ ਅਗਨੀ, ਛੰਨੀ-ਢਾਰੀਂ।

ਗੁਫਾਵੀਂ ਕਿੰਦਰੀਂ
ਨੰਗੀ ਅਗਨੀ, ਧਰਤੀ-ਅੰਬਰੀਂ।

ਆਬ-ਹਵਾਵੀਂ
ਨੰਗੀ ਅਗਨੀ, ਨਦ-ਦਰਿਆਵੀਂ।

ਧੁੱਪੀਂ ਛਾਵੀਂ
ਨੰਗੀ ਅਗਨੀ, ਕਾਵਿ-ਕਥਾਵੀਂ।

ਨਾਂਗੇ ਅੱਗ ਅਹਾਰੀ
ਅੱਗ ਹੰਢਾਉਂਦੇ
ਅੱਗ ਰੋਂਦੇ, ਅੱਗ ਹੱਸਦੇ।

ਨਾਂਗੇ ਤਨ ਰੰਗੇ
ਅੱਗ-ਰੰਗ ਤੀਕਰ
ਮੂਲੋਂ ਭੇਤ ਨਾ ਦੱਸਦੇ।

ਤਨ ਰੰਗਾ ਚੋਲ਼ਾ ਪਾਏ
ਅਗਨਾਰੋਂ ਨਾਂਗੇ ਆਏ। 000

(17 Blairwood Court, Brampton, Canada;
Email: onkarpreet@hotmail.com)

ਹੁਣ... : ਅਜੀਤ ਪਿਆਸਾ

ਹੁਣ ਜਦਕਿ
ਲੰਘ ਗਿਆ ਹੈ
ਚਾਰ ਕੁ ਦਿਨਾਂ ਦਾ ਮੇਲਾ
ਦਿਲ ਨੂੰ ਅਲਵਿਦਾ ਕਹਿ ਕੇ....
ਡੰਡਾ ਡੇਰਾ ਚੁੱਕ ਗਏ ਸਭ ਰੰਗ ਤਮਾਸ਼ੇ
ਹੁਣ ਤੇਰੇ ਇਸ ਨਜ਼ਰਾਨੇ ਨੂੰ ਆਥਣ ਵੇਲ਼ੇ
ਦੱਸ ਕਿੰਝ ਦੌਲਤਖਾਨੇ ਰੱਖੀਏ....

ਹੁਣ ਜਦਕਿ
ਚਕਲਾ ਬਣ ਕੇ ਰਹਿ ਗਈ ਹੈ ਜ਼ਿੰਦਗੀ
ਬੇਦਾਵਾ ਲਿਖ ਕੇ ਦੇ ਗਿਆ ਹੈ ਖੁਦਾ
ਕਾ.ਗਜ਼ੀ ਫੁੱਲ ਬਣ ਕੇ ਮਿਲੇ-
-ਰੂਹ ਦੀ ਮਹਿਕ ਵਿਹੂਣੇ ਯਾਰ
ਹੁਣ ਇਸ ਹੈਲੋ ਹਾਏ ਵਾਲੀ ਰਸਮ ਨੂੰ
ਖਾਨਾ ਪੂਰੀ ਵਾਲ਼ੇ ਕਿਹੜੇ ਖਾਨੇ ਰੱਖੀਏ....

ਹੁਣ ਜਦਕਿ
ਦੋਸਤੀ ਵੀ ਹੋ ਗਈ ਹੈ-
-ਫੁਹੜੀਆਂ ਹਵਾਲੇ-
ਹਉਮੈ ਦੇ ਬਾਜ਼ਾਰ 'ਚ
ਵਿਕ ਚੁੱਕੇ ਨੇ ਸਭ ਰਿਸ਼ਤੇ
ਤਾਰ ਤਾਰ ਹੋ ਗਏ ਨੇ ਅਹਿਸਾਸ
ਤਾਂ ਦਿਲ ਨੂੰ ਕਿਸ ਬਹਾਨੇ ਰੱਖੀਏ....

ਹੁਣ ਜਦਕਿ
ਇਕਲਾਪੇ ਦੇ ਮਾਰੂਥਲ 'ਚ
ਦਰਗਾਹ ਪਿਆਸ ਦੀ
ਦਿਸਹੱਦੇ ਤੋਂ ਵੀ ਪਾਰ ਸੁਣੀਂਦੀ-
ਮ੍ਰਿਗ ਤ੍ਰਿਸ਼ਨਾ ਦੀ ਹਰ ਥਾਂ ਬਾਦਸ਼ਾਹੀ
ਅੱਗ ਦਾ ਦਰਿਆ ਪਾਰ ਕਰਨ ਲਈ
ਡੁੱਬ ਕੇ ਜਾਣਾ ਕੀਹਤੋਂ ਸਿੱਖੀਏ 000

(936 ਕੱਚਾ ਕਿਲ੍ਹਾ, ਜਗਰਾਵਾਂ; ਫੋਨ: 94177-87238)

ਦੋ ਕਾਵਿ ਰਚਨਾਵਾਂ: ਦੇਵਿੰਦਰ ਸੈਫੀ

ਇਕ ਤੁਕੀ ਬੋਲੀਆਂ

0 ਹਾਰ ਪਾ ਕੇ ਸ਼ਹੀਦ ਵਾਲੇ ਬੁੱਤ ਨੂੰ
ਉਹ ਫੇਰ ਫਾਂਸੀ ਦੇ ਚੱਲਿਆ

0 ਉਹੋ ਪੱਥਰ ਬਣਾਈ ਜਾਵੇ ਸਿਰਾਂ ਦੇ
ਨਵ ਨਿਰਮਾਣ ਵਾਸਤੇ

0 ਜਦੋਂ ਅਕਲ ਵਿਕਾਊ ਉਹਨੇ ਕਰਤੀ
ਜ਼ਮੀਰ ਉਹਦੀ ਗਸ਼ ਖਾ ਗਈ

0 ਸੇਵਾ ਦੇਸ਼ ਦੀ ਬਿਮਾਰ ਜਦੋਂ ਹੋ ਗਈ
ਖਬਰਾਂ 'ਚੋਂ ਸਾਹ ਲੱਭਦੀ

0 ਦਾਨ ਕਰਕੇ ਗ੍ਰਹਿ ਖੁਸ਼ ਕਰਦਾ
ਜੋ ਲਹੂ ਪੀਵੇ ਜੋਕ ਬਣ ਕੇ

0 ਵਧੇ ਢਿੱਡਾਂ ਨੂੰ ਰਾਸ ਬੜਾ ਆਇਆ
ਝੂਲਦਾ ਤਿਰੰਗਾ ਦੇਸ਼ ਦਾ

0 ਖੂਹ ਪੁੱਟ ਕੇ ਕੱਢਣ ਗਿਆ ਪਾਣੀ
ਉਹ ਕਬਰਾਂ ਹੀ ਖੋਦ ਆ ਗਿਆ

0 ਉਹਦੇ ਕੰਨਾਂ ਵਿਚ ਕਿੱਲ ਖੁਭੇ ਲੋਭ ਦੇ
ਸੱਚ ਵਾਲੀ ਹੂਕ ਨਾ ਸੁਣੇ

0 ਪੈਰ ਪੈਰ 'ਤੇ ਜ਼ੁਬਾਨ ਜੀਹਦੀ ਬਦਲੇ
ਬੰਦਾ ਉਹਨੂੰ ਕਿੰਝ ਆਖੀਏ

0 ਉਹੋ ਛਿਲਕੇ ਸੰਭਾਲ਼ਦਾ ਹੀ ਰਹਿ ਗਿਆ
ਗਿਰੀਆਂ ਗੰਵਾ ਕੇ ਬਹਿ ਗਿਆ

0 ਮੇਰੇ ਦੇਸ਼ ਦੀ ਸਹਿਕਦੀ ਸਿੱਖਿਆ
ਥਲਾਂ ਵਿਚੋਂ ਨੀਰ ਲੱਭਦੀ

0 ਕਦੇ ਬਿਰਖਾਂ ਦੇ ਗਲ਼ ਲੱਗ ਮਿਲਜੀਂ
ਓ ਸਾਹੋਸਾਹੀ ਹੋਣ ਵਾਲਿਆ

0 ਜੇ ਤੂੰ ਟੁੱਟਣੋਂ ਬਚਾਉਣੇ ਤਾਰੇ
ਮੁਹੱਬਤੀ ਆਕਾਸ਼ ਸਾਂਭ ਲੈ

0 ਉਹਨਾਂ ਦਿਲਾਂ ਵਿਚ ਚਮਕਣ ਤਾਰੇ
ਜੋ ਬਣਗੇ ਆਕਾਸ਼ ਵਾਂਗਰਾਂ

0 ਪੂਰੇ ਵਚਨਾਂ ਦੇ ਕਰਮਾਂ ਦੇ ਸੂਰੇ
ਧਰਤੀ ਮਾਂ ਪੁੱਤ ਮੰਗਦੀ

ਹਵਾ ਨੇ ਸਾਡਾ ਦੁੱਖ ਉਡਾਉਣਾ

ਨਾ ਤਾਂ ਨਿੱਤ ਦੁੱਖਾਂ ਨੇ ਆਉਣਾ
ਨਾ ਅਸਾਂ ਨਿੱਤ ਰੋਣਾ
ਨਾ ਨਿੱਤ ਉਮਰ ਦੀ ਰੋਟੀ ਸੜਨੀ
ਨਾ ਨਿੱਤ ਗੁੰਮਣਾ ਪੋਣਾ

ਨਾ ਨਿੱਤ ਜਿੰਦ ਨੇ ਦਰਦਾਂ ਭਰਿਆ
ਰਾਗ ਭੈਰਵੀ ਛੋਹਣਾ
ਨਾ ਨਿੱਤ ਦਿਲ 'ਤੇ ਕੰਡੇ ਵੱਜਣੇ
ਨਾ ਤੈਨੂੰ ਨਿੱਤ ਜੋਹਣਾ

ਨਾ ਨਿੱਤ ਪੀੜਾਂ ਦੇ ਛੱਤੇ 'ਚੋਂ
ਸ਼ਹਿਦ ਅਸਾਂ ਨੇ ਚੋਣਾ
ਨਾ ਨਿੱਤ ਖੁਸ਼ੀਆਂ ਵੇਖ ਕੇ ਸਾਨੂੰ
ਆਪਣਾ ਬੂਹਾ ਢੋਣਾ

ਹਵਾ ਨੇ ਸਾਡਾ ਦੁੱਖ ਉਡਾਉਣਾ
ਹੰਝ ਬਾਰਸ਼ ਨੇ ਧੋਣਾ
ਤੂੰ ਆ ਜਾਂਦਾ ਰੱਬ ਸਮਝਦੇ
ਨਹੀਂ ਆਇਆ ਕੀ ਹੋਣਾ। 000

(ਪਿੰਡ ਮੋਰਾਂਵਾਲੀ, ਜ਼ਿਲ੍ਹਾ ਫਰੀਦਕੋਟ;
ਫੋਨ: 94178-26954)

ਆਸ ਨਿਰਾਸ: ਕਹਾਣੀ: ਬਲਬੀਰ ਪਰਵਾਨਾ

ਹਿੰਮਤ ਕਰਕੇ ਉਹ ਬਾਹਰ ਨਿਕਲਿਆ। ਬਾਹਰ ਉਹੀ ਧੁੰਦਲਾ-ਧੁੰਦਲਾ ਜਿਹਾ ਦਿਨ। ਰੁੱਖਾਂ, ਬੂਟਿਆਂ ਦੇ ਪੀਲ਼ੇ ਪੈ ਰਹੇ ਪੱਤਿਆਂ 'ਤੇ ਜੰਮੀ ਹੋਈ ਧੂੜ। ਸੁੰਨੀ-ਸੁੰਨੀ ਦਿਸਦੀ ਰੇਲਵੇ-ਲਾਈਨ। ਕਿੰਨਾ ਚਿਰ ਉਹ ਰੁੱਖਾਂ, ਬੂਟਿਆਂ ਤੇ ਕਦੀ ਰੇਲਵੇ ਲਾਇਨ ਨੂੰ ਘੂਰਦਾ ਰਿਹਾ। ਸ਼ਾਇਦ ਉਸ ਕੁੜੀ ਦੀ ਕੋਈ ਝਲਕ ਦਿਸ ਜਾਵੇ, ਇਕ ਬੇ-ਆਸ ਜਿਹੀ ਆਸ, ਕਿ ਉਸ ਨੂੰ ਪਤਾ ਸੀ ਉਹ ਸਵੇਰੇ-ਸਵੇਰੇ ਹੀ ਆਉਂਦੀ ਹੈ, ਨੌਂ, ਸਵਾ ਨੌਂ ਦੇ ਆਸਪਾਸ। ਮੁੜਦੀ ਕਦੋਂ ਹੈ, ਉਸ ਨੂੰ ਪਤਾ ਨਹੀਂ। ਉਸ ਨੇ ਕਦੀ ਉਸ ਨੂੰ ਮੁੜਦੀ ਨੂੰ ਨਹੀਂ ਦੇਖਿਆ। ਸ਼ਾਇਦ ਕਿਸੇ ਹੋਰ ਰਾਹ ਤੋਂ ਚਲੀ ਜਾਂਦੀ ਹੋਵੇ।

ਆਖਰੀ ਨਵੰਬਰ ਦੀ ਇਹ ਇਕ ਉਦਾਸ ਜਿਹੀ ਸ਼ਾਮ ਸੀ। ਆਕਾਸ਼ 'ਤੇ ਕਿਤੇ-ਕਿਤੇ ਤਿੱਤਰ-ਖੰਭੀਆਂ ਬੱਦਲ਼ੀਆਂ ਛਾਈਆਂ ਹੋਈਆਂ ਸਨ। ਖੇਤਾਂ 'ਚ ਪਰਾਲ਼ੀ ਸਾੜਨ ਕਰਕੇ ਚੜ੍ਹਿਆ ਧੂੰਆਂ, ਮਿੱਟੀ-ਘੱਟੇ ਨਾਲ ਰਲ਼ ਹਵਾ 'ਚ ਰਚਿਆ ਹੋਇਆ ਸੀ। ਇਹਨਾਂ ਦਿਨਾਂ 'ਚ ਠਰ ਆਮ ਕਰਕੇ ਬਹੁਤੀ ਨਹੀਂ ਹੁੰਦੀ, ਪਰ ਧੂੰਏਂ, ਮਿੱਟੀ-ਘੱਟੇ ਤੇ ਬੱਦਲ਼ੀਆਂ ਦੇ ਰਲ਼ਗੱਡ 'ਚ ਧੁੱਪ ਦੀਆਂ ਕਿਰਨਾਂ ਧਰਤੀ ਤਕ ਪੁੱਜਦੀਆਂ ਨਾ। ਸਾਰਾ ਦਿਨ ਮਟਮੈਲਾ ਜਿਹਾ ਰਹਿੰਦਾ। ਇਹ ਵੀ ਨਹੀਂ ਕਿ ਸੂਰਜ ਦਿਸਦਾ ਹੀ ਨਾ ਹੋਵੇ, ਤੇ ਇਹ ਵੀ ਨਹੀਂ ਕਿ ਦਿਨ ਧੁੱਪ 'ਚ ਨਹਾਤਾ ਹੋਵੇ। ਇਸ ਮਟਮੈਲ਼ੇ ਧੁੰਦਲਕੇ 'ਚ ਉਸਦਾ ਸਰੀਰ ਖੁੱਲ੍ਹਦਾ ਨਾ। ਅਕਤੂਬਰ ਦੇ ਅਖੀਰ ਤੋਂ ਜਿਹੜਾ ਦਮੇ ਨੇ ਜ਼ੋਰ ਫੜਿਆ ਸੀ, ਉਹ ਵੀ ਅਜੇ ਕਾਬੂ ਹੇਠ ਨਹੀਂ ਸੀ ਆਇਆ। ਕਈ ਵਾਰ ਤਾਂ ਅੱਧਾ-ਅੱਧਾ ਘੰਟਾ ਖੰਘਦਾ ਰਹਿੰਦਾ। ਇਕੱਲਾ, ਆਪਣੇ ਆਪ ਨਾਲ ਲੱਗਾ। ਲੱਗਦਾ, ਹੁਣ ਸਾਹ ਨਹੀਂ ਮੁੜਨਾ। ਦਲਜੀਤ ਨੇ ਇਕ ਵੈਦ ਤੋਂ ਦੁਆਈ ਤਾਂ ਲਿਆ ਕੇ ਦਿੱਤੀ ਸੀ, ਸਵੇਰ-ਸ਼ਾਮ ਪੀਣ ਲਈ ਇਕ-ਇਕ ਚਮਚ ਤੇ ਰਾਤ ਨੂੰ ਸੌਣ ਵੇਲੇ ਗਰਮ ਪਾਣੀ ਨਾਲ ਇਕ ਪੁੜੀ, ਪਰ ਅਜੇ ਕੋਈ ਫਰਕ ਨਹੀਂ ਸੀ ਪਿਆ। ਵੈਦ ਦੀ ਸਖਤ ਹਦਾਇਤ ਸੀ, 'ਉਤਰਦੀ ਇਸ ਠੰਢ ਤੋਂ ਹਰ ਹਾਲਤ 'ਚ ਬਚਾਅ ਕੇ ਰੱਖਣਾ ਹੈ ਆਪਣੇ ਆਪ ਨੂੰ... ਖਾਸ ਕਰਕੇ ਸਵੇਰੇ-ਸ਼ਾਮ...ਜੇ ਇਹ ਹੁਣ ਕਾਬੂ ਨਾ ਆਇਆ ਤਾਂ ਭਰ ਸਿਆਲ਼ 'ਚ ਬਹੁਤ ਔਖਾ ਕਰੇਗਾ।'

ਛੱਤ 'ਤੇ ਖੜ੍ਹੇ ਨੂੰ ਅਜੇ ਬਹੁਤਾ ਚਿਰ ਨਹੀਂ ਸੀ ਹੋਇਆ ਕਿ ਮਾੜੀ-ਮਾੜੀ ਹਵਾ ਵਗਣ ਲੱਗੀ। ਉਸ ਨੂੰ ਠੰਢ ਨਾਲ ਝੁਣਝੁਣੀ ਜਿਹੀ ਚੜ੍ਹਨ ਲੱਗੀ ਤਾਂ ਉਹ ਮੁੜ ਅੰਦਰ ਆ ਕੇ ਮੰਜੇ 'ਤੇ ਪੈ ਗਿਆ, ਭਾਵੇਂ ਦਰਵਾਜ਼ਾ ਨਾ ਭੇੜਿਆ। ਉੱਪਰ ਲੱਤਾਂ ਤਕ ਕੰਬਲ ਕਰ ਲਿਆ, ਜਿਸ 'ਚੋਂ ਉੱਠ ਕੇ ਬਾਹਰ ਨਿਕਲਿਆ ਸੀ। ਕੁਝ ਚਿਰ ਉਂਝ ਹੀ ਟੇਢਾ ਪਿਆ ਸੁੰਨੀਆਂ-ਸੁੰਨੀਆਂ ਅੱਖਾਂ ਨਾਲ ਦਰਵਾਜ਼ੇ 'ਚੋਂ ਬਾਹਰ ਦਿਸਦੇ ਆਕਾਸ਼ ਦੇ ਟੋਟੇ ਨੂੰ ਘੂਰਦਾ ਰਿਹਾ। ਫਿਰ ਸਿਰਹਾਣੇ ਹੇਠੋਂ ਘਸਮੈਲ਼ਾ ਜਿਹਾ ਸ਼ੀਸ਼ਾ ਕੱਢਿਆ ਤੇ ਉਸ 'ਚੋਂ ਆਪਣਾ ਚਿਹਰਾ ਦੇਖਣ ਲੱਗਾ। ਫੁੱਲੀਆਂ ਹੋਈਆਂ ਗੱਲ੍ਹਾਂ, ਅੰਦਰ ਧਸ ਚੁੱਕੀਆਂ ਅੱਖਾਂ, ਖਰ੍ਹਵੀ ਜਿਹੀ ਚਮੜੀ, ਵਧੀ ਹੋਈ ਦਾੜ੍ਹੀ ਤੇ ਸਿਰ ਦੇ ਵਾਲ਼। ਉਸ ਨੂੰ ਆਪਣਾ ਆਪ, ਆਪਣਾ ਹੀ ਪਿੰਜਰ ਬਣ ਗਿਆ ਲੱਗਿਆ! ਕੋਈ ਚਾਅ ਨਹੀਂ ਸੀ ਚਿਹਰੇ 'ਤੇ। ਕੋਈ ਸੁਪਨਾ ਨਹੀਂ ਸੀ ਅੱਖਾਂ 'ਚ। ਅੱਠ-ਨੌਂ ਦਿਨ ਹੋ ਗਏ ਸਨ ਸ਼ੇਵ ਕੀਤਿਆਂ, ਤਿੰਨ ਦਿਨਾਂ ਤੋਂ ਨਹਾਤਾ ਵੀ ਨਹੀਂ ਸੀ। ਕਈ ਵਾਰ ਕਿੰਨੇ-ਕਿੰਨੇ ਦਿਨ ਲੰਘ ਜਾਂਦੇ ਸਨ ਕਿਸੇ ਨਾਲ ਗੱਲ ਕੀਤਿਆਂ। ਸਵੇਰੇ-ਸ਼ਾਮ ਦਲਜੀਤ ਉੱਪਰ ਹੀ ਰੋਟੀ-ਪਾਣੀ ਫੜਾ ਜਾਂਦਾ। ਉਸ ਵੇਲ਼ੇ ਉਹ ਕਦੀ-ਕਦੀ ਪੁੱਛ ਲੈਂਦਾ, "ਹੁਣ ਹਾਲ ਕਿਵੇਂ ਹੈ?"

"ਠੀਕ ਹੈ," ਰਟਿਆ-ਰਟਾਇਆ ਸਵਾਲ ਤੇ ਰਟਿਆ-ਰਟਾਇਆ ਜਵਾਬ। ਮੋਬਾਇਲ

ਸਟੂਲ ’ਤੇ ਪਿਆ ਹੁੰਦਾ ਪਰ ਉਸ ’ਤੇ ਬਹੁਤ ਹੀ ਘੱਟ ਕੋਈ ਕਾਲ ਆਉਂਦੀ। ਕਈ ਵਾਰ ਤਾਂ ਹਫਤਾ-ਹਫਤਾ ਚੁੱਪ ਰਹਿੰਦਾ, ਉਸ ਵਾਂਗ; ਸਿਵਾਏ ਕੰਪਨੀਆਂ ਦੇ ਮਸ਼ਹੂਰੀਆਂ ਵਾਲੇ ਬਿਜਲਈ-ਸੁਨੇਹਿਆਂ ਜਾਂ ਕਿਸੇ ਗ਼ਲਤ ਕਾਲ ਦੇ। ਮਹੀਨੇ ’ਚ ਇਕ ਅੱਧੀ ਵਾਰ ਰੁਪਿੰਦਰ ਦਾ ਫੋਨ ਆਉਂਦਾ, ਪਰ ਉਸ ਨਾਲ ਵੀ ਉਹ ‘ਸਭ ਠੀਕ ਹੈ’ ਤਕ ਸੀਮਤ ਰਹਿੰਦਾ। ਆਪਣੇ ਮਨ ਦੀ ਕੋਈ ਗੱਲ ਉਸ ਨਾਲ ਸਾਂਝੀ ਨਾ ਕਰਦਾ। ‘ਆਪ ਤਾਂ ਦੁਖੀ ਹਾਂ ਹੀ, ਉਸ ਨੂੰ ਵੀ ਕਾਹਨੂੰ ਪਰੇਸ਼ਾਨ ਕਰਨਾ!’ ਸੋਚ ਉਹ ‘ਸਭ ਅੱਛਾ’ ਦੀ ਸੁਰ ਰੱਖਦਾ। ਉਹ ਵੀ ਅੱਗੋਂ ਜ਼ੋਰ ਦੇ ਕੇ ਨਾ ਪੁੱਛਦੀ, ਹਾਲਾਂਕਿ ਉਸਨੂੰ ਉਸਦੀ ਹਾਲਤ ਦਾ ਕੁਝ-ਕੁਝ ਅਹਿਸਾਸ ਸੀ, ਪਰ ਉਸ ਦੀਆਂ ਆਪਣੀਆਂ ਸੀਮਾਵਾਂ ਸਨ। ਸਹੁਰੇ ਘਰੋਂ ਆ ਕੇ ਉਹ ਉਸ ਲਈ ਕਰ ਵੀ ਕੀ ਸਕਦੀ ਸੀ!

ਬੇ-ਰੰਗ ਜਿਹੀ ਹੋ ਗਈ ਇਸ ਜ਼ਿੰਦਗੀ ’ਚ ਬਸ ਇਕ ਹੀ ਆਸ ਕਦੀ-ਕਦੀ ਸਹਿਕਦੀ ਸੀ, ਉਸ ਕੁੜੀ ਨੂੰ ਤੱਕਣ ਦੀ। ਰੇਲਵੇ ਲਾਈਨ ਦੇ ਸਲੀਪਰਾਂ ‘ਤੇ ਮਿਣਵੇਂ ਕਦਮ ਪੁੱਟਦੀ ਆਉਂਦੀ, ਪਰ ਜਿਵੇਂ ਪੱਬ ਧਰਤੀ ’ਤੇ ਨਾ ਲੱਗ ਰਹੇ ਹੋਣ, ਥਿਰਕਦਾ ਅੰਗ-ਅੰਗ। ਬੁੱਲ੍ਹਾਂ ’ਤੇ ਖਿੜੀ ਹੋਈ ਮੋਹਕ ਮੁਸਕਾਣ। ਆਪਣੇ ਆਪ ’ਚ ਗੁਆਚੀ , ਆਪਣੇ ਸੁਪਨਿਆਂ ਨੂੰ ਉਣਦੀ। ਉਸ ਨੇ ਸਾਲ ਕੁ ਪਹਿਲਾਂ ਦੇਖਿਆ ਸੀ ਉਸ ਨੂੰ ਪਹਿਲੀ ਵਾਰ। ਪਹਿਲੀ ਝਲਕ ’ਚ ਉਹ ਉਸ ਨੂੰ ਕੋਈ ਪਰੀ ਲੱਗੀ ਸੀ। ਕਦੀ ਅੱਖਾਂ ਭਰ ਕੇ ਅਗਾਂਹ ਤੱਕਦੀ ਦਿਸਹੱਦਿਆਂ ਵੱਲ ਤੇ ਕਦੀ-ਕਦੀ ਪਿੱਛੇ ਦੀ ਝਾਤ। ਕਿੰਨੇ ਹੀ ਦਿਨ ਤਾਂ ਉਸਨੂੰ ਅਹਿਸਾਸ ਨਾ ਹੋਇਆ ਕਿ ਕੋਈ ਉਸਨੂੰ ਛੱਤ ਤੋਂ ਦੇਖ ਰਿਹਾ ਹੈ। ਰੇਲਵੇ ਲਾਈਨ ਦੇ ਅੱਗੇ-ਪਿੱਛੇ ’ਤੇ ਨਿਗਾਹ ਰੱਖਦੀ ਉਹ ਆਉਂਦੀ, ਛੱਤ ਦੇ ਸਾਹਮਣੇ ਪੁੱਜਦੀ ਤੇ ਫਿਰ ਅਗਾਂਹ ਲੰਘ ਜਾਂਦੀ। ਨਾ ਉਹ ਉੱਪਰ ਵੱਲ ਦੇਖਦੀ, ਨਾ ਉਸ ਨੂੰ ਦੇਖੇ ਜਾਣ ਦਾ ਅਹਿਸਾਸ ਸੀ। ਆਪਣੇ ਆਪ ’ਚ ਗੁਆਚੀ, ਦੇਖੇ ਜਾਣ ਦੇ ਅਹਿਸਾਸ ਤੋਂ ਬੇਖਬਰ ਜਵਾਨੀ ਨੂੰ ਦੇਖਣਾ ਸੱਚਮੁੱਚ ਹੀ ਸੁਪਨਈ ਜਿਹਾ ਹੁੰਦਾ। ਕਿੰਨੇ ਦਿਨ ਇੰਝ ਹੀ ਚੱਲਦਾ ਰਿਹਾ।

ਇਹ ਤਾਂ ਪੱਕ ਸੀ ਉਹ ਇਸ ਕਾਲੋਨੀ ਦੀ ਨਹੀਂ। ਪਿੱਛੇ ਕਲੋਨੀ ਨਾਲ ਦੇ ਪਿੰਡ ’ਚੋਂ ਆਉਂਦੀ ਸੀ ਸ਼ਾਇਦ। ਉਸਨੂੰ ਦੇਖਦਿਆਂ ਕਿੰਨੇ ਹੀ ਸਵਾਲ ਉਸ ਦੇ ਜ਼ਿਹਨ ’ਚ ਸੁਲਘਦੇ ਰਹਿੰਦੇ। ਫਿਰ ਤਾਂ ਉਸ ਨੂੰ ਜਿਵੇਂ ਉਸ ਦੀ ਉਡੀਕ ਜਿਹੀ ਰਹਿਣ ਲੱਗੀ। ਅੱਠ, ਸਵਾ ਅੱਠ ਦੇ ਆਸਪਾਸ ਹੀ ਉਹ ਛੱਤ ਦੇ ਪਿਛਲੇ ਪਾਸੇ ਗੇੜੇ ਕੱਢਣ ਲੱਗਦਾ। ਉਸ ਨੂੰ ਲੱਗਦਾ ਉਹ ਹੁਣ ਵੀ ਆਈ, ਹੁਣ ਵੀ ਆਈ! ਕਿਤੇ ਬਿਨਾਂ ਤੱਕਿਆਂ ਹੀ ਨਾ ਲੰਘ ਜਾਵੇ, ਹਾਲਾਂਕਿ ਉਹ ਨੌਂ ਵਜੇ ਤੋਂ ਬਾਅਦ ਹੀ ਆਉਂਦੀ ਸੀ।

ਹੌਲ਼ੀ-ਹੌਲ਼ੀ ਸਮਝ ਆਉਣ ਲੱਗੀ, ਉਹ ਕਾਲੋਨੀ ਦੇ ਘਰਾਂ ’ਚ ਸ਼ਾਇਦ ਸਫਾਈ ਵਗੈਰਾ ਦਾ ਕੰਮ ਕਰਦੀ ਹੈ! ਉਸ ਦੇ ਕੱਪੜੇ ਬੇ-ਮੇਚ ਦਿਸਣ ਲੱਗੇ, ਅੱਧੋਰਾਣੇ ਜਿਹੇ। ਸ਼ਾਇਦ ਜਿਨ੍ਹਾਂ ਘਰਾਂ ’ਚ ਕੰਮ ਕਰਦੀ ਸੀ, ਉਹਨਾਂ ਤੋਂ ਮਿਲੇ ਉਤਾਰ। ਪਰ ਉਹਨਾਂ ਨੂੰ ਪਾਉਣ ਦਾ ਸਲੀਕਾ ਜਾਂ ਚੜ੍ਹਦੀ ਜਵਾਨੀ ਦੇ ਮਘਦੇ ਹੋਏ ਸੇਕ ਤੇ ਥਿਰਕਣ ਕਰਕੇ, ਉਹ ਉਸਦੇ ਜਿਸਮ ’ਤੇ ਫੱਬ ਜਾਂਦੇ। ਉਹ ਮੋਢੇ ਤੋਂ ਲੱਕ ਤਕ ਚੁੰਨੀ ਵੀ ਸ਼ਾਇਦ ਇਸੇ ਲਈ ਲਪੇਟ ਕੇ ਰੱਖਦੀ ਸੀ ਕਿ ਕੱਪੜਿਆਂ ਦਾ ਬੇ-ਮੇਚਪੁਣਾ ਲੁਕ ਜਾਵੇ। ਇੰਝ ਪ੍ਰਭਾਵ ਪੈਂਦਾ ਜਿਵੇਂ ਸੁੰਦਰਤਾ ਮੁਕਾਬਲੇ ਦੇ ਰੈਂਪ ’ਤੇ ਤੁਰਨ ਲਈ ਜਾ ਰਹੀ ਹੋਵੇ!

ਉਹ ਕਿਸੇ ਨਾ ਕਿਸੇ ਬਹਾਨੇ ਛੱਤ ’ਤੇ ਨਿਕਲ ਪਿਛਲੇ ਪਾਸੇ ਦੀ ਬਾਊਂਡਰੀ ਕੋਲ਼ ਉਸ ਨੂੰ ਤੱਕਣ ਲਈ ਨਿਗਾਹਾਂ ਵਿਛਾਈ ਰੱਖਦਾ, ਪਰ ਇੰਝ ਕਿ ਕੋਈ ਦੇਖੇ ਤਾਂ ਸਮਝੇ ਕਿ ਉਹ ਟਹਿਲ ਰਿਹਾ ਹੈ ਜਾਂ ਪੰਛੀਆਂ ਨੂੰ ਰੋਟੀ ਭੋਰ-ਭੋਰ ਕੇ ਚੋਗਾ ਪਾ ਰਿਹਾ। ਕੁੜੀ ਵੱਲੋਂ ਦੇਖੇ ਜਾਣ ਨਾਲੋਂ ਬਹੁਤਾ ਡਰ, ਉਸ ਨੂੰ ਨੂੰਹ-ਪੁੱਤ ਵੱਲੋਂ ਦੇਖੇ ਜਾਣ ਦਾ ਹੁੰਦਾ। ਕਿਤੇ ਉਹਨਾਂ ਨੂੰ ਸ਼ੱਕ ਪੈ ਗਿਆ ਤਾਂ ਉਸ ਦਾ ਜੀਣਾ ਹੋਰ ਵੀ ਹਰਾਮ ਹੋ ਜਾਣਾ ਸੀ! ਦਲਜੀਤ ਤਾਂ ਪਹਿਲਾਂ ਹੀ ਮਨ ’ਚ ਬਹੁਤ ਸਾਰੀਆਂ ਨਿੱਕੀਆਂ-ਨਿੱਕੀਆਂ ਗੰਢਾਂ ਲੈ ਕੇ ਬੈਠਾ ਹੋਇਆ ਸੀ : ‘ਹਰ ਸ਼ਾਮ ਨੂੰ ਬੋਤਲ ਫੜ ਕੇ ਬਹਿ ਜਾਂਦੇ ਸੀ

’ਹਾਤੇ ’ਚ ...ਉਦੋਂ ਨਹੀਂ ਸੀ ਲੱਗਦਾ ਕਿ ਕੁਝ ਬਚਾ ਕੇ ਰੱਖਣਾ ਚਾਹੀਦਾ!’

‘ਬਾਹਰ ਦੀਆਂ ਤੀਵੀਆਂ ਦੇ ਚਸਕੇ ਨੇ ਘਰ ਉਜਾੜ ਦਿੱਤਾ...ਸਾਨੂੰ ਨਾ ਜੀਊਣ ਜੋਗੇ ਕੀਤਾ, ਨਾ ਮਰਨ ਜੋਗੇ ਛੱਡਿਆ।’ ਹਾਲਤਾਂ ਦਾ ਭੰਨਿਆਂ ਉਹ ਕਦੀ-ਕਦੀ ਉਸ ਦੇ ਗਲ਼ ਪੈਣ ਨੂੰ ਕਰਦਾ, ਪਰ ਉਹ ਅੱਗੋਂ ਚੁੱਪ ਰਹਿੰਦਾ। ਕੀ ਕਹੇ ਵਿਆਹੇ-ਵਰੇ ਪੁੱਤ ਨੂੰ! ਇਹਨਾਂ ਗੱਲਾਂ ’ਚ ਕੁਝ ਸੱਚ ਸੀ ਵੀ ਪਰ ਬਹੁਤਾ ਸੁਖਬੀਰ ਦਾ ਕੂੜ-ਪਾਸਾਰਾ, ਜਿਹੜਾ ਬਚਪਨ ਤੋਂ ਹੀ ਉਹਨਾਂ ਦੇ ਮਨ ’ਚ ਭਰਦਾ ਰਿਹਾ ਸੀ। ਸੁਖਬੀਰ ਦੀਆਂ ਆਪਣੀਆਂ ਫਰੱਸਟਰੇਸ਼ਨ ਸਨ, ਜਿਹੜੀਆਂ ਉਹ ਸਾਰੀ ਉਮਰ ਉਸ ’ਤੇ, ਪਰ ਬੱਚਿਆਂ ਰਾਹੀਂ ਕੱਢਦੀ ਰਹੀ।

ਕਦੀ-ਕਦੀ ਉਸ ਨੂੰ ਨੂੰਹ-ਪੁੱਤ ’ਤੇ ਤਰਸ ਵੀ ਆਉਂਦਾ। ਹਿੰਮਤੀ ਹਨ ਜਿਹੜੇ ਗੱਡੀ ਖਿੱਚੀ ਜਾਂਦੇ ਹਨ। ਸਵੇਰੇ ਛੇ, ਸਵਾ ਛੇ ਦੇ ਉੱਠੇ ਰਾਤੀਂ ਗਿਆਰਾਂ ਵਜੇ ਤਕ ਸਾਹ ਨਹੀਂ ਲੈਂਦੇ। ਪਹਿਲਾਂ ਤਾਂ ਦਲਜੀਤ ਦੀ ਨੌਕਰੀ ਕੁਝ ਠੀਕ ਸੀ, ਪਰ ਨੋਟਬੰਦੀ ਤੋਂ ਪਿੱਛੋਂ ਉਸ ਦੀ ਕੰਪਨੀ ਦਾ ਜਿਵੇਂ ਸਾਹ ਹੀ ਨਿਕਲ ਗਿਆ ਸੀ। ਅੱਧਿਓਂ ਵੱਧ ਵਰਕਰ ਕੰਪਨੀ ਨੇ ਕੱਢ ਦਿੱਤੇ, ਆਰਡਰ ਵੀ ਪਹਿਲਾਂ ਤੋਂ ਕਾਫੀ ਘਟ ਗਏ ਸਨ ਪਰ ਅਜੇ ਰਿੜ੍ਹੀ ਜਾ ਰਹੀ ਸੀ ਔਖੀ-ਸੌਖੀ। ਘਰ ’ਚ ਉਹਨਾਂ ਦੋਹਾਂ ਮੀਆਂ-ਬੀਵੀ ਦੇ ਇਸ ਗੱਲੋਂ ਸਾਹ ਸੁੱਕੇ ਰਹਿੰਦੇ ਕਿ ਜੇ ਇਹ ਬੰਦ ਹੋ ਗਈ ਤਾਂ ਕੀ ਬਣੇਗਾ। ਪਿਛਲੇ ਦੋ ਸਾਲਾਂ ਤੋਂ ਉਸ ਦੀ ਤਨਖਾਹ ਵਧਣ ਦੀ ਬਜਾਏ ਵੀਹ ਹਜ਼ਾਰ ਤੋਂ ਘਟ ਕੇ ਸਤਾਰਾਂ ਹਜ਼ਾਰ ’ਤੇ ਆ ਗਈ ਸੀ। ਉਹ ਵੀ ਨਿਸ਼ਚਿਤ ਨਾ ਹੁੰਦੀ ਕਿ ਕਦੋਂ ਮਿਲਣੀ ਹੈ? ਜੇ ਕੋਈ ਰਤਾ ਚੂੰਅ-ਪੀਂਅ ਕਰਦਾ ਤਾਂ ਮਾਲਕਾਂ ਦਾ ਬੜਾ ਰੁੱਖਾ ਜੁਆਬ ਹੁੰਦਾ, ‘ਜਿਸ ਨੂੰ ਜਿੱਥੇ ਹੋਰ ਕੰਮ ਮਿਲਦਾ, ਛੱਡ ਕੇ ਜਾ ਸਕਦਾ! ਨਾ ਅਸੀਂ ਇਸ ਤੋਂ ਵੱਧ ਦੇ ਸਕਦੇ ਹਾਂ ਤੇ ਨਾ ਸਮੇਂ ਸਿਰ ਦੀ ਗਾਰੰਟੀ!’ ਉਂਝ ਵੀ ਇਸ ਨੱਟ-ਬੋਲਟ ਬਣਾਉਣ ਵਾਲੀ ਕੰਪਨੀ ’ਚੋਂ ਮਾਲਕਾਂ ਦੀ ਦਿਲਚਸਪੀ ਘਟੀ ਜਾਂਦੀ ਸੀ। ਉਹਨਾਂ ਦਾ ਬਹੁਤਾ ਧਿਆਨ ਤਾਂ ਮਾਡਲ ਟਾਊਨ ’ਚ ਉਸਾਰੀ ਗਈ ਮਹਿੰਗੀ ਬਾਰ ਤੇ ਰੈਸਟੋਰੈਂਟ ’ਤੇ ਹੋ ਗਿਆ ਸੀ। ਉਸ ਦੇ ਮੂਹਰੇ ਕਾਰਾਂ ਨੂੰ ਪਾਰਕਿੰਗ ਲਈ ਥਾਂ ਨਾ ਲੱਭਦੀ, ਇੰਝ ਭੀੜ ਜੁੜੀ ਰਹਿੰਦੀ।

ਪਹਿਲਾਂ ਉਹ ਵੀ ਇਸੇ ਕੰਪਨੀ ’ਚ ਹੁੰਦਾ ਸੀ ਤੇ ਰਿਟਾਇਰਮੈਂਟ ਤੋਂ ਪਹਿਲਾਂ, ਮਾਲਕਾਂ ਦਾ ਮਿੰਨਤ-ਤਰਲਾ ਕਰ ਦਲਜੀਤ ਨੂੰ ਇਸ ’ਚ ਰਖਾ ਦਿੱਤਾ। ਉਸ ਦਾ ਕੰਮ ਹੁੰਦਾ ਸੀ ਬਾਹਰੋਂ ਆਰਡਰ ਲੈਣੇ, ਉਗਰਾਹੀ ਕਰਨੀ ਤੇ ਕੰਪਨੀ ਦੀਆਂ ਨਵੀਆਂ ਸਕੀਮਾਂ ਡੀਲਰਾਂ ਨੂੰ ਸਮਝਾਉਣੀਆਂ। ਉਹ ਤੇ ਕਰਨ ਬਾਤਿਸ਼ ਦੋਹਾਂ ਨੇ ਅੱਧੇ ਦਿਨ ਦਫਤਰ ’ਚ ਬਹਿ ਕੇ ਹਿਸਾਬ-ਕਿਤਾਬ ਕਰਨਾ ਹੁੰਦਾ ਤੇ ਅੱਧੇ ਦਿਨ ਬਾਹਰ ਟੂਰ ’ਤੇ ਜਾਣਾ। ਕਰਨ ਬਾਹਰ ਟੂਰ ’ਤੇ ਜਾਣ ਤੋਂ ਟਲ਼ਦਾ ਸੀ। ਉਸ ਦੀ ਥਾਂ ਉਹ ਉਸ ਦੇ ਦਫਤਰ ਦੇ ਹਿਸਾਬ-ਕਿਤਾਬ ਕਰ ਦਿੰਦਾ ਤੇ ਉਹ ਉਸ ਦੀ ਥਾਂ ਟੂਰ ’ਤੇ ਜਾਣ ਲਈ ਤਿਆਰ। ਟੀ ਏ, ਡੀ ਏ ਤਾਂ ਕੰਪਨੀ ਵੱਲੋਂ ਮਿਲਣਾ ਹੀ ਹੁੰਦਾ ਸੀ, ਕਿਸੇ ਨਾ ਕਿਸੇ ਸਸਤੇ ਹੋਟਲ ਜਾਂ ਧਰਮਸ਼ਾਲਾ ’ਚ ਰਹਿਣ ਦਾ ਬੰਦੋਬਸਤ ਵੀ ਹੁੰਦਾ। ਸ਼ਰਾਬ ਜੋਗੇ ਪੈਸੇ ਉਹ ਕਿਸੇ ਨਾ ਕਿਸੇ ਬਿੱਲ ’ਚੋਂ ਇਧਰ-ਉਧਰ ਕਰ ਲੈਂਦਾ ਤੇ ਕਦੀ ਕਿਸੇ ਬਾਜ਼ਾਰੂ ਔਰਤ ਦਾ ਪ੍ਰਬੰਧ ਵੀ। ਇਸ ਗੱਲ ਦਾ ਕਿਤੇ ਇਕ ਅੱਧੀ ਵਾਰ ਘਰ ’ਚ ਸੁਖਬੀਰ ਨੂੰ ਪਤਾ ਲੱਗਾ ਸੀ। ਬਸ ਫਿਰ ਇਹ ਸੁਖਬੀਰ ਨੇ ਪੱਕੇ ਤੌਰ ’ਤੇ ਹੀ ਉਸ ਨਾਲ ਜੋੜ ਦਿੱਤਾ, ਤੇ ਅਗਾਂਹ ਬੱਚਿਆਂ ਦੇ ਮਨਾਂ ’ਚ ਵੀ ਗੰਢਾਂ ਬਣਦੀਆਂ ਗਈਆਂ।

ਦੋਵੇਂ ਬੱਚਿਆਂ ਦੇ ਵਿਆਹ ਸੁਖਬੀਰ ਆਪਣੇ ਜੀਂਦੇ-ਜੀਅ, ਆਪਣੇ ਹੱਥੀਂ ਕਰ ਗਈ ਸੀ। ਰੁਪਿੰਦਰ ਆਪਣੇ ਘਰ ਖੁਸ਼ ਸੀ। ਸੁਖਬੀਰ ਦੀ ਮੌਤ ਤੋਂ ਪਿੱਛੋਂ ਕਿਤੇ ਵਰ੍ਹੇ-ਛਿਮਾਹੀ ਗੇੜਾ ਮਾਰਦੀ ਤਾਂ ਉਹ ਸਿਰ ’ਤੇ ਹੱਥ ਰੱਖ ਪਿਆਰ ਦੇਣ ਤੋਂ ਬਿਨਾਂ ਕੁਝ ਨਾ ਕਰ ਸਕਦਾ। ਉਸ ਦੇ ਆਇਆਂ ਚਰਨਜੀਤ ਦੇ ਮੱਥੇ ਦੇ ਵੱਟ ਸਿੱਧੇ ਨਾ ਹੁੰਦੇ। ‘ਮੈਂ ਤਾਂ ਨਦੀ ਕਿਨਾਰੇ ਰੁੱਖੜਾ ਹਾਂ। ਇਹਨਾਂ ਮਿਲਣਾ-ਵਰਤਣਾ ਹੈ, ਦੇਖਣ ਕੀ ਕਰਨਾ!’ ਉਹ ਮਨ ਹੀ ਮਨ ਸੋਚ ਕੇ ਰਹਿ ਜਾਂਦਾ। ਉਂਝ ਸੋਚਣ ਤੋਂ

ਬਿਨਾਂ ਉਸ ਦੇ ਪੱਲੇ ਸੀ ਹੀ ਕੀ! ਰਾਤ ਦਿਨ ਸੋਚਣਾ। ਨੀਂਦ ਉਸ ਨੂੰ ਘੱਟ ਹੀ ਆਉਂਦੀ ਸੀ। ਕਦੀ ਸਾਹ ਉਖੜ ਗਿਆ, ਕਦੀ ਹੁਥੂੰ ਛਿੜ ਗਿਆ, ਕਦੀ ਲੱਤ 'ਚ ਚੀਸ ਪੈਣ ਲੱਗਦੀ। ਸਾਰਾ-ਸਾਰਾ ਦਿਨ ਬਿਨਾਂ ਕਿਸੇ ਨਾਲ ਬੋਲ ਸਾਂਝੇ ਕੀਤਿਆਂ ਨਿਕਲ ਜਾਂਦਾ ਜਾਂ ਛੱਤ 'ਤੇ ਪੰਛੀਆਂ ਨੂੰ ਬਚੀ ਹੋਈ ਰੋਟੀ ਭੋਰ-ਭੋਰ ਕੇ ਸੁਟਦਿਆਂ। ਉਸ ਨੂੰ ਖਾਣ ਲਈ ਆਉਂਦੀਆਂ ਚਿੜੀਆਂ, ਕਾਂ, ਤੋਤੇ, ਸੈਰਕਾਂ। ਰੋਟੀ ਦਾ ਚੂਰ-ਭੂਰ ਛੱਤ 'ਤੇ ਖਿਲਾਰ ਕੇ ਉਹ ਆਪ ਅੰਦਰ ਆ ਮੰਜੇ 'ਤੇ ਬਹਿ ਜਾਂਦਾ ਤੇ ਉਹਨਾਂ ਨੂੰ ਦੇਖਦਾ ਰਹਿੰਦਾ। ਉਹਨਾ ਦੀ ਆਪਸੀ ਲੜਾਈ ਵੀ। ਉਹਨਾਂ ਵੱਲ ਦੇਖਦਿਆਂ ਉਸ ਦੇ ਮਨ 'ਚ ਆਉਂਦਾ, 'ਰੱਬਾ ਹੁਣ ਮੈਨੂੰ ਚੁੱਕ ਲੈ!' ਭਾਰ ਬਣ ਕੇ ਜੀਉਣਾ ਉਸ ਨੂੰ ਬੜਾ ਔਖਾ ਲੱਗ ਰਿਹਾ ਸੀ। ਭਾਵੇਂ ਪਰੇਸ਼ਾਨੀਆਂ 'ਚ ਤਾਂ ਸਾਰੀ ਜ਼ਿੰਦਗੀ ਹੀ ਰਿਹਾ ਸੀ, ਪਰ ਪੰਜ ਸਾਲ ਪਹਿਲਾਂ ਵਾਪਰੇ ਹਾਦਸੇ ਨੇ ਉਸ ਨੂੰ ਜਿਵੇਂ ਜੂੜ ਕੇ ਹੀ ਸੁੱਟ ਦਿੱਤਾ ਸੀ। ਜੁੜ ਕੇ ਰਹਿ ਗਿਆ ਸੀ ਉਹ ਘਰ, ਮੰਜੇ ਨਾਲ...

...ਉਹ ਕਾਲੋਨੀ ਦੀ ਗ਼ਲੀ 'ਚੋਂ ਸੜਕ 'ਤੇ ਚੜ੍ਹਨ ਲੱਗਿਆ ਸੀ ਜਦੋਂ ਅੰਨ੍ਹੇਵਾਹ ਬਾਈਕ ਭਜਾਉਂਦੇ ਆ ਰਹੇ ਮੁੰਡੇ ਨੇ ਗ਼ਲਤ ਪਾਸੇ ਤੋਂ ਆ ਕੇ ਉਸ 'ਚ ਲਿਆ ਮਾਰਿਆ। ਬਾਈਕ ਜਿੱਥੇ ਲੱਤ 'ਚ ਵੱਜੀ, ਉੱਥੋਂ ਦੋ ਥਾਵਾਂ ਤੋਂ ਹੱਡੀ ਟੁੱਟ ਗਈ। ਆਸੇ-ਪਾਸੇ ਦੇ ਦੁਕਾਨਦਾਰ, ਮੁਹੱਲੇਦਾਰੀ ਕਰਕੇ ਕੁਝ ਜਾਣੂ ਸਨ, ਜਿਨ੍ਹਾਂ ਨੇ ਮੋਟਰ ਸਾਈਕਲ ਵਾਲੇ ਨੂੰ ਘੇਰ ਲਿਆ ਤੇ ਉਸ ਨੂੰ ਚੁੱਕ ਹਸਪਤਾਲ ਪਹੁੰਚਾਇਆ। ਨਾਲ ਹੀ ਉਸ ਦੇ ਮੁੰਡੇ ਨੂੰ ਫੋਨ ਕਰ ਦਿੱਤਾ।

ਪੰਜ ਦਿਨ ਰਿਹਾ ਸੀ ਉਹ ਹਸਪਤਾਲ, ਲੱਤ ਸਿੱਧੀ ਕਰਕੇ ਉਸ 'ਚ ਰਾਡ ਪਾਉਣ ਤਕ। ਉਪਰ ਪਲੱਸਤਰ ਲਾ ਦਿੱਤਾ ਗਿਆ। ਉਹ ਖਰਚਾ ਤਾਂ ਵਿਚ ਪਏ ਮੋਹਤਬਰਾਂ ਨੇ ਬਾਈਕ ਵਾਲੇ ਮੁੰਡੇ ਸਿਰ ਪਾ ਦਿੱਤਾ, ਪਰ ਬਾਕੀ ਜਿਹੜੀਆਂ ਚਾਰ-ਪੰਜ ਮਹੀਨੇ ਦੁਆਈਆਂ ਚੱਲੀਆਂ, ਕਦੇ ਪਲਸਤਰ ਤੁੜਵਾਓ, ਕਦੀ ਮੁੜ ਲੁਆਓ, ਐਕਸਰੇ! ਇਸ 'ਚ ਪਰਿਵਾਰ ਬੁਰੀ ਤਰ੍ਹਾਂ ਪਿਸਿਆ। ਤਕਲੀਫ ਤਾਂ ਜਰੀ ਹੀ, ਨਾਲ ਹੀ ਉਸ ਦੀ ਘਰ-ਬੰਦੀ ਸ਼ੁਰੂ ਹੋ ਗਈ। ਉਸ ਦਾ ਪਾਰਕ ਤਕ ਜਾਣਾ ਵੀ ਬੰਦ ਹੋ ਗਿਆ ਸੀ, "ਤੁਰ ਹੁੰਦਾ ਨੀ ਤੇ ਤੁਰ ਪੈਂਦੇ ਐ ਸੈਰ ਕਰਨ..ਜੇ ਕਿਤੇ ਉੱਚੇ-ਨੀਵੇਂ ਥਾਂ ਪੈਰ ਪੈ ਕੇ ਮੁੜ ਡਿੱਗ ਪਏ ਜਾਂ ਕਿਤੇ ਵੱਜ ਕੇ ਸੱਟ-ਫੇਟ ਲੱਗ ਗਈ ਤਾਂ ਮੇਰੇ ਕੋਲ਼ ਹੈਨੀ ਹੋਰ ਪੈਸੇ ਲਾਉਣ ਵਾਸਤੇ।" ਦੂਸਰੀ ਵਾਰ ਪਲੱਸਤਰ ਖੁੱਲ੍ਹਿਆ ਤਾਂ ਸੋਟੀ ਆਸਰੇ ਉਸ ਨੂੰ ਬਾਹਰ ਨਿਕਲਦੇ ਨੂੰ ਦੇਖ ਕੇ ਦਲਜੀਤ ਬੜੇ ਰੁੱਖੇ ਅੰਦਾਜ਼ 'ਚ ਉਸ ਨੂੰ ਪੈ ਨਿਕਲਿਆ।

"ਅੰਦਰ ਪੈ-ਪੈ ਕੇ ਮਨ ਅੱਕਿਆ ਪਿਆ..ਸੋਚਿਆ ਰਤਾ ਪਾਰਕ ਤਕ ਘੁੰਮ ਆਵਾਂ।" ਉਸ ਨੇ ਸਰਸਰੀ ਕਿਹਾ, "..ਨਾਲੇ ਡਾਕਟਰ ਵੀ ਕਹਿੰਦਾ ਸੀ, ਜਿੰਨਾ ਤੁਰ ਸਕਦੇ ਹੋ, ਤੁਰਿਆ ਕਰੋ...ਤਾਂ ਹੀ ਲੱਤ ਪੂਰੀ ਤਰ੍ਹਾਂ ਚੱਲਣੀ ਐਂ।"

"ਛੱਤ 'ਤੇ ਨੀ ਘੁੰਮ ਹੁੰਦਾ?" ਉਸ ਦੀ ਆਵਾਜ਼ ਹੋਰ ਕੁਰੱਖਤ ਹੋ ਗਈ ਸੀ, "ਅੱਗੇ ਇਹ ਸੈਰ ਇਕ ਲੱਖ 'ਚ ਪਈ ਐ...ਸਾਰੀਆਂ ਛੁੱਟੀਆਂ ਵੀ ਲੱਗ ਗਈਆਂ।"

ਮੁੜ ਹੌਸਲਾ ਨਾ ਪਿਆ ਉਸ ਦਾ ਬਾਹਰ ਨਿਕਲਣ ਦਾ। ਦਸ ਫੁੱਟ ਜਰਬ ਬਾਰਾਂ ਫੁੱਟ ਦਾ ਕਮਰਾ, ਜਿਹੜਾ ਛੱਤ 'ਤੇ ਸਟੋਰ ਵਜੋਂ ਉਸਾਰਿਆ ਸੀ, ਵਾਧੂ-ਘਾਟੂ ਸਾਮਾਨ ਰੱਖਣ ਲਈ, ਉਹ ਉਸ ਦੇ ਹਿੱਸੇ ਆਇਆ ਹੋਇਆ ਸੀ। ਉਸ 'ਚ ਉਸ ਦਾ ਫੋਲਡਿੰਗ ਮੰਜਾ ਲੱਗਾ ਹੋਇਆ ਸੀ, ਦੋ ਫੋਲਡਿੰਗ ਕੁਰਸੀਆਂ ਤੇ ਇਕ ਛੋਟਾ ਜਿਹਾ ਪਲਾਸਟਿਕ ਦਾ ਸਟੂਲ ਵੀ, ਜਿਸ 'ਤੇ ਉਸ ਦੀਆਂ ਦੁਆਈਆਂ ਪਈਆਂ ਰਹਿੰਦੀਆਂ; ਇਨਹੇਲਰ, ਪਾਣੀ ਦਾ ਜੱਗ, ਗਿਲਾਸ। ਜਿਉਂ ਸੁਖਬੀਰ ਦੀ ਮੌਤ ਹੋਈ, ਉਸ ਦਾ ਮੰਜਾ ਇੱਥੇ ਆ ਗਿਆ ਸੀ...

...ਹੇਠਾਂ ਦੋ ਕਮਰੇ ਸਨ। ਇਕ ਦਲਜੀਤ ਹੁਰਾਂ ਦਾ ਬੈੱਡਰੂਮ ਸੀ ਤੇ ਦੂਸਰੇ 'ਚ ਚਰਨਜੀਤ ਟਿਊਸ਼ਨਾਂ ਪੜ੍ਹਾਉਂਦੀ। ਡਰਾਇੰਗ ਰੂਮ 'ਚ ਬੱਚਿਆਂ ਨੂੰ ਛੱਡਣ ਆਏ ਮਾਪਿਆਂ ਜਾਂ ਕਿਸੇ ਆਏ

ਗਏ ਦੀ ਆਓ-ਗੱਛ ਰਹਿੰਦੀ। ਸਕੂਲੋਂ ਆ ਕੇ ਉਹ ਟਿਊਸ਼ਨਾਂ ਸ਼ੁਰੂ ਕਰ ਲੈਂਦੀ ਸੀ। ਜਿਵੇਂ-ਜਿਵੇਂ ਬੱਚੇ ਆਈ ਜਾਂਦੇ, ਉਹ ਉਹਨਾਂ ਨੂੰ ਪੜ੍ਹਾਈ ਜਾਂਦੀ ਜਾਂ ਇਕ ਤਰ੍ਹਾਂ ਉਹਨਾਂ ਦੇ ਹੋਮ-ਵਰਕ ਕਰਾਈ ਜਾਂਦੀ। ਕਾਲੋਨੀ ਅਜੇ ਵਸੀ ਨਹੀਂ ਸੀ ਚੰਗੀ ਤਰ੍ਹਾਂ, ਜਿਸ ਕਰਕੇ ਬੱਚੇ ਵੀ ਥੋੜ੍ਹੇ ਹੀ ਹੁੰਦੇ। ਪਹਿਲੇ ਸਾਲ ਤਾਂ ਮਸਾਂ ਸੱਤ-ਅੱਠ ਹੀ ਆਏ। ਹੁਣ ਪੰਦਰਾਂ-ਸੋਲਾਂ ਹੋ ਗਏ ਸਨ। ਦੋ ਸ਼ਿਫਟਾਂ 'ਚ ਨੌਂ ਵਜੇ ਤਕ ਉਹਨਾਂ ਨੂੰ ਪੜ੍ਹਾਉਣ 'ਚ ਰੁੱਝੀ ਰਹਿੰਦੀ। ਨਾਲ ਹੀ ਤਨੀਸ਼ਾ ਨੂੰ ਪੜ੍ਹਾਈ ਜਾਂਦੀ।

ਨੌਂ ਕੁ ਵਜੇ ਤੋਂ ਬਾਅਦ ਹੀ ਉਹ ਰੋਟੀ ਬਣਾਉਣੀ ਸ਼ੁਰੂ ਕਰਦੀ ਸੀ। ਚੁੱਪਚਾਪ ਉੱਪਰ ਪਿਆ ਉਹ ਉਡੀਕਦਾ ਰਹਿੰਦਾ, ਕਦੋਂ ਰੋਟੀ ਆਉਂਦੀ ਹੈ। ਉਸ ਦਾ ਕੁਝ ਖਾਣ ਨੂੰ ਜੀਅ ਕਰਦਾ ਉਹ ਜੀਭ ਨੂੰ ਘੁੱਟ ਲੈਂਦਾ। ਦਸ ਕੁ ਵਜੇ ਦੇ ਆਸਪਾਸ ਦਲਜੀਤ ਉਸ ਲਈ ਰੋਟੀ ਲੈ ਕੇ ਆਉਂਦਾ। ਪਲੇਟ 'ਚ ਰੱਖੀਆਂ ਤਿੰਨ ਰੋਟੀਆਂ, ਕੌਲੀ 'ਚ ਦਾਲ਼-ਸਬਜ਼ੀ ਤੇ ਕੋਈ ਇਕ ਅੱਧ ਟੁਕੜਾ ਸਲਾਦ। ਪਾਣੀ ਦਾ ਜੱਗ। ਸਭ ਕੁਝ ਇਕ ਵਾਰ ਹੀ ਫੜਾ ਜਾਂਦਾ। ਜਦੋਂ ਜੀਅ ਕਰੇ ਖਾ ਲਓ, ਨਾ ਜੀਅ ਕਰੇ ਨਾ ਖਾਓ। ਰੋਟੀ ਵਧ ਜਾਂਦੀ ਤਾਂ ਉਹ ਵਲ੍ਹੇਟ ਕੇ ਰੱਖ ਲੈਂਦਾ ਪੰਛੀਆਂ ਨੂੰ ਪਾਉਣ ਲਈ। ਜੇ ਭੁੱਖ ਵੱਧ ਹੁੰਦੀ ਤਾਂ ਪਾਣੀ ਦਾ ਗਿਲਾਸ ਵੱਧ ਪੀ ਲੈਂਦਾ ਜਾਂ ਡੱਬੇ 'ਚ ਪਏ ਬਿਸਕੁਟ ਕੱਢ ਕੇ ਖਾ ਲੈਂਦਾ। ਅਜਿਹੇ ਵੇਲ਼ੇ ਉਸ ਨੂੰ ਲੱਗਦਾ, 'ਕੀ ਥੁੜਿਆ ਹੈ ਅਜਿਹੀ ਜ਼ਿੰਦਗੀ ਬਾਝੋਂ, ਜਿਸ 'ਚ ਦੁੱਖ ਸਹਿਣ ਤੋਂ ਬਿਨਾਂ ਕੁਝ ਨਹੀਂ ਰਹਿ ਗਿਆ ਸੀ! ਆਪਣੇ ਲਈ ਵੀ ਤੇ ਹੋਰਨਾਂ ਲਈ ਵੀ!! ਆਪਣੇ ਘਰ 'ਚ ਹੀ ਜੇਲ੍ਹ ਵਾਂਗ ਕੈਦ, ਜਿਸ ਘਰ ਨੂੰ ਉਸ ਨੇ ਬੜੇ ਸੁਪਨਿਆਂ ਨਾਲ ਉਸਾਰਿਆ ਸੀ, ਹੌਲ਼ੀ-ਹੌਲ਼ੀ ਉਹੀ ਉਸ ਦਾ ਕੈਦਖਾਨਾ ਬਣਦਾ ਗਿਆ। ਇਕ ਖੁੱਲ੍ਹੀ ਜੇਲ੍ਹ, ਪਰ ਜਿਹੜੀ ਬੰਦ ਜੇਲ੍ਹ ਨਾਲੋਂ ਵਧੇਰੇ ਸਖਤ ਸੀ। ਨੂੰਹ-ਪੁੱਤ ਨੌਕਰੀਆਂ 'ਤੇ ਜਾਣ ਵੇਲ਼ੇ ਬਾਹਰਲੇ ਗੇਟ ਨੂੰ ਬਾਹਰੋਂ ਜਿੰਦਰਾ ਮਾਰ ਜਾਂਦੇ, 'ਤੁਸੀਂ ਤਾਂ ਉਪਰ ਹੁੰਦੇ ਓ! ਹੇਠੋਂ ਕੋਈ ਸਭ ਕੁਝ ਸਮੇਟ ਕੇ ਤੁਰਦਾ ਹੀ ਨਾ ਹੋਵੇ! ਤੁਹਾਥੋਂ ਤਾਂ ਰੌਲ਼ਾ ਵੀ ਨੀ ਪਾ ਹੋਣਾ!' ਬਾਹਰਲੇ ਗੇਟ ਦੀ ਚਾਬੀ ਭਾਵੇਂ ਉਸ ਕੋਲ਼ ਹੁੰਦੀ ਤੇ ਉਹ ਗ਼ਲੀ 'ਚੋਂ ਲੰਘਦੇ ਕਿਸੇ ਨੂੰ ਆਵਾਜ਼ ਮਾਰ ਕੇ ਚਾਬੀ ਸੁੱਟ ਖੁੱਲ੍ਹਵਾ ਵੀ ਸਕਦਾ ਸੀ, ਪਰ ਉਸ ਨੇ ਕਦੀ ਇੰਝ ਕੀਤਾ ਨਾ। ਉਸ ਦੇ ਅੰਦਰੋਂ ਜਿਵੇਂ ਚਾਹਤ ਹੀ ਮੁੱਕ ਗਈ ਸੀ ਬਾਹਰ ਜਾਣ ਦੀ। ਸਭ ਪਾਸਿਆਂ ਤੋਂ ਹਾਰਦਾ ਜਾ ਰਿਹਾ ਸੀ; ਸਿਹਤ ਪੱਖੋਂ ਵੀ, ਮਾਨਸਿਕਤਾ ਪੱਖੋਂ ਵੀ ਤੇ ਰਿਸ਼ਤਿਆਂ ਪੱਖੋਂ ਵੀ। ਨਿੱਕੀ-ਨਿੱਕੀ ਗੱਲ ਤੋਂ ਨੂੰਹ ਝਾੜ ਕੇ ਬਹਾ ਦਿੰਦੀ, ਪੁੱਤ ਨੋਕ-ਝੋਕ ਕਰਦਾ ਰਹਿੰਦਾ ਤੇ ਨੌਆਂ ਵਰ੍ਹਿਆਂ ਦੀ ਪੋਤੀ ਤਨੀਸ਼ਾ; ਸਕੂਲ, ਟਿਊਸ਼ਨਾਂ, ਹੋਮਵਰਕ ਦੇ ਭਾਰ ਹੇਠਾਂ ਇਸ ਤਰ੍ਹਾਂ ਉਲਝੀ ਰਹਿੰਦੀ ਕਿ ਉਸ ਨਾਲ ਗੱਲਾਂ ਕਰਨ ਦਾ ਸਮਾਂ ਹੀ ਨਹੀਂ ਸੀ। ਉਸ ਦੀ ਉਸ ਨਾਲ ਕੋਈ ਮਾਨਸਿਕ ਸਾਂਝ ਉਸਰ ਹੀ ਨਾ ਸਕੀ। ਉਹ ਕਹਿੰਦੀ ਤਾਂ ਉਸ ਨੂੰ 'ਦਾਦਾ ਜੀ', ਪਰ ਇਸ ਸ਼ਬਦ ਦੇ ਅਰਥ, ਅਪਣੱਤ ਤੇ ਭਾਵੁਕ ਗਹਿਰਾਈ ਦਾ ਉਸ ਨੂੰ ਸ਼ਾਇਦ ਰਤਾ ਵੀ ਅਹਿਸਾਸ ਨਹੀਂ ਸੀ! ਉਸ ਲਈ ਇਹ ਇਕ ਸੰਬੋਧਨ ਸੀ। ਫਿਰ ਮੰਮੀ-ਪਾਪਾ ਦਾ ਜਿਵੇਂ ਉਸ ਵੱਲ ਰਵੱਈਆ ਦੇਖਦੀ, ਉਸ ਤੋਂ ਉਸ ਦੇ ਮਨ 'ਚ ਇਹ ਵੀ ਬਣ ਗਿਆ ਹੋਇਆ ਸੀ ਕਿ ਉਹ ਘਰ 'ਚ ਕੋਈ ਫਾਲਤੂ ਪ੍ਰਾਣੀ ਹੈ, ਖਤਰਨਾਕ ਵੀ, ਜਿਸ ਤੋਂ ਉਸ ਨੂੰ ਕੋਈ ਬਿਮਾਰੀ ਲੱਗ ਜਾਵੇਗੀ। ਤੇ ਉਸ ਕੋਲ਼ ਆਉਂਦੀ ਹੀ ਨਾ! ਉਹ ਉਸ ਨੂੰ ਬਾਹਾਂ 'ਚ ਲੈ ਕੇ ਪਿਆਰ ਕਰਨਾ ਤਾਂ ਕੀ, ਦੇਖਣ ਲਈ ਵੀ ਤਰਸਦਾ ਰਹਿੰਦਾ, ਕਿ ਉਹ ਉੱਪਰ ਬਹੁਤ ਘੱਟ ਚੜ੍ਹਦੀ ਸੀ। ਤੇ ਸਾਰਾ ਦਿਨ ਆਪਣੇ ਕਮਰੇ 'ਚ ਪਿਆ ਛੱਤ ਨੂੰ ਘੂਰਦਾ ਰਹਿੰਦਾ ਜਾਂ ਆਪਣੀ ਬੀਤੀ ਜ਼ਿੰਦਗੀ ਨੂੰ ਝੂਰਦਾ। ਵਿਚ-ਵਿਚ ਕਦੀ-ਕਦੀ ਛੱਤ 'ਤੇ ਨਿਕਲ ਟਹਿਲਣ ਲੱਗ ਪੈਂਦਾ, ਕਦੀ ਪਿਛਵਾੜੇ ਦੀ ਰੇਲਵੇ-ਲਾਈਨ ਨੂੰ ਝਾਕੀ ਜਾਂਦਾ। ਸ਼ਹਿਰ ਦੇ ਸਟੇਸ਼ਨ ਤੋਂ ਆਉਂਦੀ ਇਹ ਬਰਾਂਚ-ਲਾਈਨ ਅਗਾਂਹ ਨਕੋਦਰ ਤਕ ਜਾਂਦੀ ਸੀ। ਇਸ ਤੋਂ ਲੰਘਦੀ ਡੀ ਐੱਮ ਯੂ ਦੇ ਤਿੰਨ ਡੱਬੇ ਹੁੰਦੇ। ਚਾਰ-ਵਾਰ ਸ਼ਹਿਰ ਦੇ ਸਟੇਸ਼ਨ ਤੋਂ ਨਕੋਦਰ ਤਕ, ਤੇ ਚਾਰੇ ਹੀ ਵਾਰ ਉੱਥੋਂ ਮੁੜ ਕੇ ਸ਼ਹਿਰ ਨੂੰ। ਰਾਹ 'ਚ ਪੈਂਦੇ ਛੇ ਸਟੇਸਨਾਂ ਦੀਆਂ ਸਵਾਰੀਆਂ ਨੂੰ ਢੋਂਦੀ। ਇਸ ਬਰਾਂਚ-

ਲਾਈਨ ਦੇ ਕੰਢੇ ਪੈਂਦੇ ਸਟੇਸ਼ਨ ਥਾਬਲ਼ਕੇ ਤੋਂ ਉੱਤਰ ਕੇ ਸੀ ਉਸ ਦਾ ਪਿੰਡ, ਮਸਾਂ ਡੇਢ ਕਿਲੋਮੀਟਰ। ਗੱਡੀ ਆਉਂਦੀ, ਉਹ ਉਸ ਦੇ ਡੱਬਿਆਂ ਦੀਆਂ ਖਿੜਕੀਆਂ 'ਚੋਂ ਝਾਕਦੇ ਚਿਹਰਿਆਂ ਨੂੰ ਗਹੁ ਨਾਲ ਤੱਕਣ ਦੀ ਕੋਸ਼ਿਸ਼ ਕਰਦਾ, ਜਿਵੇਂ ਕਿਸੇ ਜਾਣੂੰ ਨੂੰ ਪਛਾਨਣ ਦਾ ਯਤਨ ਕਰ ਰਿਹਾ ਹੋਵੇ। ਗੱਡੀ ਜਾਂਦੀ ਤਾਂ ਉਸ ਨੂੰ ਲੱਗਦਾ ਉਸ 'ਚ ਜ਼ਰੂਰ ਉਸ ਦਾ ਕੋਈ ਜਾਣੂ ਉਸ ਨੂੰ ਦੇਖ ਰਿਹਾ ਹੋਵੇਗਾ; ਜਿਹੜਾ ਨਾਲ ਦੀ ਕਿਸੇ ਸਵਾਰੀ ਨੂੰ ਉਸ ਵੱਲ ਇਸ਼ਾਰਾ ਕਰਕੇ ਦੱਸ ਰਿਹਾ ਹੋਵੇਗਾ, 'ਆਹ ਜਿਹੜਾ ਕੋਠੀ ਦੀ ਛੱਤ 'ਤੇ ਖੜ੍ਹਾ ਨਾ, ਇਹ ਸਾਡੇ ਪਿੰਡ ਦਾ ਪ੍ਰਭਦੀਪ ਐ। ਇਸ ਦਾ ਪਿਓ ਪਿੰਡ 'ਚ ਲੋਕਾਂ ਦੇ ਘਰਾਂ 'ਚ ਸੇਪੀ ਕਰਦਾ ਹੁੰਦਾ ਸੀ, ਪਰ ਇਸ ਨੇ ਆਪਣੀ ਮਿਹਨਤ ਆਸਰੇ ਸ਼ਹਿਰ 'ਚ ਕੋਠੀ ਪਾ ਲਈ ਤੇ ਹੁਣ ਐਸ਼ ਕਰਦਾ ਐ!' ਹਰ ਵਾਰ ਜਦੋਂ ਗੱਡੀ ਆਉਂਦੀ ਜਾਂ ਜਾਂਦੀ, ਉਸ ਨੂੰ ਅਚੱਵੀ ਜਿਹੀ ਲੱਗ ਜਾਂਦੀ ਸੀ ਜਾਂ ਫਿਰ ਸਵੇਰੇ ਅੱਠ ਵਜੇ ਮਨ ਕਮਰੇ 'ਚੋਂ ਬਾਹਰ ਆਉਣ ਲਈ ਉਮਲ੍ਹ-ਉਮਲ੍ਹ ਪੈਂਦਾ।

ਹੁਣ ਉਸ ਕੁੜੀ ਨੂੰ ਪਤਾ ਹੁੰਦਾ ਸੀ ਕਿ ਉਹ ਛੱਤ 'ਤੇ ਘੁੰਮ ਰਿਹਾ ਹੋਵੇਗਾ। ਕਦੀ-ਕਦੀ ਉਹ ਉਪਰ ਵੱਲ ਦੇਖ ਵੀ ਲੈਂਦੀ, ਪਰ ਉਸਦੇ ਚਿਹਰੇ 'ਤੇ ਕੋਈ ਅਕਸ ਪ੍ਰਤੀਬਿੰਬਤ ਨਾ ਹੁੰਦਾ। ਸਪਾਟ ਰਹਿੰਦਾ ਚਿਹਰਾ ਜਿਵੇਂ ਦੇਖਿਆ, ਨਾ ਦੇਖਿਆ ਇਕ ਬਰਾਬਰ ਹੋਵੇ! ਸ਼ਾਇਦ ਉਸ ਨੂੰ ਲੱਗਦਾ ਹੋਣਾ, 'ਕੋਈ ਮਰਨਹਾਰ ਬੁੱਢਾ, ਅਗਲੇ ਜਨਮ ਨੂੰ ਸੁਖਾਲ਼ਾ ਕਰਨ ਲਈ ਪੰਛੀਆਂ ਨੂੰ ਚੋਗਾ ਖਿਲਾਰ ਰਿਹਾ ਹੈ!' ਉਂਝ ਵੀ ਉਹ ਸਿੱਧੀਆਂ ਸਪਾਟ ਅੱਖਾਂ ਨਾਲ ਹੇਠਾਂ ਉਸ ਵੱਲ ਨਾ ਝਾਕਦਾ ਕਿ ਉਸ ਨੂੰ ਸ਼ੱਕ ਪਵੇ, 'ਉਸ ਨੂੰ ਦੇਖਣ ਲਈ ਹੀ ਇੱਥੇ ਆ ਕੇ ਖੜੋਂਦਾ।' ਛੱਤ ਦੇ ਉੱਤਰ-ਪੱਛਮੀ ਕੋਨੇ ਕੋਲ਼, ਅੱਖ ਬਚਾਅ ਕੇ ਉਸ ਵੱਲ ਦੇਖੀ ਵੀ ਜਾਂਦਾ ਤੇ ਹੱਥਾਂ 'ਚ ਫੜੀ ਰੋਟੀ ਦੇ ਟੁਕੜੇ ਵੀ ਭੋਰ-ਭੋਰ ਕੇ ਸੁੱਟਦਾ ਰਹਿੰਦਾ।

'ਉਮਰ ਦੇ ਵਧਣ ਨਾਲ ਹੀ ਦਿਨਾਂ ਦਾ ਰੰਗ ਵੀ ਕਿਵੇਂ ਬਦਲ ਜਾਂਦਾ ਹੈ, ਮਨ ਦੀ ਸੁਰ ਵੀ', ਸ਼ੀਸ਼ੇ ਨੂੰ ਸਿਰਹਾਣੇ ਹੇਠ ਰੱਖਦਿਆਂ ਉਸ ਦੇ ਮਨ 'ਚ ਆਇਆ 'ਕਦੀ ਇਹੀ ਰੁੱਤ ਕਿੰਨੀ ਰੰਗੀਨ ਲੱਗਦੀ ਹੁੰਦੀ ਸੀ! ਅਕਤੂਬਰ-ਨਵੰਬਰ 'ਚ ਆ ਕੇ ਜਦੋਂ ਠਰ ਸ਼ੁਰੂ ਹੁੰਦੀ, ਪਸੀਨੇ ਤੋਂ ਛੁਟਕਾਰਾ ਮਿਲਦਾ ਤਾਂ ਨਾਲ ਹੀ ਔਰਤਾਂ ਦੇ ਮੇਕਅਪ ਦਾ ਰੰਗ ਵੀ ਗੂੜ੍ਹਾ ਹੋਣਾ ਸ਼ੁਰੂ ਹੋ ਜਾਂਦਾ, ਕੱਪੜਿਆਂ ਦੇ ਰੰਗ ਸ਼ੋਖ ਤੇ ਭੜਕੀਲੇ ਹੋਣ ਲੱਗਦੇ। ਆਪਣੇ ਟੂਰ ਪ੍ਰੋਗਰਾਮਾਂ 'ਚ ਰੁੱਝਿਆ ਬੱਸਾਂ 'ਚ, ਬਾਜ਼ਾਰ 'ਚ ਉਹਨਾਂ ਦੇ ਬਣੇ-ਸੰਵਰੇ ਚਿਹਰਿਆਂ ਨੂੰ ਲਾਲਸਾ ਨਾਲ ਤੱਕਦਿਆਂ ਉਹ ਖਿੜਿਆ-ਖਿੜਿਆ ਰਹਿੰਦਾ ਸੀ, ਪਰ ਉਹੀ ਰੁੱਤ ਹੁਣ ਉਸ ਨੂੰ ਕਿੰਨੀ ਉਦਾਸ ਲੱਗ ਰਹੀ ਸੀ। ਸ਼ਾਮ ਨੂੰ ਇਹ ਉਦਾਸੀ ਹੋਰ ਵੀ ਵਧ ਜਾਂਦੀ। ਅੱਜ ਤਾਂ ਉਦਾਸੀ ਕੁਝ ਵਧੇਰੇ ਹੀ ਖਾ ਰਹੀ ਸੀ। ਹਾਂ, ਖਾਣ ਲੱਗ ਪਈ ਸੀ ਉਦਾਸੀ ਉਸ ਨੂੰ ਅੰਦਰੇ ਹੀ ਅੰਦਰ। ਇਕੱਲ ਤੇ ਉਦਾਸੀ 'ਚ ਘਿਰਿਆ ਮਨ, ਸ਼ੀਸ਼ੇ 'ਚੋਂ ਆਪਣਾ ਚਿਹਰਾ ਦੇਖਦਿਆਂ ਹੋਰ ਵੀ ਵਿਚਲਿਤ ਹੋ ਉਠਿਆ ਸੀ। ਉਸ ਨੂੰ ਕੋਈ ਅਜਿਹਾ ਹਮਸਾਇਆ ਜਾਂ ਜਾਣੂੰ ਨਾ ਦਿਸਦਾ ਜਿਸ ਨਾਲ ਆਪਣੇ ਮਨ ਦੀ ਗੱਲ ਕਰ ਸਕੇ, ਆਪਣੇ ਦੁੱਖਾਂ ਦੀ ਗੱਲ! ਇਕ ਘੁਟਣ ਉਸ ਦੀ ਹੋਂਦ ਨੂੰ ਆਪਣੀ ਗ੍ਰਿਫਤ 'ਚ ਲੈਂਦੀ ਜਾ ਰਹੀ ਸੀ, ਧੁੰਦਲੇ ਮੌਸਮ ਵਾਂਗ ਹੀ! 000

(ਸਾਹਿਤ ਸੰਪਾਦਕ, ਰੋਜ਼ਾਨਾ 'ਨਵਾਂ ਜ਼ਮਾਨਾ', ਜਲੰਧਰ;
Email: bparwana@gmail.com)

ਕਾਸ਼!: ਕਹਾਣੀ: ਦਰਸ਼ਨ ਸਿੰਘ

(ਪ੍ਰੌਢ ਅਵਸਥਾ ਵਿਚ ਆ ਕੇ ਆਪਣਾ ਰਚਨਾਤਮਕ ਕਾਰਜ ਆਰੰਭ ਕਰਨ ਵਾਲੇ ਦਰਸ਼ਨ ਸਿੰਘ ਪੰਜਾਬੀ ਸਾਹਿਤ-ਜਗਤ ਵਿਚ ਇਕ ਨਿਵੇਕ਼ਲਾ ਵਰਤਾਰਾ ਸਨ, ਜਿਨ੍ਹਾਂ ਨੇ ਆਪਣੀ ਉਮਰ ਦੇ ਮਗਰਲੇ ਪੜਾਅ ਵਿਚ ਢੇਰ ਰਚਨਾ ਕੀਤੀ। ਵਿਸ਼ਾਲ ਅਨੁਭਵ ਅਤੇ ਸਹਿਜ ਕਲਾਤਮਕ ਸੂਝ ਬੂਝ 'ਚੋਂ ਉਪਜੀ ਆਪਣੀ ਮੁੱਲਵਾਨ ਰਚਨਾ ਸਦਕਾ ਉਨ੍ਹਾਂ ਵੱਡੀ ਪੱਧਰ ਉੱਤੇ ਮਾਨਤਾ ਦੇ ਰੂਪ ਵਿਚ ਮਾਣ ਸਨਮਾਨ ਵੀ ਹਾਸਲ ਕੀਤੇ। ਦੋ ਵਰ੍ਹੇ ਪਹਿਲਾਂ 89 ਸਾਲ ਦੀ ਉਮਰ ਭੋਗਕੇ ਜਦੋਂ ਉਹ ਸਦੀਵੀ ਵਿਛੋੜਾ ਦੇ ਗਏ, ਉਸ ਤੋਂ ਕੁਝ ਹੀ ਦਿਨ ਪਹਿਲਾਂ ਤਕ ਉਹ, ਹਸਪਤਾਲ ਵਿਚ ਬੈਠੇ ਹੋਏ ਵੀ ਲਿਖਣ ਪੜ੍ਹਨ ਦੇ ਕਾਰਜ ਵਿਚ ਪੂਰੀ ਤਰ੍ਹਾਂ ਰੁੱਝੇ ਹੋਏ ਸਨ। ਨਾਵਲ, ਕਹਾਣੀਆਂ ਅਤੇ ਵਾਰਤਕ ਲਿਖਤਾਂ ਦੇ ਰੂਪ ਵਿਚ ਉਨ੍ਹਾਂ ਦਾ ਲਿਖਿਆ ਬਹੁਤ ਕੁਝ ਅਜੇ ਛਾਪੇ ਚੜ੍ਹਨਾ ਰਹਿੰਦਾ ਹੈ। ਸਦੀਵੀ ਵਿਛੋੜੇ ਤੋਂ ਕੁਝ ਸਮਾਂ ਪਹਿਲਾਂ ਜਿਹੜੀਆਂ ਦੋ ਅਣਛਪੀਆਂ ਕਥਾ ਰਚਨਾਵਾਂ ਉਨ੍ਹਾਂ 'ਸਿਰਜਣਾ' ਵਿਚ ਛਾਪਣ ਲਈ ਦਿੱਤੀਆਂ ਸਨ, ਉਨ੍ਹਾਂ 'ਚੋਂ ਇਹ ਦੂਜੀ ਤੇ ਆਖਰੀ ਏਸ ਅੰਕ ਵਿਚ ਸ਼ਾਮਲ ਕਰਦੇ ਹੋਏ ਅਸੀਂ ਇਕ ਵਾਰ ਫੇਰ ਉਸ ਸ਼ਾਨਦਾਰ ਮਨੁੱਖ ਤੇ ਨਿਵੇਕਲੇ ਸਿਰਜਕ ਦੀ ਯਾਦ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ। - ਸੰਪਾਦਕ)

ਸਵੇਰ ਤੋਂ ਹੀ ਬੱਦ਼ਲਵਾਈ ਸੀ। ਬੂੰਦਾਂ ਵੀ ਪਈਆਂ ਸਨ ਤੇ ਬੁਛਾੜਾਂ ਵੀ। ਫੇਰ ਵੀ ਮੇਰੇ ਮੂੰਹੋਂ ਕਾਸ਼! ਨਹੀਂ ਸੀ ਨਿਕਲਿਆ। ਪਾਸ਼ ਦੀ ਸਿੱਕ ਜਾਂ ਸਹਿਕ ਨਹੀਂ ਸੀ ਹੋਈ। ਨਾ ਹੀ ਕੋਈ ਕਲਵਲ ਮਹਿਸੂਸ ਹੋਈ ਸੀ। ਨਾ ਹੀ ਇਹ ਲੱਗਾ ਸੀ ਕਿ ਜ਼ਿੰਦਗੀ 'ਚ ਹੁਣ ਰਸ ਰੰਗ ਨਹੀਂ ਰਿਹਾ।

ਸਿਰਫ਼ ਪੰਜ ਛੇ ਮਹੀਨੇ ਪਹਿਲੋਂ ਹੀ ਇੰਝ ਨਹੀਂ ਸੀ ਹੁੰਦਾ। ਉਦੋਂ ਜਦੋਂ ਵੀ ਬੱਦ਼ਲ ਆਉਂਦੇ, ਵਰ੍ਹਦੇ ਭਾਵੇਂ ਨਾ ਵਰ੍ਹਦੇ, ਮੈਂ ਕਹਿ ਉਠਦਾ, "ਕਾਸ਼! ਉਹ ਗੁਜ਼ਰੇ ਜ਼ਮਾਨੇ ਵਾਪਸ ਆ ਜਾਣ ਤੇ ਮੈਂ ਉਹ ਕੁਝ ਕਰ ਲਵਾਂ ਜੋ ਪਹਿਲੋਂ ਨਹੀਂ ਸਾਂ ਕਰ ਸਕਿਆ! ਤੇ ਫੇਰ ਮੈਂ ਸਾਰਾ ਸਮਾਂ ਬੇਚੈਨ ਰਹਿੰਦਾ। ਰਾਤਾਂ ਵੀ ਜਾਗ ਕੇ ਕੱਟਦਾ। ਵੈਰਾਗਿਆ ਜਾਂਦਾ।

ਪਾਸ਼ ਦਾ ਪੂਰਾ ਨਾਂ ਪ੍ਰਕਾਸ਼ ਸੀ। ਉਹ ਮੇਰੀ ਅਮਰੀਕਾ ਜਾ-ਵਸੀ ਛੋਟੀ ਭੈਣ ਜੀਤੋ ਦੀ ਪਰਮ ਸਹੇਲੀ ਸੀ।

ਪਾਸ਼ ਕੋਈ ਐਵੇਂ ਕੈਵੇਂ ਦੀ ਕੁੜੀ ਨਹੀਂ ਸੀ ਹੁੰਦੀ। ਬੜੀ ਸੁਹਣੀ ਸੀ। ਤਿੱਖੇ ਨਕਸ਼। ਗੋਰੀ ਚਿੱਟੀ। ਮੋਟੀਆਂ ਸੁਰਮਈ ਅੱਖਾਂ। ਲੰਮ-ਸਲੰਮੀ। ਕੁੰਡਲਾਏ ਵਾਲ਼। ਉਸ ਪੁਰਾਣੇ ਜ਼ਮਾਨੇ 'ਚ ਵੀ ਹੇਠੋਂ ਵਿਤਰੇ ਹੋਏ। ਹਰ ਕਿਸੇ ਨੂੰ ਖਿੱਚ ਪਾਉਂਦੀ ਸੀ। ਮੈਨੂੰ ਵੀ, ਪਰ ਏਨੀ ਨਹੀਂ। ਮੈਨੂੰ ਉਦੋਂ ਬਹੁਤੀ ਖਿੱਚ ਓਸ ਕੁੜੀ ਦੀ ਹੁੰਦੀ ਸੀ, ਜਿਸ ਨਾਲ ਮੇਰੇ ਵਿਆਹ ਦੀ ਗੱਲ ਚੱਲ ਰਹੀ ਸੀ ਤੇ ਜਿਸ ਨਾਲ ਮੈਂ ਫਿਰ ਵਿਆਹਿਆ ਵੀ ਗਿਆ ਤੇ ਜਿਹੜੀ ਹੁਣ ਤਕ ਮੇਰੀ ਵਿਆਹੁਤਾ ਏ। ਪਰ ਪਾਸ਼ ਨੂੰ ਮੇਰੀ ਬੜੀ ਖਿੱਚ ਸੀ। ਜਦੋਂ ਉਹ ਜੀਤੋ ਕੋਲ਼ ਸਾਡੇ ਘਰ ਆਈ ਹੁੰਦੀ, ਮੇਰੇ ਵੱਲ ਸਧਰਾਈਆਂ ਨਜ਼ਰਾਂ ਨਾਲ ਵੇਖਦੀ ਰਹਿੰਦੀ। ਉਹਦੀ ਤੱਕਣੀ 'ਚ ਨਿੰਮ੍ਹਾ ਜਿਹਾ ਸੱਦਾ ਹੁੰਦਾ, ਜੋ ਮੈਂ ਕਬੂਲ ਨਾ ਕਰਦਾ। ਉਹ ਨਿਰਾਸ ਨਾ ਹੁੰਦੀ। ਕਦੀ ਕਦੀ ਉਹਨੂੰ ਹੁੱਲ ਉਠਦੀ ਤੇ ਉਹ ਅਜਿਹਾ ਕੁਝ ਕਰ ਵਿਖਾਉਂਦੀ ਜਿਹਦੇ ਨਾਲ ਸਪਸ਼ਟ ਹੋ ਜਾਂਦਾ ਕਿ ਉਹ ਚਾਹੁੰਦੀ ਕੀ ਏ।

ਇਹਨੂੰ ਮੌਕਾ-ਮੇਲ ਸਮਝੋ ਜਾਂ ਕੁਝ ਹੋਰ, ਓਦੋਂ ਬੱਦ਼ਲ ਛਾਏ ਹੁੰਦੇ। ਜਾਂ ਵਰ੍ਹਨ ਵਾਲੇ ਹੁੰਦੇ, ਜਾਂ

ਵਰ੍ਹ ਰਹੇ ਹੁੰਦੇ ਤੇ ਜਾਂ ਵਰ੍ਹ ਚੁੱਕੇ ਹੁੰਦੇ। ਸ਼ਾਇਦ ਇਹ ਹੀ ਕਾਰਨ ਸੀ ਕਿ ਮੈਨੂੰ ਉਹਦੀ ਸਿੱਕ ਓਦੋਂ ਹੀ ਉਠਦੀ ਜਦੋਂ ਬੱਦਲ਼ਵਾਈ ਹੁੰਦੀ।

ਪਾਸ਼ ਨੂੰ ਹੁੱਲ ਤਾਂ ਕਈ ਵਾਰੀ ਉਠਦੀ, ਪਰ ਤਾਂਘਣ ਸਿੱਕਣ ਵੇਲ਼ੇ ਮੈਨੂੰ ਅਕਸਰ ਤਿੰਨ ਵਾਰਾਂ ਹੀ ਯਾਦ ਆਉਂਦੀਆਂ। ਏਨੀਆਂ ਗੂਹੜੀਆਂ ਕਿ ਮੈਂ ਉਹਨਾਂ 'ਚ ਡੁੱਬ ਜਾਂਦਾ ਤੇ ਸਭ ਕੁਝ ਨੂੰ ਫੇਰ ਸਗਵੇਂ ਦਾ ਸਗਵਾਂ ਹੁੰਦਾ ਮਹਿਸੂਸ ਕਰ ਲੈਂਦਾ।

ਪਹਿਲੀ ਵਾਰ ਇੰਝ ਹੋਇਆ:

ਸ਼ਾਮ ਦਾ ਵੇਲ਼ਾ ਸੀ। ਪਾਸ਼ ਸਾਡੇ ਘਰ ਆਈ ਹੋਈ ਸੀ। ਉਹ, ਮੈਂ ਤੇ ਜੀਤੋ ਇਕੋ ਕਮਰੇ 'ਚ ਸਾਂ। ਬਾਲਕੋਨੀ ਵਾਲਾ ਬੂਹਾ ਖੁੱਲ੍ਹਾ ਸੀ ਤੇ ਬਾਹਰ ਪਏ ਫੁੱਲ ਬੂਟੇ ਤੇ ਉਪਰ ਅਸਮਾਨ ਦਿੱਸਦਾ ਸੀ। ਸਾਵਣ ਮਹੀਨਾ ਹੀ ਹੋਵੇਗਾ। ਵੇਖਦਿਆਂ ਵੇਖਦਿਆਂ ਹੀ ਕਾਲ਼ੀਆਂ ਘਟਾਵਾਂ ਚੜ੍ਹ ਆਈਆਂ ਤੇ ਛਮਾ ਛਮ ਵੱਸਣ ਲੱਗੀਆਂ। ਜਦੋਂ ਹੀ ਜੀਤੋ ਕੁਝ ਵੇਖਣ ਲਈ ਬਾਹਰ ਨਿਕਲੀ, ਪਾਸ਼ ਉਠੀ ਤੇ ਆ ਕੇ ਮੈਨੂੰ ਉਹਨੇ, ਪਿੱਛੋਂ ਵੱਲੋਂ, ਜੱਫ਼ੀ ਪਾ ਲਈ। ਬੜੀ ਘੁੱਟ ਕੇ। ਮੈਂ ਪਾ ਲੈਣ ਦਿੱਤੀ। ਅੱਗੋਂ ਕੁਝ ਨਾ ਕੀਤਾ। ਇੰਝ ਜਿਵੇਂ ਮੈਨੂੰ ਕੁਝ ਨਾ ਹੋਇਆ ਹੋਵੇ। ਜਦੋਂ ਉਹਨੂੰ ਪਰਤ-ਆਉਂਦੀ ਜੀਤੋ ਦੀ ਚਾਪ ਸੁਣੀਤੀ, ਉਹਨੇ ਮੈਨੂੰ ਛੱਡ ਦਿੱਤਾ ਤੇ ਆਪਣੀ ਥਾਂ 'ਤੇ ਜਾ ਬੈਠੀ।

ਫੇਰ ਜਦੋਂ ਵੀ ਮੈਨੂੰ ਇਹ ਘਟਨਾ ਯਾਦ ਆਉਂਦੀ, ਮੈਨੂੰ ਤਾਂਘ ਹੁੰਦੀ ਤੇ ਮੈਂ ਆਪਣੇ ਆਪ ਨੂੰ ਕਹਿ ਉਠਦਾ, "ਕਾਸ਼! ਮੈਂ ਓਦੋਂ ਪਾਸ਼ ਨੂੰ ਅੱਗੋਂ ਘੁੱਟ ਲਿਆ ਹੁੰਦਾ। ਚੁੰਮ ਲਿਆ ਹੁੰਦਾ! ਜੇ ਇੰਝ ਕਰਦਾ ਤਾਂ ਅੱਜ ਮੇਰੀ ਜ਼ਿੰਦਗੀ ਹੋਰ ਹੁੰਦੀ!"

ਫੇਰ ਮੈਂ ਚਿਤਾਰਨ ਲੱਗਦਾ, ਇੰਝ ਜਿਵੇਂ ਮੈਂ ਪਾਸ਼ ਨੂੰ ਕਲਾਵੇ 'ਚ ਭਰ ਲਿਆ ਹੋਵੇ। ਘੁੱਟ ਲਿਆ ਹੋਵੇ। ਚੁੰਮ ਲਿਆ ਹੋਵੇ। ਤੇ ਫੇਰ ਮੈਂ ਬੇਚੈਨ ਹੋ ਜਾਂਦਾ। ਮੈਨੂੰ ਖੋਹਾਂ ਪੈਣ ਲੱਗਦੀਆਂ। ਚੈਨ ਓਦੋਂ ਹੀ ਪੈਂਦਾ, ਜਦੋਂ ਬੱਦਲ਼ ਛਟ ਜਾਂਦੇ ਤੇ ਅਸਮਾਨ ਖਰਾ ਹੋ ਜਾਂਦਾ।

ਦੂਜੀ ਵਾਰ ਇੰਝ ਹੋਇਆ:

ਜੀਤੋ ਦਾ ਜਨਮ-ਦਿਨ ਸੀ। ਉਹਨੇ ਸਾਰੀਆ ਸਹੇਲੀਆਂ ਸੱਦੀਆਂ ਹੋਈਆਂ ਸਨ। ਪਾਸ਼ ਵੀ ਸੀ। ਦੂਰ ਬੈਠੀ ਮੇਰੇ ਨਾਲ ਨਜ਼ਰਾਂ ਮਿਲਾ ਰਹੀ ਸੀ। ਕਦੀ ਕਦੀ ਮਾੜੀ ਜਿਹੀ ਅੱਖ ਵੀ ਮਾਰ ਲੈਂਦੀ।

ਬੱਦਲ਼ ਸਵੇਰ ਤੋਂ ਹੀ ਅਸਮਾਨ ਮੱਲੀ ਬੈਠੇ ਸਨ। ਉਹਨਾਂ ਦੀ ਵੱਸਣ ਦੀ ਨੀਅਤ ਨਹੀਂ ਸੀ ਲੱਗਦੀ। ਫੇਰ ਚਾਣਚਕ ਹੀ ਉਹਨਾਂ ਨੂੰ ਕੁਝ ਹੋਇਆ। ਉਹ ਗੜ੍ਹਕੇ, ਗੱਜੇ ਤੇ ਵਰ੍ਹਣ ਲੱਗ ਪਏ। ਚੰਗੇ ਛੜਾਕੇ ਛੱਡੇ ਉਹਨਾਂ। ਫੇਰ ਉਵੇਂ ਹੀ ਅਚਾਨਕ ਉਹ ਅਲਸਾਅ ਜਿਹੇ ਗਏ ਤੇ ਮੀਟੇ ਗਏ। ਕਿਤੋਂ ਕਿਤੋਂ ਉਹਨਾਂ ਦੀਆਂ ਟਾਕੀਆਂ ਲਹਿ ਗਈਆਂ ਤੇ ਵਿਰਲਾਂ 'ਚੋਂ ਸੂਰਜ ਝਾਕਣ ਲੱਗਾ। ਲਹਿੰਦੇ ਵੱਲ ਛੋਟੀ ਜਿਹੀ ਸਤਰੰਗੀ ਪੀਂਘ ਪੈ ਗਈ। ਕੁੜੀਆਂ ਨੂੰ ਚਾਅ ਚੜ੍ਹ ਗਿਆ ਤੇ ਵੇਖਣ ਲਈ ਬਾਹਰ ਬਾਲਕੋਨੀ ਨੂੰ ਭੱਜੀਆਂ। ਪਾਸ਼ ਬੈਠੀ ਰਹੀ। ਜਦੋਂ ਮੈਂ ਵੀ ਬਾਹਰ ਨਿਕਲਣ ਲੱਗਾ, ਪਾਸ਼ ਨੇ ਉਠ ਮੈਨੂੰ ਪਿੱਛੋਂ ਦੀ ਜੱਫੀ ਪਾ ਲਈ। ਕਮਰੇ 'ਚ ਸਿਰਫ ਅਸੀਂ ਹੀ ਸਾਂ। ਮੈਂ ਪਾ ਲੈਣ ਦਿੱਤੀ। ਉਹਨੇ ਮੈਨੂੰ ਚੁੰਮ ਵੀ ਲਿਆ। ਮੈਂ ਚੁੰਮ ਲੈਣ ਦਿੱਤਾ। ਹੁੰਗਾਰਾ ਕੋਈ ਨਾ ਭਰਿਆ। ਉਹ ਮੇਰੇ ਨਾਲ ਹੀ ਲਗੀ ਰਹੀ। ਓਦੋਂ ਹੀ ਲੱਥੀ, ਜਦੋਂ ਕੁੜੀਆਂ ਅੰਦਰ ਆਉਣ ਲੱਗੀਆਂ।

ਜਦੋਂ ਵੀ ਮੈਂ ਇਹ ਘਟਨਾ ਚਿਤਵਦਾ ਤੇ ਉਹਨੂੰ ਫੇਰ ਆਪਣੇ ਆਪ ਨਾਲ ਘੁੱਟਦਾ ਮਹਿਸੂਸ ਕਰਦਾ, ਮੈਂ ਆਪਣੇ ਆਪ ਨੂੰ ਕਹਿੰਦਾ, "ਮਨਾ, ਤੂੰ ਵੀ ਕਿਉਂ ਨਾ ਉਹਨੂੰ ਆਪਣੇ ਆਪ ਨਾਲ ਘੁੱਟ ਲਿਆ? ਕਿਉਂ ਨਾ ਚੁੰਮ ਲਿਆ ਉਹਨੂੰ? ਕੀ ਫ਼ਰਕ ਪੈਂਦਾ? ਅਜੇ ਤੇਰੀ ਕੁੜਮਾਈ ਹੀ ਹੋਈ ਸੀ,

ਵਿਆਹ ਤਾਂ ਨਹੀਂ ਸੀ ਹੋਇਆ? ਜੇ ਤੂੰ ਹੁੰਗਾਰਾ ਭਰਦਾ ਤੇ ਅੱਜ ਤੇਰੀ ਜ਼ਿੰਦਗੀ ਹੋਰ ਹੁੰਦੀ। ਤੇਰੇ ਆਕਾਸ਼ 'ਤੇ ਵੀ ਕੋਈ ਸਤਰੰਗੀ ਪੀਂਘ ਪਈ ਹੁੰਦੀ।"

ਜਦੋਂ ਬੇਚੈਨੀ ਬਹੁਤ ਵਧ ਜਾਂਦੀ ਤਾਂ ਮੈਂ ਆਪਣੇ ਆਪ ਨੂੰ ਸਮਝਾਉਂਦਾ, " ਓ ਛੱਡ ਯਾਰ। ਐਵੇਂ ਨਾ ਪਿਆ ਤੜਫ਼। ਪਾਸ਼ ਹੁਣ ਪਹਿਲਾਂ ਵਰਗੀ ਥੋੜ੍ਹੀ ਰਹਿ ਗਈ ਹੋਵੇਗੀ। ਢਲ਼ ਗਈ ਹੋਵੇਗੀ। ਢਿਲਕ ਗਈ ਹੋਵੇਗੀ। ਝੁਰੜਾ ਗਈ ਹੋਵੇਗੀ। ਸਿਰ ਚਿੱਟਾ ਹੋ ਗਿਆ ਹੋਵੇਗਾ ਉਹਦਾ..."

ਇਹ ਸੁਣ ਮਨ ਨੂੰ ਪੂਰਾ ਤਾਂ ਨਹੀਂ, ਕੁਝ ਕੁ ਚੈਨ ਪੈ ਹੀ ਜਾਂਦਾ।

ਤੀਜੀ ਵਾਰ ਇੰਝ ਹੋਇਆ:

ਮੀਂਹ ਸਵੇਰ ਤੋਂ ਹੀ ਪੈ ਰਿਹਾ ਸੀ। ਹਰ ਥਾਂ ਪਾਣੀ ਖੜ੍ਹਾ ਸੀ। ਜੀਤੋ ਤੇ ਮੈਂ ਬੈਠੇ ਗੱਲਾਂ ਕਰ ਰਹੇ ਸਾਂ। ਏਨੇ ਨੂੰ ਪਾਸ਼ ਅੰਦਰ ਆ ਵੜੀ। ਭਿੱਜੀ ਹੋਈ ਸੀ। ਪਰ ਫਿਰ ਵੀ ਕਸ਼ੱਸ਼ ਉਹਦੀ ਕਾਇਮ ਸੀ। ਸਗੋਂ ਜ਼ਿਆਦਾ ਸੀ। ਕਾਹਲ 'ਚ ਲੱਗਦੀ ਸੀ। ਉਹਨੇ ਜੀਤੋ ਨੇ ਕਿਹਾ, ਤੂੰ ਜ਼ਰਾ ਬਾਹਰ ਜਾ। ਮੈਂ ਤੇਰੇ ਵੀਰ ਨਾਲ ਇਕ ਜ਼ਰੂਰੀ ਗੱਲ ਕਰਨੀ ਏ। ਉਹ ਬਾਹਰ ਚਲੀ ਗਈ।

ਪਾਸ਼ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਤੇ ਕਿਹਾ, "ਐਸ ਸਨਿੱਚਵਾਰ ਮੇਰਾ ਵਿਆਹ ਹੋ ਰਿਹੈ..."

"ਪਤੈ ਮੈਨੂੰ। ਏਸ ਮਹੀਨੇ ਦੇ ਅਖ਼ੀਰੀ ਐਤਵਾਰ ਮੇਰਾ ਵੀ ਵਿਆਹ ਹੋ ਰਿਹੈ। ਤੈਨੂੰ ਵੀ ਪਤਾ ਹੋਣੈਂ। ਜੀਤੋ ਨੇ ਦੱਸਿਆ ਹੋਣੈ ਤੈਨੂੰ..."

"ਕਹੋ ਤਾਂ ਇਹ ਦੋਵੇਂ ਵਿਆਹ ਰੋਕ ਦਈਏ..."

ਮੈਂ ਉਹਦਾ ਭਾਵ ਸਮਝ ਗਿਆ। ਮੈਂ ਉਹਨੂੰ ਟੋਕ ਦਿੱਤਾ, "ਛੱਡ ਇਹ ਰੋਕਣਾ ਰੁਕਾਣਾ। ਹੁਣ ਹੋ ਜਾਣ ਦੇ ਜੋ ਹੋ ਰਿਹੈ। ਰੋਕਣ ਦਾ ਵਕਤ ਨਹੀਂ ਰਿਹਾ..."

"ਠੀਕ ਏ। ਫੇਰ ਨਾ ਕਹਿਣਾ", ਉਹਨੇ ਮੈਨੂੰ ਛੇਤੀ ਨਾਲ ਘੁੱਟ ਕੇ ਜੱਫੀ ਪਾਈ, ਹੌਲ਼ੀ ਜਿਹੇ 'ਅਲਵਿਦਾ' ਕਿਹਾ ਤੇ ਬਾਹਰ ਨਿਕਲ ਗਈ।

ਮੈਨੂੰ ਜਦੋਂ ਵੀ ਇਹ ਘਟਨਾ ਯਾਦ ਆਉਂਦੀ, ਮੈਂ ਤੜਫ ਪੈਂਦਾ। ਆਪਣੇ ਆਪ ਨੂੰ ਕੋਸਦਾ, "ਕੀ ਹੋ ਗਿਆ ਸੀ ਤੈਨੂੰ? ਮੰਨ ਲੈਂਦਾ ਉਹਦੀ ਸਲਾਹ। ਵਿਆਹ ਤੇਰਾ ਹੋਣਾ ਸੀ, ਅਜੇ ਹੋਇਆ ਤਾਂ ਨਹੀਂ ਸੀ। ਵਿਆਹ ਰੋਕਣਾ ਕੋਈ ਮੁਸ਼ਕਿਲ ਸੀ? ਕਹਿ ਦੇਂਦੇ, ਜੋਤਸ਼ੀ ਨੇ ਕਿਹੈ, ਕੁੰਡਲੀਆਂ ਨਹੀਂ ਮਿਲਦੀਆਂ...।" ਮੈਨੂੰ ਫੇਰ ਬੜੀ ਬੇਚੈਨੀ ਹੋਣ ਲੱਗਦੀ। ਅਖ਼ੀਰ ਮੈਨੂੰ ਆਪਣੇ ਆਪ ਨੂੰ ਸਮਝਾਉਣਾ ਪੈਂਦਾ ਕਿ ਉਹ ਜ਼ਮਾਨਾ ਹੋਰ ਸੀ। ਹੁਣ ਪਾਸ਼ ਉਹ ਪਾਸ਼ ਨਹੀਂ ਰਹੀ ਹੋਵੇਗੀ। ਅੱਜ ਉਹਦੇ ਓਦਰੇਵੇਂ ਦਾ ਕੋਈ ਮਤਲਬ ਨਹੀਂ। ਇਸ ਤਰ੍ਹਾਂ ਦੋ ਚਾਰ ਵੇਰ ਕਹਿਣ ਪਿੱਛੋਂ ਮੈਨੂੰ ਕੁਝ ਠੰਡ ਪੈ ਜਾਂਦੀ।

ਪਾਸ਼ ਵਿਆਹੀ ਗਈ। ਮੈਂ ਵੀ ਵਿਆਹਿਆ ਗਿਆ। ਬੜੇ ਸਾਲ ਅਸੀਂ ਇਕ ਦੂਜੇ ਤੋਂ ਓਹਲੇ ਰਹੇ। ਫੇਰ ਕਦੀ ਕਦੀ ਪਾਸ਼ ਦਾ ਫੋਨ ਆਉਣ ਲੱਗ ਪਿਆ। ਉਹ ਅਦਾ ਨਾਲ ਪੁੱਛਦੀ, "ਕਦੀ ਮਿਲਣ ਨੂੰ ਦਿਲ ਨਹੀਂ ਜੇ ਕਰਦਾ।" ਫੇਰ ਸਲਾਹ ਦੇਂਦੀ, "ਕਦੀ ਕਦੀ ਮਿਲਿਆ ਕਰੋ। ਪੁਰਾਣੇ ਫੇਰ ਵੀ ਪੁਰਾਣੇ ਹੁੰਦੇ ਨੇ।" ਮੈਂ ਅੱਗੋਂ ਹੂੰ-ਹਾਂ ਕਰ ਛੱਡਦਾ। ਅਜੇ ਮੇਰੇ ਆਪਣੇ ਵਿਆਹ 'ਚ ਸੇਕ ਹੈ ਸੀ। ਸ਼ਾਇਦ ਉਹਦੇ ਵਿਆਹ 'ਚ ਨਾ ਰਿਹਾ ਹੋਵੇ।

ਬਾਅਦ 'ਚ ਜਦੋਂ ਮੇਰੇ ਵੀ ਸੇਕ ਨਾ ਰਿਹਾ, ਪਾਸ਼ ਨੂੰ ਮਿਲਣ ਦਾ ਦਿਲ ਕਰਨ ਲੱਗ ਪਿਆ। ਪਰ ਕੋਈ ਸਬੱਬ ਨਾ ਬਣਿਆ। ਜਦੋਂ ਕਦੀ ਬੱਦਲ਼ ਆਉਂਦੇ, ਪਾਸ਼ ਦੀ ਸਿੱਕ ਹੋਣ ਲੱਗਦੀ। ਬੜੀ ਕਲਵਲ ਹੁੰਦੀ। ਕੁਝ ਚੈਨ ਪੈਂਦਾ ਜਦੋਂ ਮੈਂ ਆਪਣੇ ਆਪ ਨੂੰ ਇਹ ਕਹਿ ਕੇ ਸਮਝਾਉਂਦਾ ਕਿ ਹੁਣ ਪਾਸ਼ ਏਡੀ ਮਿਲਣ ਵਾਲੀ ਚੀਜ਼ ਨਹੀਂ ਰਹਿ ਗਈ ਹੋਵੇਗੀ। ਸ਼ਕਲ ਸੂਰਤ ਵਿਗੜ ਗਈ ਗੋਵੇਗੀ ਉਹਦੀ। ਪੰਝੀ ਸਾਲ ਹੋ ਗਏ ਨੇ ਸਾਡੇ ਉਹਨਾਂ ਪਹਿਲੇ ਵਕਤਾਂ ਨੂੰ।

ਏਸ ਤਰ੍ਹਾਂ ਅੱਜ ਤੋਂ ਪੰਜ ਛੇ ਮਹੀਨੇ ਪਹਿਲਾਂ ਵਾਲਾ ਸਮਾਂ ਆ ਗਿਆ ਤੇ ਮਿਲਣ ਦਾ ਸਬੱਬ ਬਣ ਗਿਆ। ਜੀਤੋ ਅਮਰੀਕਾ ਤੋਂ ਆਈ ਹੋਈ ਸੀ। ਸਾਡੇ ਕੋਲ ਨਹੀਂ, ਸਾਡੇ ਸ਼ਹਿਰ ਹੀ ਆਪਣੇ ਸਹੁਰੇ ਘਰ ਠਹਿਰੀ ਸੀ। ਪਾਸ਼ ਨੂੰ ਵੀ ਖ਼ਬਰ ਹੋ ਗਈ। ਉਹਨੇ ਮੈਨੂੰ ਫ਼ੋਨ ਕੀਤਾ, "ਨਿਮੋਹਿਓ, ਮੈਂ ਤੁਹਾਡੀ ਭੈਣ ਨੂੰ ਮਿਲਣ ਜਾ ਰਹੀ ਹਾਂ। ਸ਼ਾਮੀ ਚਾਰ ਵਜੇ। ਓਥੇ ਆ ਜਾਣਾ। ਮੁੱਦਤਾਂ ਹੋ ਗਈਆਂ ਨੇ...।"

ਮੈਨੂੰ ਸ਼ੌਂਕ ਚੜ੍ਹ ਗਿਆ। ਮੈਂ ਪਤਨੀ ਨੂੰ ਘਰ ਹੀ ਛੱਡ, ਪੂਰੇ ਚਾਰ ਵਜੇ ਸ਼ਾਮੀ ਜੀਤੋ ਦੇ ਸਹੁਰੇ ਘਰ ਪਹੁੰਚ ਗਿਆ।

ਰੱਬੋਂ ਉਸ ਦਿਨ ਵੀ ਬੱਦਲ਼ ਸਨ, ਪਰ ਏਨੇ ਕਾਲ਼ੇ ਤੇ ਘੁਲੇ ਹੋਏ ਨਹੀਂ ਸਨ। ਵਰ੍ਹਨ ਵਾਲੇ ਨਹੀਂ ਸਨ ਲੱਗਦੇ।

ਪਾਸ਼ ਅਜੇ ਨਹੀਂ ਸੀ ਆਈ ਹੋਈ। ਛੇਤੀ ਹੀ ਉਹ ਵੀ ਪਹੁੰਚ ਗਈ।

ਉਹਨੂੰ ਵੇਖ ਮੈਂ ਹੈਰਾਨ ਰਹਿ ਗਿਆ। ਉਹ ਢਲ਼ੀ ਹੋਈ ਉੱਕਾ ਨਹੀਂ ਸੀ। ਨਾ ਝੁਰੜਾਈ ਹੋਈ। ਕੁਝ ਵੱਡੀ ਜ਼ਰੂਰ ਸੀ, ਪਰ ਬਿਲਕੁਲ ਪਹਿਲੋਂ ਵਰਗੀ ਲੱਗਦੀ ਸੀ। ਸਗੋਂ ਪਹਿਲੋਂ ਨਾਲੋਂ ਵੀ ਸੁਹਣੀ। ਵਾਲ਼ ਨਵੇਂ ਅੰਦਾਜ਼ ਵਿਚ ਬਣੇ ਹੋਏ। ਕਾਲ਼ੇ। ਵਿਚ ਵਿਚ ਭੂਰੀਆਂ ਫਾਂਟਾਂ ਭਾਹਾਂ ਮਾਰਦੀਆਂ। ਸਜ ਧੱਜ ਕਮਾਲ ਦੀ। ਲਿਸ਼ਕ ਪੁਸ਼ਕ ਵੀ। ਮੈਂ ਵੇਖਦਾ ਰਹਿ ਗਿਆ।

ਉਹਦੀਆ ਨਜ਼ਰਾਂ ਵੀ ਮੇਰੇ 'ਤੇ ਸਨ। ਟੱਕ ਲਾਈ ਬੈਠੀ ਸੀ। ਫੇਰ ਬੋਲ ਪਈ, "ਹਾਇ ਵੇ ਰੱਬਾ! ਤੁਹਾਨੂੰ ਕੀ ਹੋ ਗਿਐ। ਕਿੰਨੇ ਬਦਲ ਗਏ ਹੋ। ਬੀਮਾਰ ਰਹੇ ਹੋ।"

ਮੇਰੇ ਤੋਂ ਪਹਿਲੋਂ ਜੀਤੋ ਬੋਲ ਪਈ, "ਨੀ ਸ਼ੁਭ ਸ਼ੁਭ ਬੋਲ। ਵੀਰ ਜੀ ਥੋੜ੍ਹੇ ਕੀਤਿਆਂ ਬੀਮਾਰ ਨਹੀਂ ਹੁੰਦੇ। ਬਿਲਕੁਲ ਠੀਕ ਨੇ।"

"ਨਹੀਂ, ਨਹੀਂ, ਬੜੇ ਬਦਲ ਗਏ ਨੇ। ਆਪਣੇ ਵੱਡੇ ਭਰਾ ਲੱਗਦੇ ਨੇ। ਨਹੀਂ, ਨਹੀਂ ..." ਪਾਸ਼ ਅੜੀ ਰਹੀ।

ਉਹਦੀ ਆਵਾਜ਼ ਵਿਚ ਚਾਅ ਨਹੀਂ ਸੀ ਰਿਹਾ। ਚੁੱਪ ਕਰ ਗਈ। ਨਜ਼ਰ ਨੀਵੀਂ ਪਾ ਲਈ ਉਹਨੇ। ਕੁਝ ਚਿਰ ਇੰਝ ਹੀ ਰਿਹਾ।

ਜੀਤੋ ਸਿਆਣੀ ਸੀ। ਸਾਨੂੰ ਮੌਕਾ ਦੇਣ ਲਈ ਉਹ ਅਛੋਪਲੇ ਹੀ ਬਾਹਰ ਚਲੀ ਗਈ।

ਮੈਂ ਪਾਸ਼ ਵੱਲ ਵੇਖ ਰਿਹਾ ਸਾਂ। ਸੋਚਦਾ ਸਾਂ, ਪਾਸ਼ ਉਠੇਗੀ ਤੇ ਮੈਨੂੰ ਜੱਫੀ ਪਾ ਲਵੇਗੀ। ਉਹ ਨਾ ਉਠੀ। ਮੈਂ ਸੋਚਿਆ, ਮੈਂ ਆਪ ਹੀ ਕਿਉਂ ਨਾ ਜਾ ਕੇ ਉਹਨੂੰ ਜੱਫੀ ਪਾ ਲਵਾਂ, ਪਰ ਮੈਥੋਂ ਵੀ ਉਠ ਨਾ ਹੋਇਆ।

ਅਖ਼ੀਰ ਪਾਸ਼ ਨੇ ਨਜ਼ਰ ਉਪਰ ਕੀਤੀ ਤੇ ਬੋਲੀ, "ਤੁਸੀਂ ਉਹ ਨਹੀਂ ਰਹੇ ... ਬਦਲ ਗਏ ਹੋ ਬਹੁਤ..."

"ਨਹੀਂ ਪਾਸ਼," ਮੈਥੋਂ ਟੋਕਿਆ ਗਿਆ, "ਮੈਂ ਨਹੀਂ ਬਦਲਿਆ, ਬਦਲ ਤੂੰ ਗਈ ਏਂ।"

ਪਾਸ਼ ਨੇ ਨਾਂਹ-ਕਰਦਾ ਸਿਰ ਹਿਲਾਇਆ ਤੇ ਨਜ਼ਰ ਫੇਰ ਨੀਵੀਂ ਪਾ ਲਈ। ਮੈਨੂੰ ਇੰਝ ਲੱਗਾ, ਜਿਵੇਂ ਉਹਨੂੰ ਮੇਰੀ ਹੋਂਦ ਦਾ ਅਹਿਸਾਸ ਹੀ ਨਹੀਂ ਸੀ ਰਿਹਾ।

ਮੈਂ ਉਠਿਆ ਤੇ ਬਾਹਰ ਨਿਕਲ ਗਿਆ। ਜੀਤੋ ਨੂੰ ਦੱਸੇ ਬਿਨਾਂ ਘਰ ਨੂੰ ਹੋ ਪਿਆ। ਮੀਂਹ ਵਰ੍ਹਨ ਲੱਗ ਪਿਆ ਹੋਇਆ ਸੀ। ਮੈਂ ਪਰਵਾਹ ਨਾ ਕੀਤੀ। ਭਿੱਜ ਗਿਆ। ਹੋਰ ਭਿੱਜ ਜਾਣ ਦਿੱਤਾ। ਰਾਹ 'ਚ ਆਪਣੇ ਆਪ ਨੂੰ ਸਮਝਾਉਂਦਾ ਆਇਆ, "ਸੁਣ ਭਾਈ! ਢਲ਼ੀ ਪਾਸ਼ ਨਹੀਂ, ਤੂੰ ਢਲ਼ਿਆ ਏਂ। ਝੁਰੜਾਈ ਪਾਸ਼ ਨਹੀਂ, ਤੂੰ ਝੁਰੜਾਇਆ ਏਂ। ਐਵੇਂ ਨਾ ਤੜਫਦਾ ਰਿਹਾ ਕਰ!" ਉਹ ਦਿਨ ਤੇ ਇਹ ਦਿਨ, ਮੇਰੇ ਮੂਹੋਂ ਕਾਸ਼! ਨਹੀਂ ਨਿਕਲਿਆ। 000

ਜਾਨਵਰ: ਕਹਾਣੀ: ਹਰੀਸ਼ ਕੁਮਾਰ

ਗਵਾਂਢੀਆਂ ਦੇ ਘਰੋਂ ਕੁੜੀ ਦੇ ਚੀਕਣ ਦੀ ਆਵਾਜ਼ ਆਉਂਦੀ ਹੈ, ਮੁੰਡਾ ਵੀ ਗਲ਼ ਪਾੜ ਕੇ ਰੋ ਰਿਹਾ ਹੈ। ਸ਼ਾਇਦ ਉਨ੍ਹਾਂ ਦੇ ਪਿਉ ਨੇ ਫੇਰ ਉਨ੍ਹਾਂ ਨੂੰ ਕੁੱਟਿਆ ਹੈ। "ਮਾੜੀ ਮਾੜੀ ਗੱਲ ਪਿੱਛੇ ਲੜਦੇ ਹਨ... ਲਹੂ ਪੀ ਰਖਿਆ ਕੰਜਰਾਂ ਨੇ... ਮੈਂ ਇਨ੍ਹਾਂ ਦੇ ਦਿਮਾਗ਼ ਸੈੱਟ ਕਰ ਦੂੰ...।" ਗਵਾਂਢੀ ਦੀ ਆਵਾਜ਼ ਆ ਰਹੀ ਹੈ। ਉਸਦੀ ਕੁੜੀ ਤੇ ਮੁੰਡਾ ਦੋਨੋ ਟੀਨ ਏਜਰ ਹੋ ਗਏ ਨੇ। ਘਰ ਤੋਂ ਸਕੂਲ ਤੇ ਸਕੂਲ ਤੋਂ ਘਰ। ਕੋਈ ਬਾਹਰੀ ਤੋਰਾ ਫੇਰਾ ਨਹੀਂ। ਮੁਹੱਲੇ ਵਿਚ ਖੇਡਣ ਦੀ ਇਜਾਜ਼ਤ ਨਹੀਂ। ਕੈਸੀ ਕੈਦ ਹੈ... ਮੈਨੂੰ ਲੱਗਦਾ ਉਹ ਤਿੰਨ ਬਿਸਵੇ ਦੇ ਘਰ ਦੀ ਕੈਦ ਵਿਚ ਜਦੋਂ ਆਪਣੀ ਆਜ਼ਾਦੀ ਦਾ ਪ੍ਰਗਟਾਵਾ ਕਰਦੇ ਲੜ ਪੈਂਦੇ ਹਨ ਤਾਂ ਪਿਉ ਤੋਂ ਕੁੱਟ ਖਾਂਦੇ ਹੋਏ ਚੀਕਦੇ ਨਹੀਂ, ਬਲਕਿ ਆਪਣੀ ਦੱਬੀ ਹੋਈ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ। ਉਸ ਲਈ ਉਨ੍ਹਾਂ ਕੋਲ ਜਿਵੇਂ ਢੁਕਵੇਂ ਸ਼ਬਦ ਹੀ ਨਾ ਹੋਣ। ਮੈਂ ਇਹ ਸਾਰਾ ਕੁਝ ਸੁਣਦੇ ਹੋਏ ਵੀ ਅਣਸੁਣਿਆ ਕਰ ਦਿੰਦਾ ਹਾਂ ...ਹੁਣ ਜਿਵੇਂ ਆਦਤ ਜਿਹੀ ਪੈ ਗਈ ਹੈ ....ਬਚਪਨ ਵਿਚ ਮੁਹੱਲੇ ਦੀ ਲੜਾਈ ਜਾਂ ਦਾਰੂ ਪੀ ਕੇ ਦੇਰ ਰਾਤ ਕਿਸੇ ਸ਼ਰਾਬੀ ਗਵਾਂਢੀ ਦੀਆਂ ਬੇਲੋੜੀਆਂ ਗਾਲ੍ਹਾਂ ਦੇ ਰੌਲੇ ਨੂੰ ਬੇਧਿਆਨਾ ਕਰਨ ਦੀ ਆਦਤ ਵਾਂਗ। ਵੈਸੇ ਵੀ ਜਿਸ ਗੱਲ ਦਾ ਕੋਈ ਹੱਲ ਨਾ ਹੋਵੇ, ਉਸਨੂੰ ਉਸਦੇ ਹਾਲ 'ਤੇ ਛੱਡ ਦੇਣਾ ਚਾਹੀਦਾ।

ਐਤਵਾਰ ਦਾ ਦਿਨ ਹੈ, ਅੱਜ ਸਾਰੇ ਘਰ ਹੀ ਹਨ। ਛੁੱਟੀ ਦਾ ਮਤਲਬ ਸਵੇਰੇ ਆਰਾਮ ਨਾਲ ਉਠਣ, ਨਹਾਉਣ ਧੋਣ ਤੇ ਖਾਣ ਪੀਣ ਦੇ ਇਰਦ ਗਿਰਦ ਘੁੰਮਦਾ ਹੈ। ਹਫਤੇ ਦੇ ਬਾਕੀ ਦਿਨ ਤਾਂ ਉਹੀ ਪੰਜ ਵਜੇ ਅਲਾਰਮ ਦਾ ਚੀਕ ਪੈਣਾ ਤੇ ਮਨਿੰਦਰ ਦਾ ਫਟਾਫਟ ਉਠ ਕੇ ਚਾਹ ਪਾਣੀ ਦਾ ਆਹਰ ਕਰਨਾ, ਬੱਚਿਆ ਦੀ ਸਕੂਲੀ ਵਰਦੀ ਪ੍ਰੈੱਸ ਕਰ ਕੇ ਰੱਖਣਾ ਤੇ ਉਨ੍ਹਾਂ ਦੇ ਟਿਫ਼ਿਨ ਤਿਆਰ ਕਰਨ ਦੀ ਰੋਜ਼ਾਨਾ ਦੁਹਰਾਈ 'ਚ ਹੀ ਲੰਘਦੇ ਹਨ। ਪਤੀ ਦੀ ਮਾਲਕੀ ਦਿੱਖ ਤੋਂ ਪਰੇ ਮੈਂ ਉਸ ਨਾਲ ਸਹਿਯੋਗ ਕਰਦਾ ਹਾਂ ਤੇ ਬੱਚਿਆਂ ਨੂੰ ਸਮੇਂ ਸਿਰ ਉਠਾ ਕੇ ਚਾਹ ਦੁੱਧ ਪਿਆਉਣ ਉਪਰੰਤ ਥੋੜ੍ਹੀ ਬਹੁਤ ਸੈਰ ਕਰਵਾ ਦਿੰਦਾ ਹਾਂ ਤਾ ਕਿ ਉਹ ਆਪਣੀ ਨੀਂਦ ਦੇ ਗ਼ਲਬੇ ਚੋਂ ਪੂਰੀ ਤਰ੍ਹਾਂ ਬਾਹਰ ਆ ਜਾਣ। ਫੇਰ ਉਨ੍ਹਾਂ ਨੂੰ ਨਵ੍ਹਾ ਧੁਵਾ ਕੇ, ਕੱਪੜੇ ਪਵਾ ਕੇ ਆਪਣੇ ਆਫਿਸ ਜਾਣ ਦੀ ਤਿਆਰੀ ਕਰਦਾ ਹਾਂ। ਇਹ ਸਾਰਾ ਵਰਤਾਰਾ ਸਮੇਂ ਨਾਲ ਇਕ ਯੁੱਧ ਲੜਨ ਵਾਂਗ ਹੁੰਦਾ ਹੈ। ਕਈ ਵਾਰ ਇਹ ਸਭ ਕੁਝ ਪਿਆਰ ਤੇ ਸਹਿਜਤਾ ਨਾਲ ਹੁੰਦਾ ਹੈ ਤੇ ਕਈ ਵਾਰ ਗੁੱਸੇ, ਖਿਝ ਤੇ ਤਲਖੀ ਦਾ ਜਾਨਵਰ ਸਾਡੇ ਉੱਪਰ ਸਵਾਰ ਹੋ ਜਾਂਦਾ ਹੈ।

ਪਿਤਾ ਜੀ ਸਵੇਰੇ ਸਾਝਰੇ ਉੱਠ ਕੇ ਸੈਰ ਲਈ ਚਲੇ ਜਾਂਦੇ ਹਨ, ਉਨ੍ਹਾਂ ਦੀ ਗ਼ੈਰ ਮੌਜੂਦਗੀ ਤੇ ਮੌਜੂਦਗੀ ਘਰ ਵਿਚ ਉਨ੍ਹਾਂ ਦੇ ਰੁਤਬੇ ਤੇ ਇਕ ਤਰ੍ਹਾਂ ਦੀ ਆਜ਼ਾਦੀ ਵਿਚਕਾਰ ਵੱਡਾ ਖਲਾਅ ਪੈਦਾ ਕਰ ਦਿੰਦੀ ਹੈ। ਬੱਚਿਆ ਨੂੰ ਉਨ੍ਹਾਂ ਦੇ ਸਾਹਮਣੇ ਘੂਰਨ ਜਾਂ ਸਾਡੇ ਦੋਹਾਂ ਦੇ ਖੁੱਲ੍ਹ ਕੇ ਉੱਚੀ ਆਵਾਜ਼ ਵਿਚ ਬਹਿਸਣ ਉੱਪਰ ਉਹ ਇਕ ਮਰਯਾਦਤ ਪਾਬੰਦੀ ਹਨ। ਸਾਡੀ ਹਾਲਤ ਉਦੋਂ ਇਸ ਤਰ੍ਹਾਂ ਹੁੰਦੀ ਹੈ ਜਿਵੇਂ ਕੋਈ ਪ੍ਰੈਸ਼ਰ ਕੁੱਕਰ ਸੀਟੀ ਜਾਮ ਹੋਣ ਕਾਰਨ ਫਟਣ ਲਈ ਤੜਫ ਰਿਹਾ ਹੋਵੇ।

ਮੈ ਸੋਚਦਾ ਹਾਂ ਕਿ ਘਰ ਵਿਚ ਇਕ ਸਾਊਂਡ ਪਰੂਫ਼ ਕਮਰਾ ਹੋਣਾ ਚਾਹੀਦਾ ਜਿੱਥੇ ਜਾ ਕੇ ਮੈਂ ਪੂਰੇ ਜ਼ੋਰ ਨਾਲ ਚੀਕਾਂ ਮਾਰ ਸਕਾਂ ਤੇ ਲੋਕ ਮੈਨੂ ਪਾਗ਼ਲ ਨਾ ਕਹਿ ਸਕਣ। ਇੱਥੇ ਹੀ ਮੈਂ ਮਨਿੰਦਰ, ਪਿਤਾ ਜੀ ਜਾਂ ਬੱਚਿਆ 'ਤੇ ਚਿੱਲਾਅ ਸਕਦਾ ਹਾਂ ਪਰ.....ਮੈਨੂ ਲੱਗਦਾ ਕਿ ਅਜਿਹੀ ਚੀਕ ਬੁਲਬੁਲੀ ਲਈ ਸਮਾਂ ਤੇ ਜਗ੍ਹਾ ਇੰਨੀ ਸੌਖੀ ਨਈਂ ਮਿਲਦੀ।

ਬਚਪਨ ਵਿਚ ਮੁਹੱਲੇ ਦੀ ਸਾਂਝੀ ਟੂਟੀ 'ਤੇ ਲੜਦੀਆਂ ਔਰਤਾਂ ਬਾਰੇ ਦ੍ਰਿਸ਼ ਮੇਰੇ ਜ਼ਿਹਨ ਵਿਚ

ਅਸਭਿਅਕ ਵਜੋਂ ਦਰਜ ਹਨ ਤੇ ਮੈਨੂ ਲੱਗਦਾ ਕਿ ਸਾਨੂੰ ਸਭਿਆਚਾਰੀ ਸ਼ਹਿਰੀਆਂ ਨੂੰ ਇੰਝ ਦਾ ਵਿਵਹਾਰ ਸ਼ੋਭਾ ਨਹੀ ਦਿੰਦਾ।

ਛੁੱਟੀ ਦਾ ਦਿਨ ਹੋਣ ਕਾਰਨ ਮਨਿੰਦਰ ਨੇ ਹਰ ਛੁੱਟੀ ਵਾਂਗ ਸਾਰੇ ਕੰਮ ਆਰਾਮ ਨਾਲ ਕਰਨ ਦੀ ਸੋਚੀ ਹੈ। ਅੱਜ ਉਹਨੇ ਸਾਗ ਧਰਨਾ ਹੈ। ਉਠ ਕੇ ਚਾਹ ਪੀਂਦੇ ਤੇ ਅਖਬਾਰ ਪੜ੍ਹਦੇ ਅੱਠ ਵੱਜ ਗਏ ਹਨ। ਮੈਂ ਤੇ ਬੱਚੇ ਵੀ ਅੱਜ ਸਾਢੇ ਸੱਤ ਵਜੇ ਤਕ ਸੁੱਤੇ ਹਾਂ। ਬੜਾ ਆਰਾਮਦਾਇਕ ਮਾਹੌਲ ਹੈ। ਘਰ ਜਿਵੇਂ ਆਪ ਕਿਸੇ ਸ਼ਾਂਤੀ ਚ ਹੋਵੇ। ਪਤਾ ਨਹੀਂ ਕਿਉਂ ਪਿਤਾ ਜੀ ਛੁੱਟੀ ਵਾਲੇ ਦਿਨ ਸਵੇਰੇ ਹੀ ਨ੍ਹਾ ਧੋ ਕੇ ਤਿਆਰ ਹੋ ਜਾਂਦੇ ਨੇ। ਉਹ ਅਖਬਾਰ ਪੜ੍ਹ ਰਹੇ ਹਨ। ਟੀਵੀ ਉੱਪਰ ਕਿਸੇ ਸੰਤ ਦਾ ਪ੍ਰਵਚਨ ਵੀ ਚੱਲ ਰਿਹਾ ਹੈ। ਪਰ ਉਨ੍ਹਾਂ ਦੇ ਕੰਨ ਤੇ ਦਿਮਾਗ਼ ਜਿਵੇਂ ਸਾਡੇ ਵੱਲ ਲੱਗਿਆ ਹੈ। ਉਨ੍ਹਾਂ ਦੀ ਇਹ ਸਾਰੀ ਲੀਲ੍ਹਾ ਜਿਵੇਂ ਕੁਝ ਕਹਿੰਦੀ ਹੈ। ਉਹ ਅੱਠ ਵਜਦੇ ਨੂੰ ਖਾਣਾ ਤਿਆਰ ਚਾਹੁੰਦੇ ਹਨ। ਫੇਰ ਉਹ ਅਚਾਨਕ ਸਾਗ ਚੀਰਦੀ ਮਨਿੰਦਰ ਕੋਲ਼ ਦੀ ਲੰਘਦੇ ਹਨ। ਮੈਂ ਤੇ ਬੱਚੇ ਚਾਹ ਪੀ ਰਹੇ ਹਾਂ। ਪੂਰੀ ਤਰ੍ਹਾਂ ਰਿਲੈਕਸ ਤੇ ਬੇਫਿਕਰ।

"ਭਾਈ ਅੱਠ ਵੱਜਣ ਆਲੇ ਹਨ, ਹੁਣ ਤੂੰ ਸਾਗ ਚੀਰਨ ਬੈਠੀ ਹੈਂ, ਕਦੋਂ ਚੀਰੇਂਗੀ, ਕਦੋਂ ਇਹ ਰਿੱਝੇਗਾ....ਜੇ ਸਾਗ ਧਰਨਾ ਸੀ ਤਾਂ ਸਵੇਰਾਂ ਉਠਦੀ....?" ਉਹ ਤੀਲੀ ਲਾ ਕੇ ਵਾਪਸ ਆਪਣੇ ਕਮਰੇ ਵਿਚ ਚਲੇ ਗਏ ਹਨ ਪਰ ਉਨ੍ਹਾਂ ਦੇ ਕੰਨ ਜਿਵੇਂ ਪਸਰ ਕੇ ਸਾਡੇ ਆਲ਼ੇ ਦੁਆਲ਼ੇ ਫੈਲ ਗਏ ਹੋਣ।

ਮਨਿੰਦਰ ਦੇ ਚਿਹਰੇ ਦੇ ਹਾਵ ਭਾਵ ਬਦਲ ਗਏ ਹਨ। ਪੂਰੇ ਕਮਰੇ ਵਿਚ ਤਲਖੀ ਛਾ ਗਈ ਹੈ। ਮੈਂ ਗੱਲ ਬੋਚਣ ਦੀ ਕੋਸ਼ਿਸ਼ ਕਰਦਾ ਹਾਂ। "ਇਹਨਾਂ ਦੀ ਤਾਂ ਆਦਤ ਹੈ ਆਢਾ ਲਾਉਣ ਦੀ....ਮੂਲੀਆਂ ਪਈਆਂ ਨੇ...ਕੱਦੂ ਕਸ਼ ਕਰ ਕੇ ਦੋ ਪਰੌਂਠੇ ਲਾਹ ਮਾਰ...ਆਪਾਂ ਤਾ ਰੋਟੀ ਹਾਲੇ ਠਹਿਰ ਕੇ ਹੀ ਖਾਣੀ ਹੈ।"

ਮਨਿੰਦਰ ਬਿਨਾਂ ਕੁਝ ਕਹੇ ਸਾਗ ਚੀਰਨਾ ਛੱਡ ਦਿੰਦੀ ਹੈ। ਰਸੋਈ ਵਿਚ ਭਾਂਡੇ ਖੜਕਣ ਦੀ ਆਵਾਜ਼ ਕੁਝ ਉੱਚੀ ਹੈ। ਉਹ ਕੁਝ ਬੁੜਬੁੜਾਉਂਦੀ ਵੀ ਹੈ...ਮੇਰਾ ਦਿਮਾਗ਼ ਚੀਖਣਾ ਚਾਹੁੰਦਾ ਹੈ ...ਮੇਰੇ ਅੰਦਰ ਜਿਵੇਂ ਨਹੁੰਦਰਾਂ ਵੱਜਦੀਆਂ ਹੋਣ...ਪਰ ਮੈਂ ਬੱਚਿਆਂ ਨੂੰ ਲੈ ਕੇ ਘਰ ਦੇ ਬਾਹਰ ਸੈਰ ਕਰਨ ਲੱਗਦਾ ਹਾਂ। ਮੇਰਾ ਦਿਮਾਗ਼ ਹਾਲੇ ਵੀ ਘਰ 'ਚ ਹੈ।

'ਮਾਂ ਦੇ ਮਰਨ ਤੋਂ ਬਾਅਦ ਵੀ ਪਿਤਾ ਜੀ ਦੀਆਂ ਆਦਤਾਂ ਨਹੀਂ ਬਦਲੀਆਂ। ਉਹੀ ਨਘੋਚੀ ਸੁਭਾਅ, ਘਰ ਵਿਚ ਤਣਾਉ ਸਿਰਜੀ ਰੱਖਣਾ...ਹੁਣ ਤਾਂ ਰਿਟਾਇਰ ਵੀ ਹੋ ਗਏ ਹਨ...ਜਮਾ ਵਿਹਲੇ ...ਕੋਈ ਕੰਮ ਨਹੀਂ...ਸਵੇਰੇ ਹੀ ਨਵੇਂ ਪ੍ਰੈੱਸ ਕੀਤੇ ਕਪੜੇ ਪਾ ਕੇ ਬਹਿ ਜਾਣਾ...ਤੇ ਫੇਰ ਰੋਟੀ ਖਾ ਕੇ ਬਿਸਤਰੇ 'ਤੇ ਪੈ ਜਾਣਾ...ਬਈ ਜੇ ਕਿਤੇ ਜਾਣਾ ਈ ਨਹੀਂ ਤਾਂ ਨਵੇਂ ਪ੍ਰੈੱਸ ਕੀਤੇ ਕਪੜਿਆ ਦਾ ਕਿਉਂ ਨਾਸ ਮਾਰਿਆ...ਬੇਲੋੜੀ ਭੁੱਖ ਦਾ ਸ਼ਿਕਾਰ...ਹਾਜਮੇ ਤੇ ਕਬਜੀ ਦੇ ਚੂਰਨਾਂ ਦੇ ਫੱਕੇ...ਦਿਨ 'ਚ ਤਿੰਨ ਤਿੰਨ ਵਾਰੀ ਜੰਗਲ ਪਾਣੀ।' ਮੈਨੂ ਪਿਤਾ ਜੀ ਉੱਪਰ ਗੁੱਸਾ ਆਉਂਦਾ। ਲੱਗਦਾ ਮਾਂ ਦੀ ਬਿਮਾਰੀ ਤੇ ਬੇਵਕਤੀ ਮੌਤ ਲਈ ਉਨ੍ਹਾਂ ਦਾ ਇਹ ਖਿਝਾਊ ਸੁਭਾਅ ਹੀ ਜ਼ਿੰਮੇਵਾਰ ਸੀ। ਪਰ ਫੇਰ ਵੀ ਪਿਤਾ ਜੀ ਲਈ ਮੇਰੇ ਮਨ ਵਿਚ ਪਿਆਰ ਤੇ ਫਿਕਰ ਵੀ ਜਿਉਂਦਾ ਹੈ, ਉਨ੍ਹਾਂ ਨੇ ਉਨ੍ਹਾਂ ਦੇ ਸਾਰੇ ਨਖਰੇ ਝੱਲਣ ਵਾਲੀ ਪਤਨੀ ਗੰਵਾਈ ਹੈ ਤੇ ਮੈਂ ਉਨ੍ਹਾਂ ਦਾ ਲਗਪਗ ਸਹਾਰਾ ਹਾਂ?

ਮੈ ਮਨਿੰਦਰ ਦੇ ਨਾਲ ਹਰ ਕੰਮ 'ਚ ਸਹਿਯੋਗ ਕਰਦਾ ਹਾਂ। ਮੈਨੂ ਲੱਗਦਾ ਮੇਰੇ ਅੰਦਰ ਮੇਰੀ ਮਾਂ ਜਿਉਂਦੀ ਹੈ, ਮੈਨੂ ਮਨਿੰਦਰ ਦਾ ਚਿਹਰਾ ਕਈ ਵਾਰ ਮਾਂ ਦੇ ਚਿਹਰੇ ਵਰਗਾ ਲੱਗਦਾ ਹੈ।

ਖਿਝ ਅਤੇ ਗੁੱਸੇ ਵਿਚ ਪਰੌਂਠੇ ਲਾਹ ਕੇ ਉਹ ਪਿਤਾ ਜੀ ਨੂੰ ਤੋਰਦੀ ਹੈ ਤੇ ਫੇਰ ਉਸਦੇ ਗੁਭ ਗੁਭਾਟ ਲਈ ਮੈਂ ਭੀਸ਼ਮ ਪਿਤਾਮਾ ਵਾਂਗ ਉਸਦੇ ਸਾਰੇ ਤੀਰਾਂ ਲਈ ਆਪਣੀ ਛਾਤੀ ਅੱਗੇ ਕਰ ਦਿੰਦਾ ਹਾਂ। ਹੁਣ ਇਹ ਇਕ ਆਦਤ ਬਣ ਗਈ ਹੈ ਤੇ ਮਨਿੰਦਰ ਨੇ ਵੀ ਗੁੱਸੇ ਨੂੰ ਇਕ ਹੱਦ ਤਕ ਪੀਣਾ

ਜਿਵੇਂ ਸਿੱਖ ਲਿਆ ਹੋਵੇ।

ਨਹੀਂ ਤਾਂ ਉਹ ਸਾਗ ਕਾਹਦਾ ਧਰਦੀ ਹੈ...ਸਾਰੇ ਘਰ ਨੂੰ ਹੀ ਚੁੱਲ੍ਹੇ 'ਤੇ ਚੜ੍ਹਾ ਦਿੰਦੀ ਹੈ। ਸ਼ਾਇਦ ਉਹ ਇਸਨੂੰ ਖੇਚਲ਼ ਮੰਨਦੀ ਹੋਵੇ। ਸਾਗ ਚੀਰਨ ਤੇ ਉਸ ਵਿਚੋਂ ਬੇਲੋੜਾ ਨਦੀਨ ਕੱਢਣ ਵਿਚ ਉਸਨੇ ਪੂਰਾ ਸਮਾਂ ਲਾਉਣਾ...ਪਤਾ ਨਹੀਂ ਉਹ ਸੁਗੀ ਵੱਧ ਹੈ ਜਾਂ ਸਫਾਈ ਪਸੰਦ। ਛੁੱਟੀ ਦਾ ਦਿਨ ਹੋਣ ਕਾਰਨ ਉਹ ਲੋੜੋਂ ਵੱਧ ਬੇਫਿਕਰ ਜਾਪਦੀ ਹੈ। ਉਸ ਲਈ ਜਿਵੇਂ ਮੁਕਤੀ ਦਾ ਦਿਨ ਹੈ। ਨਹੀਂ ਤਾਂ ਸਵੇਰੇ ਪੰਜ ਵਜੇ ਤੋਂ ਬੱਚਿਆਂ ਦੀ ਵੈਨ ਆਉਣ ਤਕ ਉਹ ਮਸ਼ੀਨ ਬਣੀ ਰਹਿੰਦੀ ਹੈ। ਕਈ ਵਾਰ ਅੱਕੀ ਥੱਕੀ ਉਹ ਬੱਚਿਆਂ ਦੀਆਂ ਫਰਮੈਸ਼ਾਂ ਤੋਂ ਖਿਝ ਕੇ ਉਨ੍ਹਾਂ ਦੇ ਚੁਪੇੜ ਵੀ ਜੜ ਦਿੰਦੀ ਹੈ। ਪਿਤਾ ਜੀ ਇਸ ਦਾ ਬੁਰਾ ਮਨਾਉਂਦੇ ਹਨ। ਬੱਚਿਆਂ ਦੇ ਸਾਹਮਣੇ ਹੀ ਕਈ ਵਾਰ ਉਸਨੂੰ ਸਮਝਾਉਂਦੇ ਹਨ, "ਭਾਈ ਬੱਚਿਆਂ ਦੇ ਮਾਰਿਆ ਨਾ ਕਰ। ਸਵੇਰੇ ਹੀ ਇਨ੍ਹਾਂ ਦੇ ਥੱਪੜ ਜੜ ਦਿੱਤਾ, ਮੂਡ ਇਨ੍ਹਾਂ ਦਾ ਖਰਾਬ ਹੋ ਗਿਆ।...ਹੁਣ ਕੀ ਇਹ ਖਾ ਕੇ ਹਜਮ ਕਰ ਲੈਣਗੇ ਤੇ ਕੀ ਸਕੂਲ ਜਾ ਕੇ ਪੜ੍ਹ ਲੈਣਗੇ?" ਉਹ ਕਈ ਵਾਰ ਪਿਤਾ ਜੀ ਦੀ ਇਸ ਦਖਲ ਅੰਦਾਜ਼ੀ ਤੋਂ ਫਟ ਪੈਂਦੀ ਹੈ, "ਡੈਡੀ ਤੁਸੀਂ ਇਸ ਮਾਮਲੇ 'ਚ ਨਾ ਪਿਆ ਕਰੋ ਤਾਂ ਬਿਹਤਰ ਹੈ...ਮੈਨੂੰ ਪਤਾ ਬਈ ਮੈਂ ਕਿਵੇਂ ਸਕੂਲ ਤੋਰਨੇ ਨੇ ਇਹ...ਇਹਨਾਂ ਨੂੰ ਐਂ ਮੇਰੇ ਸਿਰ ਨਾ ਚੜ੍ਹਾਓ..." ਇਸ ਮੌਕੇ ਮੈਂ ਵੀ ਉਸਦਾ ਸਾਥ ਦਿੰਦਾ ਹਾਂ। ਮੈਨੂ ਲੱਗਦਾ ਸ਼ਾਇਦ ਇਹੀ ਜ਼ਿਆਦਾ ਉਚਿਤ ਹੈ। ਕੰਮ ਦੀ ਖਿੱਚ ਤੇ ਘੜੀ ਦੀ ਰਫਤਾਰ ਵਿਚਕਾਰ ਫਸਿਆ ਬੰਦਾ ਖਿਝਦਾ ਹੀ ਹੈ। ਇਸੇ ਦੌਰਾਨ ਕਦੇ ਬੱਚੇ ਨੇ ਟੋਇਲੇਟ ਜਾਣਾ ਹੈ, ਕਦੇ ਉਸਨੇ ਕੁਝ ਖਾ ਕੇ ਉਲਟੀ ਕਰ ਦੇਣੀ ਹੈ...ਵਿਚੀਂ ਦਰਵਾਜ਼ੇ 'ਤੇ ਕੂੜੇ ਵਾਲੀ ਦੀ ਹਾਕ ਪੈਂਦੀ ਹੈ ...ਜੇ ਉਹ ਦੋ ਤਿੰਨ ਵਾਰ ਹਾਕ ਮਾਰ ਦਵੇ ਤਾਂ ਪਿਤਾ ਜੀ ਕਹਿੰਦੇ ਨੇ... "ਭਾਈ ਦਰਵਾਜ਼ੇ 'ਤੇ ਕੂੜੇ ਆਲ਼ੀ ਚੀਕਾਂ ਮਾਰੀ ਜਾਂਦੀ ਹੈ...ਉਹਨੂੰ ਵੀ ਸੁਣ ਲੋ .." ਕਦੇ ਕੋਈ ਮੰਗਣ ਵਾਲਾ ਜਾਂ ਸ਼ਨੀ ਦੇਵਤਾ ਦਰਵਾਜ਼ੇ 'ਤੇ ਆਪਣਾ ਰਾਗ ਅਲਾਪਣ ਲੱਗ ਜਾਂਦਾ ..ਦੋਧੀ ਵੀ ਉਸੇ ਟਾਈਮ ਆ ਖੜ੍ਹਦਾ ..ਤੇ ਇਹਨਾਂ ਸਾਰਿਆਂ ਨੂੰ ਅਟੈਂਡ ਕਰਨ ਦੀ ਜ਼ਿੰਮੇਵਾਰੀ ਮੇਰੀ ਤੇ ਮਨਿੰਦਰ ਦੀ ਹੀ ਹੈ। ਪਿਤਾ ਜੀ ਮੌਜ ਨਾਲ ਅਖਬਾਰ ਪੜ੍ਹਦੇ ਬਾਦਸ਼ਾਹਾਂ ਵਾਂਗੂੰ ਹੁਕਮ ਚਾੜ੍ਹਦੇ ਰਹਿਣਗੇ। ਆਪ ਕੋਈ ਸਹਿਯੋਗ ਨਹੀਂ ਕਰਦੇ। ਉਨ੍ਹਾਂ ਨੂੰ ਤਾਂ ਨਹਾ ਧੋ ਕੇ ਅਲਮਾਰੀ ਵਿਚੋਂ ਆਪਣੇ ਧੋਤੇ ਪ੍ਰੈੱਸ ਕੀਤੇ ਕਪੜੇ ਕੱਢਣੇ ਵੀ ਗਵਾਰਾ ਨਹੀਂ। ਇਹਨਾਂ ਸਾਰੇ ਹਾਲਾਤ ਵਿਚਕਾਰ ਮੈਂ ਤੇ ਮਨਿੰਦਰ ਇਕ ਦੂਜੇ ਦਾ ਆਖਿਰੀ ਸਹਾਰਾ ਹੁੰਦੇ ਹਾਂ।ਕਈ ਵਾਰ ਉਸਦੀ ਖਿਝ ਬੇਲੋੜੀ ਵੀ ਲੱਗਣ ਲੱਗ ਜਾਂਦੀ ਹੈ, ਮੇਰੇ ਅੰਦਰ ਦਾ ਜਾਨਵਰ ਨਹੁੰਦਰਾਂ ਮਾਰਨ ਲੱਗਦਾ ਹੈ ਤੇ ਮੇਰਾ ਜੀਅ ਕਰਦਾ ਕਿ ਮਨਿੰਦਰ ਦੇ ਖਿਝੇ ਹੋਏ ਮੂੰਹ ਨੂੰ ਮਾਰ ਮਾਰ ਚੁਪੇੜਾਂ ਰੰਗ ਦਿਆਂ ....ਪਰ ਮੈਂ ਉਸ ਨਾਲ ਕੇਵਲ ਬਹਿਸ ਕੇ ਹੀ ਸ਼ਾਂਤ ਹੋ ਜਾਣ ਵਿਚ ਆਪਣੇ ਅੰਦਰਲੇ ਨੂੰ ਸ਼ਾਂਤ ਕਰ ਲੈਂਦਾ ਹਾਂ। ਸ਼ਾਇਦ ਸਾਡੇ ਕੋਲ਼ ਗੁਭ ਗੁਭਾਟ ਕੱਢਣ ਲਈ ਕੋਈ ਆਪਸ਼ਨ ਨਹੀਂ ਬਚੀ, ਸਿਵਾਏ ਇਕ ਦੂਜੇ ਦੇ।

ਬੱਚਿਆਂ ਨੂੰ ਸ਼ੌਰਟ ਬ੍ਰੇਕ, ਲੰਚ ਬ੍ਰੇਕ ਦੇਣ ਦੇ ਪ੍ਰਾਈਵੇਟ ਸਕੂਲਾਂ ਦੇ ਢਕਵੰਜ...ਇਕ ਡੱਬੀ 'ਚ ਫਰੂਟ ਕੱਟ ਕੇ ਪਾਉ...ਇਕ 'ਚ ਪਰੌਂਠਾ...ਜਿਹੜੀ ਸਬਜ਼ੀ ਬੱਚੇ ਖਾਂਦੇ ਹਨ ਉਹ ਪਿਤਾ ਜੀ ਨਹੀਂ ਖਾਂਦੇ...ਇਸ ਲਈ ਅਲੱਗ ਅਲੱਗ ਸਬਜ਼ੀਆਂ ਬਣਾਉਣ ਦੀ ਕਾਹਲ਼...ਸ਼ੁਕਰ ਇਹ ਹੈ ਕਿ ਮਨਿੰਦਰ ਹਾਊਸ ਵਾਈਫ ਹੈ, ਨਹੀਂ ਤਾਂ ਪਤਾ ਨਹੀਂ ਕੀ ਭਾਣਾ ਵਰਤਣਾ ਸੀ...ਮਾਂ ਦੀ ਮੌਤ ਤੋਂ ਬਾਅਦ ਉਸਨੇ ਪ੍ਰਾਇਵੇਟ ਸਕੂਲ ਦੀ ਨੌਕਰੀ ਛੱਡ ਕਬੀਲਦਾਰੀ ਸਾਂਭਣ ਵੱਲ ਹੀ ਸਾਰਾ ਧਿਆਨ ਲਾ ਦਿੱਤਾ। ਪਿਤਾ ਜੀ ਨੂੰ ਦੂਜਾ ਵਿਆਹ ਕਰਨ ਦੀ ਸਲਾਹ ਦੇਣ ਵਾਲੇ ਅੱਗ ਲਾਊ ਸ਼ਰੀਕ ਬਥੇਰੇ ਸੀ। ਸਾਲ ਦੋ ਸਾਲ ਸਾਨੂੰ ਸੂਲ਼ੀ 'ਤੇ ਚਾੜ੍ਹ ਕੇ ਰਖਿਆ ਉਨ੍ਹਾਂ ਨੇ...ਫੇਰ ਕੁਝ ਅਧਿਆਤਮਕ ਯਾਤਰਾਵਾਂ ਤੇ ਰਿਸ਼ਤੇਦਾਰਾਂ ਦੀ ਝਿੜਕ ਨਾਲ ਉਹ ਆਪਣੀ ਉਮਰ ਦਾ ਲਿਹਾਜ਼ ਤੇ ਘਰ ਦੀ ਇਜ਼ਤ ਸਮਝਣ ਦੇ ਲਾਇਕ ਬਣੇ ਤੇ ਆਪਣੀ ਜ਼ਿੱਦ ਛੱਡ ਦਿੱਤੀ। ਸ਼ਰੀਕਾਂ ਦੇ ਦਿਲਾਂ 'ਤੇ ਸੱਪ ਲੇਟਦੇ ਰਹਿ ਗਏ।

ਬੱਚਿਆਂ ਨੂੰ ਸੰਵਾਉਂਦੇ ਤੇ ਘਰ ਦਾ ਕੰਮ ਨਿਪਟਾਉਣ ਤਕ ਰਾਤ ਦੇ ਗਿਆਰਾਂ ਵੱਜ ਜਾਂਦੇ ਹਨ। ਸਾਡੇ ਕੋਲ਼ ਗੱਲਬਾਤ ਕਰਨ ਲਈ ਉਹੀ ਸਮਾਂ ਬਚਦਾ ਹੈ ਪਰ ਸਵੇਰੇ ਸਮੇਂ ਨਾਲ ਉਠਣ ਦੀ ਪਾਬੰਦੀ ਅਤੇ ਸਰੀਰਕ ਥਕਾਣ ਇਸ ਸਮੇਂ ਉੱਪਰ ਡਾਕਾ ਮਾਰ ਲੈਂਦੀ ਹੈ। ਜੇਕਰ ਅਗਲੇ ਦਿਨ ਛੁੱਟੀ ਹੋਵੇ ਤਾਂ ਦਾਅ ਲੱਗ ਜਾਂਦਾ ਹੈ। ਸਰੀਰਕ ਤੇ ਮਾਨਸਿਕ ਗੁੰਝਲਾਂ ਸੁਲਝਾਉਣ ਦੇ ਕੁਝ ਪਲ ਸੁਖਾਵੇਂ ਬਣ ਜਾਂਦੇ ਹਨ। ਕਈ ਵਾਰ ਬਹੁਤ ਸੁਖਾਵਾਂ ਮਾਹੌਲ ਹੁੰਦਾ ਹੈ, ਅਸੀਂ ਪੂਰੇ ਮੂਡ 'ਚ ਹੁੰਦੇ ਹਾਂ ਕਿ ਅਚਾਨਕ...ਮਨਿੰਦਰ ਦੀ ਮਾਂ ਦਾ ਫੋਨ ਆ ਜਾਂਦਾ ਹੈ, ਉਹਨੇ ਬਹੁਤਾ ਆਪਣੇ ਘਰ ਦੇ ਕਲੇਸ਼ਾਂ ਦੀ ਫਰਿਸਤ ਉਹਦੇ ਅੱਗੇ ਫਰੋਲ ਦੇਣੀ ਹੁੰਦੀ ਹੈ...ਤੇ ਬਸ...ਸਾਰੇ ਮੂਡ ਦਾ ਬੇੜਾ ਗਰਕ ਹੋ ਜਾਂਦਾ ਹੈ। ...ਮੈਂ ਮਨ ਵਿਚ ਬਹਿ ਗਾਲ੍ਹਾਂ ਸੱਸ ਨੂੰ ਕੱਢਦਾ ਹਾਂ ... "ਯਾਰ ਮੈਨੂ ਇਹ ਨੀ ਸਮਝ ਆਉਂਦੀ ਬਈ ਇਹਨੂੰ ਐਂ ਨੀ ਪਤਾ ਕਿ ਰਾਤ ਨੂੰ ਸੌਣ ਲੱਗੇ ਤੁਸੀਂ ਆਪਣੀ ਕਿਸਮਤ ਦੇ ਰੋਣੇ ਦੀ ਉਲਟੀ ਦੂਜੇ ਦੇ ਦਿਮਾਗ਼ 'ਚ ਕਰ ਕੇ ਕਿਹੜਾ ਸੁਖ ਪ੍ਰਾਪਤ ਕਰ ਲੈਂਦੇ ਹੋ ...ਭੈਣ....ਸਾਲਾ ਲੋਕਾਂ ਦਾ ਜਮਾ ਸਰਿਆ ਪਿਆ।" ਮੇਰੇ ਅੰਦਰ ਦਾ ਜਾਨਵਰ ਮੇਰਾ ਦਿਮਾਗ਼ ਘੁਮਾ ਦਿੰਦਾ ਹੈ। ਇਉਂ ਲੱਗਦਾ ਕਿ ਦਿਮਾਗ਼ ਵਿਚ ਵਿਸਫੋਟ ਹੋ ਜਾਵੇਗਾ ਜੇ ਮੈਂ ਚੁੱਪ ਰਿਹਾ...! ਮੈ ਮਨਿੰਦਰ ਦੇ ਮੁਰਝਾਏ ਤੇ ਉਦਾਸ ਚਿਹਰੇ ਵੱਲ ਦੇਖ ਕੇ ਖਿਝਦਾ ਹਾਂ..."ਯਾਰ ਮੰਮੀ ਆਪਣਾ ਦੁਖੜਾ ਰੋ ਕੇ ਆਪ ਤਾਂ ਹੁਣ ਮੌਜ ਨਾਲ ਸੌਂ ਜੂ ...ਇਹਨੂੰ ਇਹੀ ਟਾਈਮ ਮਿਲਦਾ ਸਾਡਾ ਦਿਮਾਗ਼ ਖਰਾਬ ਕਰਨ ਲਈ..."। ਮਨਿੰਦਰ ਆਪਣੀ ਮਾਂ ਦੇ ਦੁੱਖ ਦੀ ਖਿਝ ਮੇਰੇ ਉੱਪਰ ਲਾਹੁੰਦੀ ਹੈ। "ਉਹ ਤਾਂ ਕਰੂਗੀ ਗੱਲ...ਹੋਰ ਕੀਹਦੇ ਨਾਲ ਕਰੇ ...ਮਾਂ ਐ ਉਹ ਮੇਰੀ...ਥੋਡੇ ਪਿਉ ਨੂੰ ਮੈਂ ਸਾਰੀ ਦਿਹਾੜੀ ਝੱਲਦੀ ਆਂ...ਉਹਨੂੰ ਵੀ ਚੁੱਪ ਕਰਾ ਲਿਆ ਕਰੋ...।" ਮੈ ਕਚੀਚੀਆਂ ਵੱਟ ਕੇ ਰਹਿ ਜਾਨਾਂ। ਸਾਡੇ ਕਮਰੇ ਦੇ ਲਾਗੇ ਹੀ ਪਿਤਾ ਜੀ ਪਏ ਹਨ। ਉਨ੍ਹਾਂ ਦੇ ਕੰਨ ਸਾਰੇ ਘਰ ਵਿਚ ਫੈਲੇ ਹਨ। ਅਸੀਂ ਤਾਂ ਖੁੱਲ੍ਹ ਕੇ ਲੜ ਵੀ ਨਹੀਂ ਸਕਦੇ। ਕਈ ਵਾਰ ਇਹ ਡਿਸਿਪਲਿਨ ਚੰਗਾ ਵੀ ਲੱਗਦਾ ਹੈ ਤੇ ਕਈ ਵਾਰ ਕੈਦ ਤੋਂ ਵੀ ਬਦਤਰ। ਅਸੀਂ ਦੋਵੇਂ ਮੂੰਹ ਬੰਨ੍ਹ ਕੇ ਸੌਂ ਜਾਂਦੇ ਹਾਂ। ਕਈ ਵਾਰ ਧੱਕੇ ਨਾਲ ਜੇਕਰ ਆਪਣੇ ਮਨ ਨੂੰ ਭੁਲੇਖਾ ਦੇ ਕੇ ਨੇੜੇ ਵੀ ਹੋ ਜਾਈਏ ਤਾਂ ਇੰਝ ਲੱਗਦਾ ਜਿਵੇਂ ਇਕ ਜਿਉਂਦਾ ਹੋਵੇ ਤੇ ਇਕ ਜਿੰਦਾ ਲਾਸ਼ ਬਣ ਕੇ ਸਿਰਫ ਇਕ ਮਜਬੂਰੀ ਪੂਰੀ ਕਰ ਰਿਹਾ ਹੋਵੇ।

ਮੈਨੂ ਮਾਂ ਦੀ ਯਾਦ ਆਉਂਦੀ ਹੈ..."ਤੈਨੂ ਐਨੀ ਛੇਤੀ ਮਰਨ ਦੀ ਕੀ ਕਾਹਲ਼ ਸੀ ਮਾਂ...?"

ਅਗਲੇ ਦਿਨ ਕੁਝ ਲੇਟ ਜਾਗਣ 'ਤੇ "ਭਾਈ ਬੱਚਿਆ ਨੂੰ ਉਠਾਉ ...ਮਾੜਾ ਮੋਟਾ ਨਹਾ ਧੋ ਕੇ ਪੂਜਾ ਪਾਠ ਦੀ ਆਦਤ ਪਾਉ" ਵਾਲਾ ਸੰਦੇਹਾਂ ਉਠਣ ਦਾ ਪ੍ਰਵਚਨ ਪਿਤਾ ਜੀ ਦੇ ਮੂੰਹੋਂ ਐਂ ਲੱਗਦਾ ਜਿਵੇਂ ਕੋਈ ਸਿਰ 'ਚ ਹਥੌੜੇ ਮਾਰ ਰਿਹਾ ਹੋਵੇ।

"ਕੋਈ ਨੀ, ਜਦੋਂ ਸਾਡੀ ਉਮਰ ਹੋਈ ਪੂਜਾ ਪਾਠ ਕਰਨ ਦੀ, ਕਸਰ ਵੀ ਕੱਢ ਲਾਂਗੇ...ਹੁਣ ਤੁਸੀਂ ਕਾਹਦੇ ਲਈ ਬੈਠੇ ਹੋ...ਸਾਡਾ ਪੂਜਾ ਪਾਠ ਤਾਂ ਰੋਜ਼ ਘਰ ਤੇ ਬੱਚਿਆ 'ਚ ਹੀ ਉਲਝ ਕੇ ਹੋ ਜਾਂਦਾ। ਤੁਹਾਡੇ ਕੋਲ ਬਥੇਰਾ ਟਾਈਮ ਹੈ...ਇਹ ਡਿਊਟੀ ਤੁਸੀਂ ਕਰ ਲਿਆ ਕਰੋ...!" ਮੈਂ ਤਲਖੀ ਨਾਲ ਕਦੇ ਕਦੇ ਫੁੱਟ ਪੈਂਦਾ ਹਾਂ।

ਪਿਤਾ ਜੀ ਨੂੰ ਇਸ ਤਰ੍ਹਾਂ ਦੇ ਤਰਕ 'ਤੇ ਸਿਰਫ ਇਕ ਹੀ ਜਵਾਬ ਆਉਂਦਾ ਹੈ, "ਆਹੋ ਹੁਣ ਤੂੰ ਮੈਨੂ ਮੱਤਾਂ ਦੇਣ ਆਲ਼ਾ ਹੋ ਗਿਆ...ਤੇਰੀ ਮਾਂ ਜਿਉਂਦੀ ਹੁੰਦੀ, ਤੈਨੂੰ ਇੰਨਾ ਬੋਲਣ ਤੇ ਘਰੋਂ ਕੱਢ ਦਿੰਦੀ।"

ਮੇਰਾ ਵੀ ਜੀਅ ਕਰਦਾ ਬਈ ਮੈਂ ਇਹ ਕੰਜਰ ਕਲੇਸ਼ ਛੱਡ ਕੇ ਭੱਜ ਜਾਵਾਂ...ਨਾ ਰਹੂ ਬਾਂਸ, ਤੇ ਨਾ ਰਹੂ ਬੰਸਰੀ...ਪਰ ਫੇਰ ਪਿਤਾ ਪ੍ਰਤੀ ਆਪਣੇ ਫਰਜ਼ ਦੇ ਸੰਸਕਾਰ ਮੈਨੂੰ ਰੋਕ ਲੈਂਦੇ ਨੇ।

ਮੈਂ ਮਨ ਵਿਚ ਸੋਚਦਾਂ ਕਿ ਕਾਸ਼ ਮਾਂ ਨੂੰ ਐਨਾ ਬੋਲਣ ਦੀ ਆਜ਼ਾਦੀ ਹੁੰਦੀ...ਉਹ ਤਾਂ ਮੈਨੂ ਵੀ ਸਮਝਾ ਕੇ ਚੁੱਪ ਕਰਾ ਦਿੰਦੀ ਸੀ। "ਤੇਰੇ ਪਿਉ ਦੀ ਜ਼ਿੱਦ ਨੂੰ ਮੈਂ ਜਾਣਦੀ ਆਂ ਪੁੱਤ...ਤੂੰ ਬਹੁਤਾ

ਨਾ ਬੋਲਿਆ ਕਰ ....ਇਸ ਬੰਦੇ ਨੇ ਸਮਾਜ ਵਿਚ ਤਾਂ ਬਹੁਤ ਗਿਆਨੀ - ਧਿਆਨੀ ਵਾਲੀ ਇਮੇਜ ਬਣਾ ਰੱਖੀ ਹੈ ਪਰ ਇਹ ਬੰਦਾ ਨਾ ਪਿਉ ਬਣ ਸਕਦਾ ਤੇ ਨ ਚੰਗਾ ਘਰਵਾਲਾ।...ਮੈਂ ਤਾਂ ਕੱਟ ਲੀ ਇਹਦੇ ਨਾਲ ਔਖੀ ਸੌਖੀ...ਬਾਕੀ ਵੀ ਕੱਟੀ ਜਾਊ। ਪਰ ਤੂੰ ਆਪਣਾ ਮਨ ਨਾ ਖਰਾਬ ਕਰ ...ਚੁੱਪ 'ਚ ਹੀ ਭਲਾ।"

ਹੁਣ ਮਾਂ ਦੀ ਕਹੀ ਗੱਲ ਮੈਂ ਮਨਿੰਦਰ ਕੋਲ ਦੁਹਰਾ ਛੱਡਦਾਂ।ਗੱਲ ਆਈ ਗਈ ਹੋ ਜਾਂਦੀ ਐ। ਜਿੰਨੇ ਦਿਨ ਪਿੰਡ ਨੀ ਜਾਂਦੇ, ਸ਼ਾਂਤ ਰਹਿੰਦੇ ਹਨ...ਫੇਰ ਜਦੋਂ ਪਿੰਡ ਜਾਣ ਲੱਗ ਜਾਣ...ਫੇਰ ਉਹੀ ਨਘੋਚਾਂ... ਉਹੀ ਪ੍ਰਵਚਨ...। ਛੁੱਟੀ ਵਾਲੇ ਦਿਨ ਟੀਵੀ ਦੀ ਆਵਾਜ਼ ਉੱਚੀ ਕਰ ਦੇਣਗੇ...ਜਿਵੇਂ ਸਾਨੂੰ ਸੁੱਤਿਆਂ ਪਿਆਂ ਨੂੰ ਡਿਸਟਰਬ ਕਰਨਾ ਹੋਵੇ...ਜੇਕਰ ਬੱਚੇ ਆਪਸ ਵਿਚ ਲੜਦੇ ਹੋਣਗੇ ਤਾਂ ਕੋਲ਼ ਬੈਠੇ ਉਨ੍ਹਾਂ ਦਾ ਤਮਾਸ਼ਾ ਦੇਖੀ ਜਾਣਗੇ...ਜੇਕਰ ਸਾਡੇ ਦੋਵਾਂ 'ਚੋਂ ਕੋਈ ਝਿੜਕ ਦਵੇ ਤਾ ਫੇਰ ਪ੍ਰਵਚਨ ਸ਼ੁਰੂ, "ਇਨ੍ਹਾਂ ਨੂੰ ਕੋਈ ਅਕਲ ਸਿਖਾਓ...ਪਿਆਰ ਨਾਲ ਸਮਝਾਓ..." ਪੁੱਛਣ ਆਲ਼ਾ ਹੋਵੇ ਬਈ ਇਕ ਜਣਾ ਤਾਂ ਰਸੋਈ 'ਚ ਉਲਝਿਆ...ਇਕ ਆਪਣੇ ਦਫਤਰ ਦੇ ਕੰਮ ਵਿਚ...ਤੁਸੀਂ ਬੱਚਿਆਂ ਕੋਲ ਬੈਠੇ ਕੀ ਕਰ ਰਹੇ ਹੋ...ਤੁਸੀਂ ਕੋਈ ਅਕਲ ਦੇ ਲਉ ਇਨ੍ਹਾਂ ਨੂੰ ..ਲੋਕਾਂ ਦੇ ਬਜ਼ੁਰਗ ਤਾਂ ਆਪਣੇ ਪੋਤੇ ਪੋਤਿਆਂ ਨੂੰ ਵੀਹ ਗੱਲਾਂ ਸਿਖਾਉਂਦੇ ਨੇ...ਪਾਰਕ 'ਚ ਘੁਮਾਉਣ ਲੈ ਜਾਂਦੇ ਨੇ ..ਮੈਂ ਕਈ ਵਾਰ ਆਂਢ ਗੁਆਂਢ ਆਲ਼ੇ ਅੰਕਲਾਂ ਦੀ ਉਦਾਹਰਨ ਪੇਸ਼ ਕਰਦਾਂ...ਫੇਰ ਉਹ ਜਾਣ ਬੁੱਝ ਕੇ ਬੱਚਿਆਂ ਨੂੰ ਪਿੰਡ ਲੈ ਕੇ ਤੁਰ ਪੈਣਗੇ...ਉੱਥੇ ਲਿਜਾ ਕੇ ਅਵਾਰਾ ਜਿਹੇ ਬੱਚਿਆਂ 'ਚ ਛੱਡ ਬੜੀ ਗ਼ੈਰ ਜ਼ਿੰਮੇਵਾਰੀ ਨਾਲ ਆਪ ਤਾਸ਼ ਕੁੱਟਣ ਲੱਗ ਜਾਣਗੇ। ਵੈਸੇ ਅਸੀਂ ਵੀ ਛੋਟੇ ਹੁੰਦੇ ਅਈਂ ਪਲੇ ਸੀ। ਹੁਣ ਇਨਫੈਕਸ਼ਨਾਂ ਵਧ ਗਈਆਂ ਹਨ। ਮਨਿੰਦਰ ਇਸ ਗੱਲ ਨੂੰ ਲੈ ਕੇ ਜ਼ਿਆਦਾ ਹੀ ਚੇਤੰਨ ਰਹਿੰਦੀ ਹੈ।

ਪਿਤਾ ਜੀ ਨੂੰ ਪਤਾ ਬਈ ਮਨਿੰਦਰ ਨੂੰ ਬੱਚਿਆਂ ਦਾ ਇਸ ਤਰ੍ਹਾਂ ਪਿੰਡ ਲੈ ਕੇ ਜਾਣਾ ਬਿਲਕੁਲ ਪਸੰਦ ਨਹੀਂ। ਸ਼ਹਿਰੀ ਲੋਕਾਂ ਵਿਚ ਜਾਂ ਸ਼ਹਿਰ ਦੇ ਪਾਰਕ 'ਚ ਬੱਚਿਆ ਨੂੰ ਲਿਜਾਣਾ ਉਨ੍ਹਾਂ ਲਈ ਸ਼ਰਮ ਦੀ ਗੱਲ ਹੈ...ਕਦੀ ਕਦੀ ਕਹਿਣਗੇ, "ਆਹੋ ਮੈਨੂ ਘਰ ਦਾ ਰਾਮੂ ਬਣਾ ਦਿਉ ...ਪਰ ਮੈਂ ਨੀ ਬਣਦਾ।"

ਮੈਨੂ ਲਗਦਾ ਕਿ ਸਿਆਣਿਆਂ ਸੱਚ ਕਿਹਾ ਕਿ ਕਈ ਗੱਲਾਂ ਦਾ ਦੁਨੀਆਂ 'ਚ ਕੋਈ ਹੱਲ ਨਹੀਂ। ਬਸ ਸਮੇਂ ਨੂੰ ਕਿਵੇਂ ਨਾ ਕਿਵੇਂ ਲੰਘਾਉਣਾ ਪੈਂਦਾ ਹੈ। ਤੇ ਮੈਂ ਇਕ ਇੰਤਜ਼ਾਰ 'ਚ ਗੁਆਚ ਜਾਨਾਂ...ਜਦੋਂ ਸ਼ਾਂਤ ਹੁੰਦਾ ਹਾਂ ਤਾਂ ਉਹ ਇੰਤਜ਼ਾਰ ਮੈਨੂੰ ਬੜਾ ਖਤਰਨਾਕ ਲੱਗਦਾ...ਆਪਣੇ ਆਪ 'ਤੇ ਹੀ ਗੁੱਸਾ ਆਉਂਦਾ ਕਿ ਆਹ ਕੀ ਸੋਚਣ ਲੱਗ ਪਿਆ...? ਅਗਲੇ ਦਿਨ ਸੀਨ ਹੋਰ ਹੁੰਦਾ ਹੈ। ਪਿਤਾ ਜੀ ਦੀ ਤਬੀਅਤ ਨੂੰ ਲੈ ਕੇ ਮਨਿੰਦਰ ਬਹੁਤ ਸੁਚੇਤ ਰਹਿੰਦੀ ਹੈ। ਸੇਵੀਆਂ, ਖਿਚੜੀ, ਦਲ਼ੀਆ ਭਾਵੇਂ ਉਹਨੂੰ ਖਾਣਾ ਪਸੰਦ ਨਹੀਂ ਪਰ ਉਹ ਪਿਤਾ ਜੀ ਦੀ ਇਹਨਾਂ ਚੀਜ਼ਾਂ ਬਾਰੇ ਪਸੰਦ ਦਾ ਖਿਆਲ ਰੱਖਦੀ ਹੈ। ਖਿਚੜੀ ਬਣਾਉ ਤਾਂ ਉਹਦੇ ਨਾਲ ਪਾਪੜ ਜ਼ਰੂਰ ਭੁੰਨ ਕੇ ਦਿਉ ਕਿਉਂਕਿ ਪਿਤਾ ਜੀ ਕੱਲੀ ਖਿਚੜੀ ਪਸੰਦ ਨਹੀਂ ਕਰਦੇ।

ਬੜਾ ਕਿਓਸ ਜਿਹਾ ਪੈਦਾ ਹੋ ਜਾਂਦਾ...ਸਾਰੀ ਖਿਝ ਤੇ ਚਿੜ ਪਿਆਰ ਤੇ ਮੋਹ ਦੀਆਂ ਤੰਦਾਂ ਵਿਚ ਉਲਝ ਕੇ ਰਹਿ ਜਾਂਦੀ ਹੈ। ਜ਼ਿੰਦਗੀ ਬਹੁਤੀ ਵਾਰ ਬੜੀ ਸੌਖੀ ਬੀਤ ਰਹੀ ਹੁੰਦੀ ਹੈ। ਸਾਰਾ ਕੁਝ ਸਹੀ ਹੋਣ ਲੱਗ ਪੈਂਦਾ।...ਅਸੀਂ ਸਾਰੇ ਇਕੋ ਕਮਰੇ ਚ ਬਹਿ ਹੱਸਦੇ ਗੱਲਾਂ ਮਾਰ ਰਹੇ ਹੁੰਦੇ ਹਾਂ ...ਵਿਆਹ ਜਾਂ ਫੰਕਸ਼ਨ ਅਟੈਂਡ ਕਰ ਰਹੇ ਹੁੰਦੇ ਹਾਂ...ਸਵੇਰ ਤੋਂ ਲੈ ਕੇ ਸ਼ਾਮ ਤਕ ਸਭ ਕੁਝ ਸੁਹਾਵਣਾ ਹੋ ਜਾਂਦਾ ਹੈ। ਪਿਤਾ ਜੀ, ਮਨਿੰਦਰ, ਮੈਂ ਤੇ ਬੱਚੇ ਸਭ ਵਧੀਆ ਮੂਡ 'ਚ ਜਿਉਣ ਲੱਗ ਪੈਂਦੇ ਹਾਂ। ..ਅਚਾਨਕ ਕੁਝ ਦਿਨਾਂ ਬਾਅਦ ਫੇਰ ਪਤਾ ਨੀ ਜਿਵੇਂ ਕੋਈ ਜਾਨਵਰ ਸਾਰਿਆਂ ਦੇ ਅੰਦਰ ਆ ਵੜਦਾ।

ਮੈਨੂ ਕਈ ਵਾਰ ਜ਼ਿੰਦਗੀ ਕੋਹਲੂ ਦੇ ਬਲ਼ਦਾਂ ਵਰਗੀ ਲੱਗਣ ਲੱਗ ਜਾਂਦੀ ਹੈ।"ਇਹ ਸਾਲ਼ਾ ਤਮਾਸ਼ਾ ਜਿਹਾ ਬਣਿਆ ਪਿਆ...ਚਲੋ ਮੰਨਿਆ ਬਈ ਅਸੀਂ ਤਾਂ ਹਾਂ ਹੀ ਕੋਹਲੂ ਦੇ ਬਲ਼ਦ ...ਪਰ ਆਹ ਬੱਚਿਆਂ ਨੂੰ ਕਿਉਂ ਜੋਤਿਆ ਨਾਲ। ਮਜਬੂਰੀ ਵਸ ਨਿੱਜੀ ਸਕੂਲਾਂ ਚ ਪਾ ਰਖਿਆ।...ਅਖੇ ਐਜੂਕੇਟਡ ਤੇ ਡਿਸਿਪਲਿਨਡ ਬੱਚੇ ਤਾਂ ਇਹਨਾਂ ਸਕੂਲਾਂ ਵਿਚ ਹੀ ਬਣਦੇ ਹਨ। ਪਰ ਕਿਸ ਕੀਮਤ ‘ਤੇ ...ਉਨ੍ਹਾਂ ਦਾ ਕੁਦਰਤੀ ਵਧਣ ਫੁੱਲਣ ਖੋਹ ਕੇ ...ਉਨ੍ਹਾਂ ਨੂੰ ਨਕਲੀ ਜਿਹਾ ਵਿਵਹਾਰ ਸਿਖਾ ਕੇ ਜਾਂ ਉਨ੍ਹਾਂ ਨੂੰ ਅੰਨ੍ਹੀ ਦੌੜ ਵਿਚ ਸ਼ਾਮਲ ਕਰ ਕੇ...? ਕੰਪੀਟੀਸ਼ਨ ਇੰਨਾ ਕਿ ਆਉਣ ਵਾਲੇ ਕਾਰਪੋਰੇਟ ਨੁਮਾ ਮਾਹੌਲ ਵਿਚ ਮਾੜਾ ਧੀੜਾ ਤਾਂ ਕੁਝ ਵੀ ਨਾ ਖੱਟ ਸਕੇ।

ਕਈ ਵਾਰ ਲੱਗਦਾ ਕਿ ਅਸੀਂ ਸਾਰੇ ਕੋਈ ਸਰਾਪ ਝੱਲ ਰਹੇ ਹਾਂ। ਕਿਸੇ ਕਿਤਾਬ ‘ਚ ਪੜ੍ਹਿਆ ਸੀ ਕਿ ਬੰਦਾ ਆਪਣੇ ਕਰਮਾਂ ਦਾ ਫ਼ਲ ਭੋਗਦਾ ਹੈ। ਪਤਾ ਨਹੀਂ ਮੈਂ ਕੋਈ ਚੰਗਾ ਕੰਮ ਸ਼ਾਇਦ ਕੀਤਾ ਹੀ ਨਹੀਂ ਸੀ ...ਮੇਰੇ ਮਗਰ ਮੇਰੇ ਕਰਮ ਜਿਵੇਂ ਵੱਧ ਈ ਹੱਥ ਧੋ ਕੇ ਪੈ ਗਏ ਹੋਣ। ਫੇਰ ਦੂਜੇ ਪਾਸੇ ਮਨਿੰਦਰ, ਪਿਤਾ ਜੀ, ਸੱਸ ਜਾਂ ਪਿੰਡ ‘ਚ ਰਹਿੰਦੇ ਸ਼ਰੀਕ ਤੇ ਆਪਣੀ ਮਰ ਚੁੱਕੀ ਮਾਂ ਬਾਰੇ ਸੋਚਦਾਂ ...ਮੈਨੂੰ ਸਾਰੇ ਈ ਸਰਾਪੇ ਲੱਗਦੇ ਨੇ। ਜਦੋਂ ਸਾਰਾ ਕੁਝ ਠੀਕ ਚੱਲ ਰਿਹਾ ਹੁੰਦਾ ਤਾਂ ਐਂ ਲੱਗਦਾ ਕਿ ਏਨੇ ਵੀ ਮਾੜੇ ਕਰਮ ਨਹੀਂ ਕੀਤੇ। ਹਾਲਾਤ ਵੀ ਧੁੱਪ ਛਾਂ ਵਾਂਗੂ ਜਿਵੇਂ ਖੇਡਾਂ ਕਰ ਰਹੇ ਹੋਣ ਸਾਰਿਆਂ ਨਾਲ।

ਮੈਨੂੰ ਲੱਗਦਾ ਮੈਂ ਲੋੜ ਨਾਲੋਂ ਵੱਧ ਸੋਚਦਾਂ।ਪਤਾ ਨਹੀਂ ਕਿਉਂ ਬੇਫਿਕਰੀ ਮੇਰੇ ਨਾਲ ਬਹੁਤਾ ਕਿਉਂ ਨਹੀ ਰਹਿੰਦੀ।

ਮਾਂ ਨੇ ਘਰ ਲਈ ਆਪਣੇ ਸਰੀਰ ਨੂੰ ਸੁਆਹ ਕਰਤਾ। ਸਾਰੇ ਘਰ ਨੂੰ ਉਹ ਬੜੇ ਚਾਵਾਂ ਨਾਲ ਮਿੱਟੀ ਤੇ ਗੋਹੇ ਨਾਲ ਲਿਪਦੀ। ਗੰਦਗੀ ਤੇ ਕੂੜੇ ਤੋਂ ਉਹਨੂੰ ਸਖਤ ਨਫਰਤ ਸੀ। ਭਾਂਡਾ ਟੀਂਡਾ ਕਰਦੀ ਨੂੰ ਉਹਨੂੰ ਦਿਨ ਦੇ ਗਿਆਰਾਂ ਵੱਜ ਜਾਂਦੇ। ਫੇਰ ਉਹ ਹਫਤੇ ‘ਚ ਤਿੰਨ ਤਿੰਨ ਵਰਤ ਰੱਖਦੀ। ਕਿਸੇ ਮਹਿਮਾਨ ਨੇ ਘਰ ਆ ਜਾਣਾ ਤਾਂ ਉਹਨੇ ਚਾਚੇ ਤਾਇਆਂ ਦੇ ਘਰੇ ਨਾ ਠਹਿਰਨਾ। ਸਭ ਸਾਡੇ ਘਰ ਹੀ ਰੁਕਦੇ। ਕਿਉਂਕਿ ਜਿਹੜੀ ਪ੍ਰਾਹੁਣਚਾਰੀ ਮਾਂ ਕਰਦੀ, ਉਹ ਥੁੱਕੀਂ ਵੜੇ ਪਕਾਉਣ ਵਾਲੇ ਸ਼ਰੀਕਾਂ ਦੇ ਵਸ ਦੀ ਗੱਲ ਨਹੀਂ ਸੀ। ਉਨ੍ਹਾਂ ਨੂੰ ਕੇਵਲ ਅੱਗ ਲਾਊ ਯੰਤਰ ਹੀ ਮੰਨਿਆ ਮੈਂ...ਹੋ ਸਕਦਾ ਮੈ ਗ਼ਲਤ ਹੋਵਾਂ ...ਪਰ ਮੈਨੂ ਤਾਂ ਇਹੀ ਨਜ਼ਰ ਆਇਆ। ਜਿਉਂ ਜਿਉਂ ਘਰ ਦੇ ਭੈਣ ਭਰਾ ਵਿਆਹੇ ਜਾਣ ਲੱਗੇ, ਫ਼ਰਕ ਵਧਦਾ ਗਿਆ। ਜ਼ਮੀਨ ਮਕਾਨ ਵੰਡੇ ਗਏ ਤਾਂ ਸਾਂਝ ਵੀ ਮੁੱਕ ਗਈ। ਚਲੋ ਖੈਰ ਇਹ ਤਾਂ ਜੱਗ ਦੀ ਰੀਤ ਸੀ...ਪਰ ਬੰਦਾ ਘੱਟੋ ਘੱਟ ਆਪਣੇ ਬੀਵੀ ਬੱਚਿਆਂ ਨਾਲ ਤਾਂ ਮੇਰ ਰੱਖੇ।

ਪਿਤਾ ਜੀ ਨੇ ਕਦੇ ਵੀ ਮਾਂ ਦੀ ਪ੍ਰਸ਼ੰਸਾ ਨਹੀਂ ਸੀ ਕੀਤੀ। ਮੈਨੂੰ ਲਗਦਾ ਜਿਵੇਂ ਜ਼ਿੰਦਗੀ ‘ਚ ਉਨ੍ਹਾਂ ਦੀ ਕਿਸੇ ਨੇ ਪ੍ਰਸ਼ੰਸਾ ਨਹੀਂ ਕੀਤੀ ਸੀ। ਪਿਤਾ ਜੀ ਵਿਚ ਤਾਂ ਪ੍ਰਸ਼ੰਸਾ ਕਰਨ ਵਾਲਾ ਯੰਤਰ ਹੀ ਨਹੀਂ ਲੱਗਿਆ ਜਿਵੇਂ। ਉਹ ਤਾਂ ਬਸ ਨਘੋਚ ਕੱਢਣ ਜਾਂ ਆਏ ਗਏ ਦੇ ਸਾਹਮਣੇ ਮਾਂ ਦੀ ਬੇਇਜ਼ਤੀ ਕਰਨ ਦਾ ਕੋਈ ਮੌਕਾ ਨਾ ਖੁੰਝਣ ਦਿੰਦੇ। ਮੈਨੂੰ ਐਨਾ ਸਮਝ ਆਉਂਦਾ ਕਿ ਜੇ ਮਾਂ ਨੂੰ ਚੱਜ ਨਾਲ ਰੋਟੀ ਟੁੱਕ ਨਹੀਂ ਸੀ ਬਣਾਉਣਾ ਆਉਂਦਾ ਤਾਂ ਰਿਸ਼ਤੇਦਾਰ ਉਹਦੀ ਸਿਫਤ ਕਿਉਂ ਕਰਦੇ, ਸਾਡੇ ਘਰ ਹੀ ਕਿਉਂ ਅਪਣੱਤ ਨਾਲ ਠਹਿਰਦੇ? ਉਮਰ ਦੇ ਹਿਸਾਬ ਨਾਲ ਪਹਿਲਾਂ ਤਾਂ ਮਾਂ ਦਾ ਸਰੀਰ ਸਾਰੀਆਂ ਮਾਨਸਿਕ ਤੇ ਸਰੀਰਕ ਔਕੜਾਂ ਝੱਲੀ ਗਿਆ ਪਰ ਫੇਰ ....ਪਹਿਲਾਂ ਸਹਿਣ ਸ਼ਕਤੀ ਗੁਆਚੀ ..ਉਹ ਖਿਝ ਤੇ ਗੁੱਸੇ ਦਾ ਇਕ ਸਰੋਤ ਬਣ ਗਈ। ਫੇਰ ਮਿਹਦੇ ‘ਚ ਤੇਜ਼ਾਬ ਬਣਨ ਲੱਗਿਆ ...ਫੇਰ ਗੋਡੇ ਦਰਦ ਕਰਨ ਲੱਗੇ ..ਤੇ ਫੇਰ ਬੇਧਿਆਨੀ ਅਤੇ ਬੇਆਰਾਮੀ ਤੋਂ ਬਚਣ ਲਈ ਉਹ ਅੰਗ੍ਰੇਜ਼ੀ ਪੇਨ ਕਿਲਰ ਨਾ ਖ਼ਾਣੋ ਹਟੀ। ਅਖੀਰ ਉਸਨੂੰ ਕੈਂਸਰ ਨੇ ਨਿਗਲ ਲਿਆ। ਉਸਦੀ ਮੌਤ ਦਾ ਜ਼ਿੰਮੇਵਾਰ ਕੌਣ ਹੈ ....ਇਸ ਪ੍ਰਸ਼ਨ ਦਾ ਉੱਤਰ ਕਈ ਵਾਰ ਮੈਨੂ ਇਕ ਜਾਨਵਰ ‘ਚ ਬਦਲ ਦਿੰਦਾ ਹੈ ਤੇ ਫੇਰ

ਮੈਂ ਸਾਰੀ ਮਰਿਆਦਾ ਭੁੱਲ ਕੇ ਰਿਸ਼ਤਿਆਂ ਨਾਲ ਆਢਾ ਲਾ ਲੈਨਾਂ। ਮੈਨੂ ਰਿਸ਼ਤਿਆਂ ਤੋਂ ਨਫਰਤ ਹੋ ਗਈ ਹੈ ਤੇ ਸਮਾਜ ਨਾਲੋਂ ਕਿਤੇ ਵੱਧ ਪਿਆਰ ਆਪਣੇ ਪਰਿਵਾਰ ਨਾਲ।

ਪਿਤਾ ਜੀ ਦੱਸਦੇ ਨੇ..."ਓਏ ਮੇਰੇ ਪਿਉ ਨੇ ਮੈਨੂ ਦਸਵੀਂ ਕਰਨ ਸਾਰ ਘਰੋਂ ਕੱਢਤਾ ਸੀ ..ਕਿ ਕਾਕਾ ਜਿੰਨਾ ਤੈਨੂੰ ਪੜ੍ਹਾਉਣਾ ਸੀ, ਪੜ੍ਹਾ ਤਾ। ਜਾਹ ਹੁਣ ਆਪਦਾ ਕਮਾ ਖਾ ...ਜੇ ਆਥਣ ਨੂੰ ਕੁਝ ਕਮਾ ਕੇ ਲਿਆਵੇਂਗਾ ਤਾਂ ਘਰੇ ਵੜ ਜੀਂ, ਨਹੀਂ ਤਾਂ ਮੈਨੂ ਆਪਣੀ ਸ਼ਕਲ ਨਾ ਦਿਖਾਈਂ। ਫੇਰ ਮੈਂ ਪਹਿਲਾਂ ਤਾਂ ਦੁਖੀ ਹੋਇਆ ਰੇਲਵੇ ਸਟੇਸ਼ਨ ਵੱਲ ਨੂੰ ਤੁਰ ਪਿਆ...ਜੀਅ ਕੀਤਾ ਬਈ ਗੱਡੀ ਥੱਲੇ ਆ ਕੇ ਮਰ ਜਾਂ...ਫੇਰ ਰਾਹ ‘ਚ ਪੈਂਦੀ ਇਕ ਵਰਕਸ਼ਾਪ ‘ਤੇ ਹੀ ਕੰਮ ਮਿਲ ਗਿਆ। ਸਾਰੀ ਦਿਹਾੜੀ ਕੰਮ ਕਰਦਾ ਤੇ ਦਿਹਾੜੀ ਦੇ ਪੈਸੇ ਤੇਰੇ ਬਾਬੇ ਨੂੰ ਫੜਾ ਦਿੰਦਾ। ਧੁੱਪ ਛਾਂ ਕੁਛ ਨੀ ਦੇਖਿਆ ...ਮਰ ਕੇ ਕੰਮ ਕੀਤਾ ..ਫੇਰ ਇਕ ਦਿਨ ਸਰਕਾਰੀ ਭਰਤੀ ਨਿਕਲੀ ਤਾਂ ਜਾ ਕੇ ਪੈਰ ਲੱਗੇ।"

ਅੱਛਾ ਤਾਂ ਹੁਣ ਆਪਣੇ ਪਿਉ ਦੇ ਜ਼ੁਲਮਾਂ ਦਾ ਬਦਲਾ ਤੁਸੀਂ ਸਾਡੀ ਮਾਂ ਤੋਂ ਲੈਣਾ ਜਾਂ ਸਾਥੋਂ। ਚੰਗਾ ਜਾਨਵਰ ਵਾੜਿਆ ਦਾਦੇ ਨੇ ਇਹਦੇ ਅੰਦਰ। ਮੈਂ ਮਨ ‘ਚ ਸੋਚ ਕੇ ਡਰ ਜਾਨਾਂ ਤੇ ਕਈ ਵਾਰ ਮੈਨੂ ਲੱਗਦਾ ਕਿ ਇਹ ਜਾਨਵਰ ਮੇਰੇ ਅੰਦਰ ਵੀ ਕਿਤੇ ਜਨਮ ਤਾਂ ਨੀ ਲੈ ਰਿਹਾ? ਮਨੋਵਿਗਿਆਨੀ ਫਰਾਇਡ ਵੀ ਅਜਿਹੀਆਂ ਗੱਲਾਂ ਲਿਖਦਾ। ਪਿਤਾ ਜੀ ਨੇ ਮਾਂ ਦੀ ਖਿਝ ਨੂੰ ਉਸਦੇ ਗੁੱਸੇ ਤੇ ਜ਼ੁਬਾਨ ਉੱਪਰ ਲਿਆਉਣ ਲਈ ਮਜਬੂਰ ਕੀਤਾ। ਫੇਰ ਉਹ ਕਈ ਕੁਝ ਬੋਲਦੀ...ਕੁੱਟ ਖਾਂਦੀ ਤੇ ਮੈਂ ਘਰ ਦੇ ਇਕ ਖੂੰਜੇ ਵਿਚ ਲੱਗਿਆ ਉਨ੍ਹਾਂ ਦੇ ਇਸ ਤਾਂਡਵ ਨੂੰ ਦੇਖਦਾ। ਗੁਆਂਢੀ ਆ ਕੇ ਛੁਡਾਉਂਦੇ। ਮੈਂ ਜਿਉਂ ਜਿਉਂ ਵੱਡਾ ਹੋਇਆ...ਮੈਂ ਮਾਂ ਦੀ ਧਿਰ ਬਣਨ ਲੱਗਿਆ। ਹੁਣ ਪਿਤਾ ਜੀ ਮਾਂ ‘ਤੇ ਹੱਥ ਚੁੱਕਣ ਤੋਂ ਬਚਦੇ। ਮੈਨੂ ਲਗਦਾ ਕਿ ਸ਼ਾਇਦ ਹੁਣ ਉਹ ਮੇਰੀ ਝੇਪ ਮੰਨਦੇ ਨੇ? ਮੇਰੇ ਅੰਦਰ ਦੱਬਿਆ ਜਾਨਵਰ ਜਿਵੇਂ ਉਨ੍ਹਾਂ ਨੂੰ ਮੇਰੀਆਂ ਅੱਖਾਂ ਚੋਂ ਝਾਕਦਾ ਨਜ਼ਰ ਆਉਣ ਲੱਗ ਪਿਆ ਸੀ। ਪਰ ਹੁਣ ਵਕਤ ਆਪਣਾ ਕੰਮ ਕਰ ਗਿਆ ਸੀ। ਮਾਂ ਦੀ ਸਿਹਤ ਦਿਨ ਬ ਦਿਨ ਵਿਗੜਨ ਲੱਗ ਪਈ ਸੀ।

ਮੈਂ ਬੈਂਕ ਕਰਮਚਾਰੀ ਯੂਨੀਅਨ ਦਾ ਸਰਗਰਮ ਵਰਕਰ ਬਣ ਗਿਆ ਸੀ। ਸਰਕਾਰ ਦੇ ਖਿਲਾਫ਼ ਬੋਲਦਿਆਂ, ਸਿਸਟਮ ਦੇ ਖਿਲਾਫ਼ ਆਪਣੀ ਭੜਾਸ ਕੱਢਦਿਆਂ ਮੈਨੂ ਲੱਗਦਾ ਜਿਵੇਂ ਮੈਨੂੰ ਚੀਕ ਬੁਲਬੁਲੀ ਲਈ ਯੋਗ ਥਾਂ ਮਿਲ ਗਈ ਹੋਵੇ। ਮੇਰੀ ਗਰਜਦੀ ਆਵਾਜ਼, ਕੰਨ ਪਾੜਦੇ ਨਾਅਰੇ ਮੇਰੇ ਅੰਦਰਲੇ ਨੂੰ ਜਿਵੇਂ ਸਕੂਨ ਦੇ ਰਹੇ ਹੁੰਦੇ ...ਅਸਲ ‘ਚ ਮੈਂ ਇਸ ਰੌਲ਼ੇ ਰੱਪੇ ਦੇ ਆਸਰੇ ਆਪਣੇ ਅੰਦਰ ਛਿਪੇ ਕਿਸੇ ਜਾਨਵਰ ਨੂੰ ਬਾਹਰ ਕੱਢ ਦੇਣ ਦੀ ਇਕ ਕੋਸ਼ਿਸ਼ ਕਰਦਾ। ਸ਼ਾਮ ਨੂੰ ਕਈ ਵੇਰੀ ਦੋ ਮੋਟੇ ਪੈੱਗ ਲਾ ਕੇ ਮੇਰਾ ਅੰਦਰਲਾ ਠਰਦਾ। ਮੇਰਾ ਭਰ ਹੋਇਆ ਸਿਰ ਜਿਵੇਂ ਸ਼ਾਂਤੀ ਤੇ ਸਕੂਨ ਮਹਿਸੂਸ ਕਰਦਾ। ਸਾਰੇ ਵਿਚਾਰ ਮੇਰੇ ਦਿਮਾਗ਼ ‘ਚ ਕੁਝ ਦੇਰ ਲਈ ਚੁੱਪ ਧਾਰ ਲੈਂਦੇ!

"ਆਹ ਤੜਕਾ ਕੱਚਾ ਈ ਪਿਆ ","ਕੜਾਹ ਵਿਚ ਆਹ ਕਾਲ਼ੀਆਂ ਕਾਲ਼ੀਆਂ ਬੱਤੀਆਂ ਜਿਹੀਆਂ ਕੀ ਨੇ, ਮੈਨੂ ਲਗਦਾ ਕਿ ਚੂਹੇ ਦੀਆਂ ਮੀਂਗਣਾਂ ਨੇ, ਆਟਾ ਛਾਣਿਆ ਸੀ ਸੰਵਾਰ ਕੇ ..", ਪਿਤਾ ਜੀ ਦੀਆਂ ਨਘੋਚਾਂ ਜਾਰੀ ਹਨ, ਬਸ ਸੁਣਨ ਵਾਲੇ ਕੰਨ ਬਦਲ ਗਏ ਹਨ। ਮਾਂ ਦੀ ਥਾਂ ਹੁਣ ਮੇਰੀ ਪਤਨੀ ਮਨਿੰਦਰ ਹੈ। ਪਰ ਅਜਿਹੇ ਮੌਕੇ ਮੈਂ ਮੱਲੋ ਮੱਲੀ ਉਸਦੀ ਧਿਰ ਬਣ ਕੇ ਖੜ੍ਹ ਜਾਂਦਾ ਹਾਂ। ਭਾਵੇਂ ਮੈਨੂੰ ਪਤਾ ਕਿ ਮਨਿੰਦਰ ਨੂੰ ਖਾਣਾ ਖਵਾਉਣ ਪਕਾਉਣ ਦਾ ਉਨਾ ਸ਼ੌਂਕ ਨਹੀ ਜਿੰਨਾ ਮਾਂ ਨੂੰ ਸੀ, ਪਰ ਫੇਰ ਵੀ ਪਤਾ ਨਹੀਂ ਕਿਉਂ ਮੇਰੇ ਅੰਦਰ ਇਸ ਮਾਮਲੇ ‘ਚ ਟੋਕਾ ਟਾਕੀ ਕਰਨ ਵਾਲੇ ਬੰਦੇ ਪ੍ਰਤੀ ਇਕ ਅਜੀਬ ਜਿਹੀ ਨਫਰਤ ਹੈ। ਕਈ ਵਾਰ ਮੈਂ ਵੀ ਜੇਕਰ ਗੁੱਸੇ ‘ਚ ਇਸ ਤਰ੍ਹਾਂ ਦੀ ਟੋਕ ਟੁਕਾਈ ਕਰਾਂ ਤਾਂ ਮੈਨੂੰ ਲੱਗਦਾ ਜਿਵੇਂ ਮੇਰੇ ਅੰਦਰ ਇਕ ਪਿਤਾ ਜਨਮ ਲੈ ਰਿਹਾ ਹੋਵੇ ਤੇ ਫੇਰ ਮੈਂ ਛੇਤੀ ਸੁਚੇਤ ਹੋ ਜਾਂਦਾ ਹਾਂ।

“ਮੈਂ ਤਾਂ ਜਿੱਦੇਂ ਦਾ ਜੰਮਿਆ, ਦਾਲ਼ ਸਬਜ਼ੀ ਏਹੀ ਬਣਦੀ ਦੇਖੀ ਐ ਤੇ ਤੁਹਾਨੂੰ ਮੀਨ ਮੇਖ ਕਰਦਿਆਂ, ਮੈਨੂੰ ਤਾਂ ਕਿਤੇ ਨੁਕਸ ਦਿਖਦਾ ਨਹੀਂ।”

"ਤੂੰ ਕਾਕਾ ਜੰਮਿਆ ਈ ਆਪਣੇ ਵਿਆਹ ਤੋਂ ਬਾਅਦ ਐਂ, ਪਹਿਲਾਂ ਕਿੱਥੇ ਹੁੰਦਾ ਸੀ ਤੂੰ?" ਉਹ ਤੀਰ ਛੱਡਦੇ।

"ਆਹੋ ਆਪਣੇ ਟੱਬਰ 'ਚ ਸ਼ਾਇਦ ਵਿਆਹ ਪਿੱਛੋਂ ਈ ਘਰਵਾਲਾ ਜੰਮਦਾ।" ਮੈਂ ਹਰ ਵਾਰ ਲਈ ਤਿਆਰ ਹੋ ਜਾਨਾਂ। ਮੈਨੂੰ ਲੱਗਦਾ ਕਿ ਹੁਣ ਕੁਝ ਬਚਾਉਣ ਦੀ ਲੋੜ ਹੈ, ਪਹਿਲਾਂ ਬਹੁਤ ਕੁਝ ਕੀਮਤੀ ਗੰਵਾ ਲਿਆ।

ਹੁਣ ਮੇਰਾ ਡਰ ਤੇ ਸ਼ਰਮ ਮਰ ਚੁੱਕੀ ਐ। ਮੈਂ ਆਪਣੇ ਹਿੱਸੇ ਦੇ ਸੁਖ ਨੂੰ ਹੁਣ ਅਜਾਈਂ ਬਰਬਾਦ ਨਹੀਂ ਹੋਣ ਦੇਣਾ। ਇਸ ਲਈ ਮੈਂ ਹਰ ਨਘੋਚ ਦਾ ਜਵਾਬ ਹਰ ਝੂਠੀ ਮਰਯਾਦਾ ਨੂੰ ਤੋੜ ਕੇ ਦਿੰਦਾ ਹਾਂ।

ਗੁਆਂਢੀਆਂ ਦੇ ਘਰੋਂ ਅੱਜ ਫੇਰ ਕੁੜੀ ਦੇ ਚੀਕਣ ਦੀ ਆਵਾਜ਼ ਆ ਰਹੀ ਹੈ... ਸ਼ੋਰ ਵਧ ਰਿਹਾ ਹੈ...ਬਾਹਰ ਦਰਵਾਜ਼ੇ 'ਤੇ ਸ਼ੋਰ ਫੈਲ ਰਿਹਾ ਹੈ। ਮੈਂ ਭੱਜ ਕੇ ਬਾਹਰ ਵੱਲ ਜਾਂਦਾ ਹਾਂ। ਕੁੜੀ ਦਵਾਜ਼ੇ 'ਤੇ ਖੜ੍ਹੀ ਚੀਕਾਂ ਮਾਰ ਰਹੀ ਹੈ। ਉਸਦੇ ਹੱਥ ਵਿਚ ਲਹੂ ਨਾਲ ਲਿਬੜੀ ਰਾਡ ਹੈ। ਅੱਜ ਉਸਨੇ ਆਪਣੇ ਪਿਉ ਉਪਰ ਹਮਲਾ ਕਰ ਦਿੱਤਾ ਹੈ। ਉਹ ਵੀ ਦਰਵਾਜ਼ੇ 'ਤੇ ਸਿਰ ਫੜੀ ਖੜ੍ਹਾ ਹੈ। ਮੈਂ ਤੇ ਨ਼ਾਲ ਦੀ ਇਕ ਹੋਰ ਗੁਆਂਢਣ ਡਰਦਿਆਂ ਡਰਦਿਆਂ ਕੁੜੀ ਨੂੰ ਸਾਂਭਦੇ ਹਾਂ। ਉਸਦੇ ਮੂੰਹ 'ਚੋਂ ਝੱਗ ਨਿਕਲ ਰਹੀ ਹੈ। ਉਸਦੇ ਸਰੀਰ ਵਿਚ ਅੰਨ੍ਹੀ ਤਾਕਤ ਆ ਗਈ ਹੈ, ਜਿਵੇਂ ਉਹ ਇਨਸਾਨ ਨਾ ਹੋਵੇ ਕੋਈ ਖੂੰਖਾਰ ਜਾਨਵਰ ਹੋਵੇ। ਅਸੀਂ ਮੁਸ਼ਕਿਲ ਨਾਲ ਉਸਨੂੰ ਗੁਆਂਢਣ ਦੇ ਘਰ ਛੱਡ ਆਉਂਦੇ ਹਾਂ।

"ਕੀ ਦੱਸੀਏ, ਜਦੋਂ ਦੀ ਕਾਲਿਜ ਜਾਣ ਲੱਗੀ ਐ...ਕਿਸੇ ਨੇ ਟੂਣਾ ਕਰਾਤਾ ਸਾਡੀ ਬੱਚੀ 'ਤੇ...ਕਸਰ ਜੀ ਹੋਣ ਲੱਗ ਪਈ ਇਸਨੂੰ ਸਾਲ ਦੀ...ਊਂ ਈ ਚਿੜ ਜਾਂਦੀ ਐ... ਗੁੱਸਾ ਦਿਮਾਗ਼ ਨੂੰ ਚੜ੍ਹ ਜਾਂਦਾ ਇਸਦੇ... ਕਿੰਨੀ ਹੁਸ਼ਿਆਰ ਸੀ ਪੜ੍ਹਾਈ 'ਚ... ਹੁਣ ਦੇਖ ਲਉ ਅੱਜ ਪਿਉ ਦੇ ਸਿਰ 'ਚ ਈ ਰਾਡ ਮਾਰੀ...।" ਕੁੜੀ ਦੀ ਮਾਂ ਨੇ ਕਹਾਣੀ ਬਣਾਈ।

ਕੁੜੀ ਦੇ ਪਿਉ ਨੂੰ ਉਹਦਾ ਮੁੰਡਾ ਸਕੂਟਰ 'ਤੇ ਪੱਟੀ ਕਰਾਉਣ ਲਈ ਡਾਕਟਰ ਕੋਲ਼ ਲੈ ਗਿਆ ਹੈ। ਹੌਲ਼ੀ ਹੌਲ਼ੀ ਰਾਤ ਟਿਕ ਗਈ ਹੈ। ਪਿਤਾ ਜੀ ਘਰੇ ਬੈਠੇ ਚਿੰਤਤ ਦਿਸ ਰਹੇ ਹਨ। ਅਸੀਂ ਸਾਰੇ ਵੀ ਉਨ੍ਹਾਂ ਕੋਲ਼ ਬੈਠੇ ਹਾਂ। "ਇਹਨੂੰ ਮੂਰਖ ਬੰਦੇ ਨੂੰ ਐਂ ਸਮਝ ਨਹੀਂ ਆਉਂਦੀ ਕਿ ਬੱਚੇ ਹੁਣ ਵੱਡੇ ਹੋ ਗਏ ਹਨ... ਉਨ੍ਹਾਂ ਨੂੰ ਐਵੀਂ ਘਰੇ ਤਾੜੀ ਰੱਖਣਾ, ਉਨ੍ਹਾਂ ਦੀ ਗੱਲ ਗੱਲ 'ਤੇ ਟੋਕਾ ਟਾਕੀ ਕਰਨੀ ਤੇ ਸਭ ਤੋਂ ਵੱਧ ਉਨ੍ਹਾਂ 'ਤੇ ਹੱਥ ਚੁੱਕਣਾ... ਮਾੜੀ ਗੱਲ ਹੈ। ਇਨ੍ਹਾਂ ਦੇ ਰੋਜ਼ ਈ ਚੀਕ ਚਿਹਾੜਾ ਮੱਚਿਆ ਰਹਿੰਦਾ ਸੀ...ਲੈ ਪਵਾ ਲੀਆਂ ਦਾਖਾਂ ਹੁਣ ਆਪਦੀ ਕੁੜੀ ਨੂੰ ... ਕਿੰਨਾ ਗ਼ੁੱਸਾ ਤੇ ਨਫਰਤ ਛੁਪੀ ਹੋਊ ਕੁੜੀ ਅੰਦਰ...ਨਹੀਂ ਐਂ ਕੋਈ ਪਿਉ ਦੇ ਸਿਰ 'ਚ ਰਾਡ ਮਾਰਦਾ...ਗਾਹਾਂ ਹਿਮਾਕਤ ਦੇਖੋ ਬਈ ਕੁੜੀ ਹੋ ਕੇ ਇਹ ਕਾਰਾ ਕਰਤਾ... ਮੁੰਡਾ ਤਾਂ ਨਹੀਂ ਚੁੱਪ ਕਰ ਕੇ ਕੁੱਟ ਖਾ ਲੈਂਦਾ ਸੀ। ...ਖੈਰ ਮਾੜਾ ਹੋਇਆ... ਕੁੜੀ ਤੇ ਪਿਉ ਵਿਚਾਲੇ ਸ਼ਰਮ ਦੀ ਤੰਦ ਟੁੱਟ ਗਈ... ਪਤਾ ਨੀ ਕੀ ਬਣੂੰ... ਕੁੜੀ ਨੂੰ ਨਾ ਮਾਰਦੇ ਸਹੁਰਾ...ਚੰਗੇ ਰਹਿਣ ਜੇ ਕੁਛ ਦਿਨ ਕੁੜੀ ਨੂੰ ਨਾਨਕੇ ਭੇਜ ਦੇਣ... ਮਨਿੰਦਰ ਪੁੱਤਰ ਤੂੰ ਹੁਣ ਜਾ ਕੇ ਕੁੜੀ ਦੀ ਮਾਂ ਨੂੰ ਸਮਝਾ ਦੀਂ...।"

ਅਸੀਂ ਸਾਰੇ ਪਿਤਾ ਜੀ ਦੀ ਗੱਲ ਬੜੇ ਧਿਆਨ ਨਾਲ ਸੁਣ ਰਹੇ ਹਾਂ। ਬੱਚੇ ਸੋਫਿਆਂ 'ਚ ਦੁਬਕੇ ਬੈਠੇ ਹਨ। ਗੱਪਾਂ ਮਾਰਦੇ ਕਦੋਂ ਸੌਣ ਦਾ ਵੇਲ਼ਾ ਹੋ ਗਿਆ, ਪਤਾ ਈ ਨਹੀਂ ਚੱਲਿਆ। ਪਤਾ ਨਹੀਂ ਕਿਉਂ ਬੜੀ ਗੂੜ੍ਹੀ ਨੀਂਦ ਆ ਰਹੀ ਹੈ। ਜਾਨਵਰ ਕਿਸੇ ਖੂੰਜੇ ਮੌਕਾ ਉਡੀਕ ਰਿਹਾ ਹੈ। 000

(1301, ਗੋਬਿੰਦ ਕਾਲੋਨੀ, ਗ਼ਲੀ ਨੰਬਰ 2, ਨੇੜੇ ਰਾਜੀਵ ਹੋਮਿਉ, ਬਰਨਾਲਾ-148101

ਫੋਨ: 94638-39801)

ਮੇਰੀ ਭੈਣ ਆਈਰੀਨ: ਯਾਦਾਂ: ਲਿਲੀ ਹੋਏ ਪਰਾਈਸ

('ਮੇਰੀ ਭੈਣ ਆਈਰੀਨ' ਲਿਲੀ ਹੋਏ ਪਰਾਈਸ ਦੀ ਆਪਣੇ ਪਰਿਵਾਰ ਬਾਰੇ ਲਿਖੀ ਪੁਸਤਕ 'ਆਈ ਐਮ ਫੁੱਲ ਮੂਨ: ਸਟੋਰੀਜ਼ ਆਫ ਏ ਨਾਈਨਥ ਡਾਟਰ' ਵਿਚੋਂ ਲਈ ਗਈ ਹੈ। ਲਿਲੀ ਬਾਰਾਂ ਭੈਣ ਭਰਾਵਾਂ ਵਿਚ ਨੌਂਵੇਂ ਥਾਂ ਸੀ। ਉਸ ਦਾ ਪਰਿਵਾਰ ਵੀਹਵੀਂ ਸਦੀ ਦੇ ਸ਼ੁਰੂ ਸਾਲਾਂ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਕੈਰੀਬੂਅ ਇਲਾਕੇ ਦੇ ਸ਼ਹਿਰ ਕੂਨੈਲ ਵਿਚ ਰਹਿੰਦਾ ਸੀ। ਇਸ ਸ਼ਹਿਰ ਨਾਲ ਪੰਜਾਬੀਆਂ ਦਾ ਵੀ ਕਾਫੀ ਨੇੜੇ ਦਾ ਰਿਸ਼ਤਾ ਬਣਿਆ। ਪੰਜਾਬ ਤੋਂ ਆਉਣ ਵਾਲੇ ਬਹੁਤ ਸਾਰੇ ਨਵੇਂ ਲੋਕਾਂ ਨੇ 1970ਵਿਆਂ ਦੌਰਾਨ ਏਥੇ ਆਪਣੇ ਘਰ ਬਣਾਏ ਤੇ ਬੱਚੇ ਪਾ਼ਲੇ। ਲਿਲੀ ਹੋਏ ਪਰਾਈਸ ਦਾ ਜਨਮ 1930 ਵਿਚ ਹੋਇਆ ਸੀ ਤੇ ਉਹਨੇ ਆਪਣੀ ਕਿਤਾਬ ਵਿਚ 1930ਵਿਆਂ ਦੇ ਸਮੇਂ ਦੇ ਕੂਨੈਲ ਸ਼ਹਿਰ ਬਾਰੇ ਬਹੁਤ ਹੀ ਭਾਵਪੂਰਨ ਤਰੀਕੇ ਨਾਲ ਲਿਖਿਆ ਹੈ। ਇਸ ਕਿਤਾਬ ਰਾਹੀਂ ਸਾਨੂੰ ਲਿਲੀ ਦੇ ਵੱਡੇ ਪਰਿਵਾਰ ਦੀਆਂ ਗ਼ਮੀਆਂ ਖੁਸ਼ੀਆਂ ਬਾਰੇ ਵੀ ਬਹੁਤ ਕੁਝ ਜਾਨਣ ਨੂੰ ਮਿਲਦਾ ਹੈ ਤੇ ਨਾਲ ਹੀ ਕਨੇਡਾ ਵਿਚਲੇ ਚੀਨੀ ਸਭਿਆਚਾਰ ਬਾਰੇ ਵੀ। - ਅਨੁਵਾਦਕ)

ਆਈਰੀਨ ਸਾਡੇ ਟੱਬਰ ਦੀ ਨਿੱਕੋ ਸੀ। ਕਿਉਂਕਿ ਉਹ ਆਪਣੀਆਂ ਭੈਣਾਂ ਨਾਲੋਂ ਏਨੀ ਛੋਟੀ ਸੀ ਕਿ ਉਹ ਵਿਚਾਰੀ ਬਹੁਤਾ ਸਮਾਂ ਅਣਗੌਲ਼ੀ ਹੀ ਰਹਿੰਦੀ। ਮਾ-ਮਾਹ ਕੋਲ਼ ਵੀ ਉਹਦੇ ਵਾਸਤੇ ਬਹੁਤਾ ਸਮਾਂ ਨਹੀਂ ਸੀ ਹੁੰਦਾ। ਸਾਰੀਆਂ ਭੈਣਾਂ ਵਿਚੋਂ ਮੈਂ ਉਮਰ ਵਿਚ ਉਸ ਦੇ ਸਭ ਤੋਂ ਵੱਧ ਨੇੜੇ ਸਾਂ ਪਰ ਸੱਤਾਂ ਸਾਲਾਂ ਦਾ ਫਰਕ ਹੋਣ ਕਰਕੇ ਨੇੜੇ ਦਾ ਰਿਸ਼ਤਾ ਬਣਨਾ ਸੁਖਾ਼ਲਾ ਨਹੀਂ ਸੀ, ਭਾਵੇਂ ਅਸੀਂ ਵਕਤ ਤਾਂ 'ਕੱਠੀਆਂ ਜ਼ਰੂਰ ਬਿਤਾਉਂਦੀਆਂ ਸਾਂ। ਅਸੀਂ ਲਾਗੇ ਦੀਆਂ ਝੀਲਾਂ ਵਿਚ ਤਰਦੀਆਂ, ਸਿਆਲ ਨੂੰ ਸਕੇਟਿੰਗ ਕਰਦੀਆਂ, ਮੁੰਡਿਆਂ ਬਾਰੇ ਗੱਲਾਂ ਕਰਦੀਆਂ ਤੇ ਕਈ ਵਾਰੀ ਸਾਂਝੇ ਦੋਸਤਾਂ ਨਾਲ ਪਾਰਟੀਆਂ ਵੀ ਕਰਦੀਆਂ। ਇਕ ਵਾਰ 1954 ਦੀਆਂ ਗਰਮੀਆਂ ਵਿਚ, ਜਦੋਂ ਉਹ ਸਤਾਰਾਂ ਸਾਲਾਂ ਦੀ ਸੀ ਤੇ ਮੈਂ ਚੌਵੀਆਂ ਦੀ, ਅਸੀਂ ਕੈਲੇਫੋਰਨੀਆਂ ਦੀਆਂ ਬੀਚਾਂ 'ਤੇ ਇਕੱਠੀਆਂ ਨੇ ਛੁੱਟੀਆਂ ਵੀ ਮਨਾਈਆਂ ਸਨ।

ਆਈਰੀਨ ਨੇ 1955 ਵਿਚ ਹਾਈ ਸਕੂਲ ਖਤਮ ਕਰਨ ਬਾਅਦ ਇਕ ਸਾਲ ਵਾਸਤੇ ਘਰ ਦੇ ਜਨਰਲ ਸਟੋਰ ਵਿਚ ਕੰਮ ਕੀਤਾ। ਉਹ ਸਜਦੇ ਰੰਗ ਰੂਪ ਤੇ ਗੋ਼ਲ ਚਿਹਰੇ ਵਾ਼ਲੀ ਸੋਹਣੀ ਬਣਦੀ ਫਬਦੀ ਕੁੜੀ ਸੀ, ਜਿਹਦੀਆਂ ਅੱਖਾਂ ਨਖਰੇ ਵਾ਼ਲੀਆਂ ਤੇ ਮੁਸਕਰਾਹਟ ਦਿਆਲੂ ਸੀ। ਉਹਦੀ ਮਿੱਠੀ ਮੁਸਕਾਨ ਤੇ ਉਤਸੁਕਤਾ ਜਗਾਉਂਦੀਆਂ ਅੱਖਾਂ ਨੇ ਕੂਨੈਲ ਵਿਚਲੀ ਇਕ ਡਿਸਟਰੀਬਿਊਟਿੰਗ ਕੰਪਨੀ ਦੇ ਮੈਨੇਜਰ ਜਿੰਮ ਡਿਕਸਨ ਅੰਦਰ ਏਨੇ ਡੂੰਘੇ ਪਿਆਰ ਦਾ ਜਜ਼ਬਾ ਉਭਾਰਿਆ ਕਿ ਉਹ ਕਦੇ ਵੀ ਉਸ ਦੇ ਅਸਰ ਤੋਂ ਆਜ਼ਾਦ ਨਾ ਹੋ ਸਕਿਆ। ਪਰ ਆਈਰੀਨ ਜੀਵਨ ਵਿਚ ਸਟੋਰ ਦੇ ਕੰਮ ਤੋਂ ਅਤੇ ਜੋ ਕੁਝ ਕੂਨੈਲ ਉਹਨੂੰ ਦੇ ਸਕਦਾ ਸੀ, ਉਸ ਤੋਂ ਵੱਧ ਚਾਹੁੰਦੀ ਸੀ। ਉਹ ਬਿਜ਼ਨਿੱਸ ਦਾ ਕੋਰਸ ਕਰਨ ਲਈ ਵੈਨਕੂਵਰ ਜਾ ਕੇ ਰਹਿਣ ਲੱਗ ਪਈ।

ਇਕ ਸਾਲ ਬਾਅਦ ਜੁਲਾਈ ਦੇ ਇਕ ਲੌਢੇ ਵੇ਼ਲੇ ਮੈਂ ਤਿੰਨ ਦਿਨ ਕੈਰੇਬੂਅ ਪਹਾੜਾਂ 'ਤੇ ਚੜ੍ਹਨ ਦੀਆਂ ਛੁੱਟੀਆਂ ਮਨਾ ਕੇ ਆਈ। ਮੈਂ ਆ ਕੇ ਰਸੋਈ ਦੇ ਦਰਵਾਜ਼ੇ ਨੂੰ ਜੋਸ਼ ਨਾਲ ਖੋਲ੍ਹਿਆ ਤੇ ਉੱਚੀ ਆਵਾਜ਼ ਵਿਚ ਕਿਹਾ, "ਹਾਏ ਮਾ-ਮਾਹ। ਮੈਂ ਮੁੜ ਆਈ ਹਾਂ ਤੇ ਮੈਨੂੰ ਜ਼ੋਰ ਦੀ ਭੁੱਖ ਲੱਗੀ ਹੋਈ ਹੈ!"

"ਓਹ, ਲਿਲੀ-ਆਹ, ਚੰਗਾ ਹੁੰਦਾ ਜੇ ਤੂੰ ਥੋੜ੍ਹਾ ਚਿਰ ਪਹਿਲਾਂ ਆ ਜਾਂਦੀ", ਮਾ-ਮਾਹ ਨੇ ਆਪਣੇ ਹੱਥ ਤੌਲੀਏ ਨਾਲ ਪੂੰਝਦਿਆਂ ਕਿਹਾ। "ਆਈਰੀਨ ਘਰ ਆਈ ਸੀ। ਉਹ ਦੋ ਕੁ ਘੰਟੇ

ਪਹਿਲਾਂ ਹੀ ਵੈਨਕੂਵਰ ਨੂੰ ਗਈ ਹੈ। ਕਹਿੰਦੀ ਮੈਂ ਕੱਲ੍ਹ ਨੂੰ ਕੰਮ 'ਤੇ ਜਾਣਾ ਹੈ।"

"ਓਹ, ਬੁਰਾ ਹੋਵੇ ਉਹਦਾ! ਉਹਨੇ ਦੱਸਿਆ ਕਿਉਂ ਨਹੀਂ ਕਿ ਉਹ ਆ ਰਹੀ ਸੀ? ਮੈਂ ਘਰ ਹੀ ਰਹਿ ਪੈਣਾ ਸੀ ਤੇ ਉਹਨੂੰ ਉਡੀਕ ਲੈਂਦੀ।" ਮੈਂ ਆਪਣਾ ਬੈਕਪੈਕ ਫਰਸ਼ 'ਤੇ ਸੁੱਟ ਕੇ ਉੱਪਰ ਆਪਣੇ ਸੌਣ ਕਮਰੇ ਨੂੰ ਦੌੜੀ, ਇਸ ਆਸ ਨਾਲ ਕਿ ਸ਼ਾਇਦ ਉਹ ਮੇਰੇ ਲਈ ਕੋਈ ਸੁਨੇਹਾ ਛੱਡ ਗਈ ਹੋਵੇ। ਅਸੀਂ ਇਕ ਦੂਜੇ ਨੂੰ ਸਾਲ ਤੋਂ ਵੀ ਵੱਧ ਸਮੇਂ ਤੋਂ ਨਹੀਂ ਸੀ ਮਿਲੀਆਂ ਤੇ ਮੈਨੂੰ ਉਹਦਾ ਵਿਗੋਚਾ ਸੀ।

ਮੈਂ ਆਪਣੇ ਬੈੱਡਰੂਮ ਵਿਚ ਵੜੀ, ਕਮਰਾ ਜਿਹੜਾ ਕਿ ਉਹਦੇ ਜਾਣ ਤੋਂ ਪਹਿਲਾਂ ਉਹਦਾ ਹੁੰਦਾ ਸੀ। ਜਿੰਦਾਂ ਦਾ ਮੈਂ ਤਿੰਨ ਦਿਨ ਪਹਿਲਾਂ ਛੱਡ ਕੇ ਗਈ ਸੀ, ਕਮਰਾ ਉੱਦਾਂ ਹੀ ਲੱਗਦਾ ਸੀ। ਦੋ ਦੋਹਰੇ ਮੰਜੇ, ਜਿਨ੍ਹਾਂ ਦੇ ਵਿਚਾਲੇ ਇਕ ਪੁਰਾਣਾ ਡਰੈੱਸਰ ਪਿਆ ਸੀ ਤੇ ਮੰਜਿਆਂ ਉੱਪਰ ਚਿੱਟੇ ਰੰਗ ਦੇ ਤੇ ਘਸਮੈਲ਼ੇ ਰੰਗ ਦੇ ਫੁੱਲਾਂ ਵਾਲੇ ਸ਼ਨੀਲ ਦੇ ਕੱਪੜੇ ਵਿਛਾਏ ਹੋਏ ਸਨ। ਮੈਨੂੰ ਪਤਾ ਸੀ ਕਿ ਉਹ ਏਥੇ ਨਹੀਂ ਸੀ ਪਰ ਮੈਨੂੰ ਏਦਾਂ ਲੱਗਦਾ ਸੀ ਕਿ ਜਿੱਦਾਂ ਉਹ ਏਥੇ ਹੋਵੇ। ਉਹਦੀ ਹੋਂਦ ਦੇ ਇਕ ਅਜੀਬ ਜਿਹੇ ਡਰਾਉਣੇ ਅਹਿਸਾਸ ਨੇ ਮੈਨੂੰ ਜਕੜ ਲਿਆ।

ਮੈਨੂੰ ਲੱਗਾ ਕਿ ਕਮਰਾ ਹੌਲ਼ੀ ਹੌਲ਼ੀ ਮੈਨੂੰ ਆਪਣੇ ਵੱਲ ਖਿੱਚ ਰਿਹਾ ਸੀ। ਮੈਂ ਰੁੱਕੇ ਦੀ ਭਾਲ ਵਿਚ ਇੱਧਰ ਉੱਧਰ ਨਿਗਾਹ ਮਾਰੀ। ਕੁਝ ਨਾ ਦਿਸਿਆ। ਮੰਜੇ 'ਤੇ ਪਏ ਨਿਸ਼ਾਨਾਂ ਤੋਂ ਮੈਂ ਦੇਖਿਆ ਕਿ ਜਿੱਦਾਂ ਕੋਈ ਮੰਜੇ ਉੱਪਰ ਬੈਠ ਕੇ ਗਿਆ ਹੁੰਦਾ ਹੈ। ਇਹ ਏਦਾਂ ਦੀ ਨਿਸ਼ਾਨੀ ਨਹੀਂ ਸੀ ਕਿ ਜਿੱਦਾਂ ਕੋਈ ਮੰਜੇ ਉੱਪਰ ਆਰਾਮ ਨਾਲ ਲੇਟਿਆ ਹੋਇਆ ਹੋਵੇ। ਨਹੀਂ। ਮੰਜੇ 'ਤੇ ਸਰੀਰ ਕੁਝ ਪਲ ਹੀ ਠਹਿਰਿਆ ਲੱਗਦਾ ਸੀ। ਮੈਂ ਡਰੈੱਸਰ 'ਤੇ ਪਈ ਐਸ਼ਟ੍ਰੇਅ ਵਿਚਲੀ ਸਿਗਰਟ 'ਤੇ ਨਿਗਾਹ ਮਾਰੀ। ਉਸ ਵਿਚ ਕੋਈ ਸੁਆਹ ਨਹੀਂ ਸੀ। ਉਹਨੇ ਸ਼ਾਇਦ ਇਕ ਅੱਧਾ ਹੀ ਸੂਟਾ ਖਿੱਚਿਆ ਸੀ ਤੇ ਫੇਰ ਖਿਝ ਜਿਹੀ ਨਾਲ ਮਰੋੜ ਕੇ ਰੱਖੀ ਟੁੱਟੀ ਹੋਈ ਸਿਗਰਟ ਛੱਡ ਗਈ ਸੀ। ਬੇਧਿਆਨੇ ਹੀ ਉਹਨੇ ਮੇਰੇ ਲਈ ਸੁਨੇਹਾ ਛੱਡ ਦਿੱਤਾ ਸੀ। ਮੈਂ ਸਮਝ ਗਈ ਕਿ ਉਹ ਕਿਸੇ ਮੁਸ਼ਕਿਲ ਵਿਚ ਸੀ।

ਤਿੰਨ ਮਹੀਨਿਆਂ ਬਾਅਦ ਆਈਰੀਨ ਨੂੰ ਬਰਨਬੀ ਵਿਚਲੀ ਫੌਰੈਸਟ ਲਾਅਨ ਸੈਮੇਟਰੀ ਵਿਚ ਦਫਨਾ ਦਿੱਤਾ ਗਿਆ। ਉਹਨੂੰ ਆਕਸੀਜਨ ਗੈਸ ਦਾ ਤੰਬੂ ਵੀ ਨਾ ਬਚਾ ਸਕਿਆ ਤੇ ਨਾ ਹੀ ਨਰਸਾਂ ਬਣੀਆਂ ਸਾਡੀਆਂ ਦੋ ਭੈਣਾਂ। ਉਸ ਨੂੰ ਏਸ਼ੀਅਨ ਫਲ੍ਹੂ ਨੇ ਖਾ ਲਿਆ। ਉਹ ਅਕਤੂਬਰ 17, 1957 ਵਾਲੇ ਦਿਨ ਵੀਹ ਸਾਲ ਦੀ ਉਮਰ ਵਿਚ ਮਰ ਗਈ ਸੀ।

ਦੋਸਤ ਮਿੱਤਰ ਤੇ ਰਿਸ਼ਤੇਦਾਰ ਉਹਦੀ ਕਬਰ 'ਤੇ ਇਕੱਠੇ ਹੋਏ। ਮੇਰੇ ਬਰਾਬਰ ਉਹਦਾ ਦੋਸਤ ਮੁੰਡਾ ਜਿੰਮ ਖੜ੍ਹਾ ਸੀ, ਉੱਚਾ ਲੰਮਾ ਤੇ ਬਾਂਕਾ ਨੌਜਵਾਨ। ਮੈਂ ਉਹਦੇ ਪੀਲ਼ੇ ਮੁਰਝਾਏ ਹੋਏ ਚਿਹਰੇ ਵੱਲ ਦੇਖਿਆ, ਜਦੋਂ ਉਹ ਆਪਣਾ ਹੇਠਲਾ ਬੁੱਲ੍ਹ ਚਬਾ ਰਿਹਾ ਸੀ। 'ਇਹ ਵਿਚਾਰਾ ਸੱਚਮੁੱਚ ਬਹੁਤ ਦੁੱਖ ਵਿਚ ਹੈ', ਮੈਂ ਸੋਚਿਆ ਤੇ ਮਹਿਸੂਸ ਕੀਤਾ ਕਿ ਉਹਦਾ ਦੁੱਖ ਬਹੁਤ ਡੂੰਘਾ ਸੀ – ਉਹ ਤਾਂ ਤੜਪਿਆ ਪਿਆ ਸੀ। ਮੈਂ ਉਹਦਾ ਹੱਥ ਫੜ ਲਿਆ। "ਮਿਹਰਬਾਨੀ", ਉਹਨੇ ਕਿਹਾ।

ਰਸਮ ਤੋਂ ਬਾਅਦ ਮੈਂ ਤੇ ਜਿੰਮ ਦੋਵੇਂ ਜਣੇ ਰਸਿਪਸ਼ਨ ਵਾਲੇ ਹਾਲ ਨੂੰ ਤੁਰ ਕੇ ਗਏ। ਉਹ ਬਹੁਤ ਡੂੰਘੀਆਂ ਸੋਚਾਂ ਵਿਚ ਲੱਥਾ ਹੋਇਆ ਸੀ। ਅਖੀਰ ਵਿਚ ਉਹ ਮੇਰੀ ਵੱਲ ਮੁੜਿਆ ਤੇ ਹੌਲ਼ੀ ਦੇਣੀ ਕਹਿਣ ਲੱਗਾ, "ਕੀ ਤੈਨੂੰ ਪਤਾ ਹੈ ਕਿ ਆਈਰੀਨ ਦੀ ਇਕ ਧੀ ਵੀ ਸੀ।"

"ਕੀ"? ਮੈਂ ਤਾਂ ਥਾਵੇਂ ਹੀ ਰੁਕ ਗਈ। "ਨਹੀਂ, ਮੈਨੂੰ ਨਹੀਂ ਸੀ ਪਤਾ। ਮਿਹਰਬਾਨੀ ਕਰਕੇ ਮੈਨੂੰ ਇਹਦੇ ਬਾਰੇ ਦੱਸ।"

"ਉਹਨੇ ਚਾਰ ਮਹੀਨੇ ਪਹਿਲਾਂ ਧੀ ਨੂੰ ਜਨਮ ਦਿੱਤਾ ਸੀ। ਅਸੀਂ ਉਹਨੂੰ ਅਡਾਪਸ਼ਨ ਵਾਸਤੇ ਦੇ ਦਿੱਤਾ ਸੀ। ਇਕ ਸਕਾਟਿਸ਼ ਜੋੜੇ ਨੇ ਉਹਨੂੰ ਗੋਦ ਲੈ ਲਿਆ ਸੀ। ਤੇਰੇ ਪਰਿਵਾਰ ਵਿਚੋਂ ਕਿਸੇ ਨੂੰ ਵੀ ਇਸ ਬਾਰੇ ਨਹੀਂ ਪਤਾ। ਉਹ ਨਹੀਂ ਸੀ ਚਾਹੁੰਦੀ ਕਿ ਖਾਸ ਕਰ ਤੇਰੀ ਮਾਂ ਤੇ ਪਿਓ ਨੂੰ ਇਸ ਬਾਰੇ ਪਤਾ ਲੱਗੇ। ਇਹਦੇ ਨਾਲ ਉਨ੍ਹਾਂ ਦੀ ਬਹੁਤ ਬਦਨਾਮੀ ਹੁੰਦੀ ਤੇ ਉਹਨਾਂ ਨੇ ਆਈਰੀਨ ਨਾਲੋਂ ਆਪਣਾ ਨਾਤਾ ਤੋੜ ਲੈਣਾ ਸੀ। ਅਸੀਂ ਇਕ ਦੂਜੇ ਨੂੰ ਪਿਆਰ ਕਰਦੇ ਸੀ ਪਰ ਉਹ ਮੇਰੇ ਨਾਲ

ਵਿਆਹ ਕਰਾਉਣ ਲਈ ਤਿਆਰ ਨਹੀਂ ਸੀ।"

ਅਗਲੇ ਦਿਨ, ਕੁਨੈਲ ਵਾਪਸ ਜਾਣ ਤੋਂ ਪਹਿਲਾਂ ਮੈਂ ਤੇ ਮੇਰਾ ਭਰਾ ਜੈਕ ਉਸ ਦੀ ਕਬਰ 'ਤੇ ਰੁਕੇ। ਕਬਰ 'ਤੇ ਫੁੱਲਾਂ ਦਾ ਢੇਰ ਲੱਗਾ ਹੋਇਆ ਸੀ। "ਅਲਵਿਦਾ ਆਈਰੀਨ", ਮੈਂ ਕਿਹਾ। ਮੈਂ ਉੱਥੇ ਪਏ ਹਾਰਾਂ ਵਿਚੋਂ ਇਕ ਚਿੱਟਾ ਫੁੱਲ ਤੋੜਿਆ ਤੇ ਸਹਿਜ ਨਾਲ ਕਾਰ ਦੀ ਪਿਛਲੀ ਵਿੰਡਸ਼ੀਲਡ ਕੋਲ਼ ਰੱਖ ਲਿਆ। ਉਸ ਸ਼ਾਮ ਨੂੰ ਅਸੀਂ ਘਰ ਪਹੁੰਚੇ ਤੇ ਕਾਰ ਘਰ ਦੇ ਪਿੱਛੇ ਖੜ੍ਹੀ ਕਰ ਦਿੱਤੀ। ਪਰਿਵਾਰ ਅਤੇ ਦੋਸਤ ਮਿੱਤਰ ਸਾਡੇ ਲਈ ਖਾਣੇ ਤੇ ਹਮਦਰਦੀ ਲੈ ਕੇ ਆਏ। ਗੱਲਾਂ ਬਾਤਾਂ ਦੇ ਰੌਲ਼ੇ ਗੌਲ਼ੇ ਵਿਚ ਮੈਨੂੰ ਅਚਾਨਕ ਕਾਰ ਵਿਚ ਰੱਖੇ ਗੁਲਾਬ ਦੇ ਫੁੱਲ ਦਾ ਚੇਤਾ ਆਇਆ। "ਓਹ", ਮੈਂ ਕਿਹਾ, "ਮੈਨੂੰ ਉਹ ਫੁੱਲ ਅੰਦਰ ਲਿਆਉਣ ਦਾ ਚੇਤਾ ਭੁੱਲ ਗਿਆ, ਜਿਹੜਾ ਮੈਂ ਆਈਰੀਨ ਦੀ ਕਬਰ ਤੋਂ ਲਿਆਂਦਾ ਸੀ।"

ਮੈਂ ਪੱਤਝੜ ਦੀ ਕਾਲ਼ੀ ਹਨੇਰੀ ਰਾਤ ਵਿਚ ਬਾਹਰ ਨੂੰ ਦੌੜ ਕੇ ਗਈ। ਰਸੋਈ ਦੀ ਤਾਕੀ ਥਾਣੀ ਆ ਰਹੀ ਰੌਸ਼ਨੀ ਨਾਲ ਕਾਰ ਤਕ ਜਾਣ ਵਾਲਾ ਰਸਤਾ ਦਿਸਦਾ ਸੀ। ਜਦੋਂ ਮੈਂ ਕਾਰ ਦਾ ਪਿਛਲਾ ਦਰਵਾਜ਼ਾ ਖੋਲ੍ਹਿਆ, ਮੈਂ ਗੁਲਾਬ ਦੇਖਿਆ, ਬਿਲਕੁਲ ਉਸੇ ਤਰ੍ਹਾਂ ਤਾਜ਼ਾ ਤੇ ਚਮਕੀਲਾ, ਜਿੱਦਾਂ ਕਬਰ 'ਤੇ ਪਿਆ ਦਿਸਿਆ ਸੀ। ਰੌਸ਼ਨੀ ਦੀ ਇਕ ਕਿਰਨ ਉਹਦੇ ਪੱਤਿਆਂ ਨੂੰ ਛੂਹ ਰਹੀ ਸੀ, ਜਿਸ ਨਾਲ ਉਹ ਹੋਰ ਵੀ ਚਮਕ ਰਹੇ ਸਨ। ਜਦੋਂ ਮੈਂ ਉਹਨੂੰ ਚੁੱਕਣ ਵਾਸਤੇ ਆਪਣਾ ਹੱਥ ਅੱਗੇ ਵਧਾਇਆ ਤਾਂ ਇਕ ਦਮ ਮਹਿਸੂਸ ਹੋਇਆ ਜਿੱਦਾਂ ਹਵਾ ਵਿਚ ਹੀ ਮੇਰੀ ਬਾਂਹ ਜੰਮ ਗਈ ਹੋਵੇ, ਜਿੱਦਾਂ ਬਾਂਹ ਨੂੰ ਲਕਵਾ ਮਾਰ ਗਿਆ ਹੋਵੇ। ਮੌਤ ਬਾਰੇ ਵਹਿਮੀ ਖਿਆਲ, ਜਿਹੜੇ ਮੇਰੇ ਅੰਦਰ ਬਚਪਨ ਤੋਂ ਮੇਰੇ ਚੀਨੀ ਪਿਛੋਕੜ ਕਰਕੇ ਭਰੇ ਹੋਏ ਸਨ, ਇਕ ਦਮ ਮੇਰੇ ਮਨ ਵਿਚ ਆ ਕੇ ਮੇਰੇ ਅੱਗੇ ਖੜ੍ਹ ਗਏ – ਮੌਤ ਨੂੰ ਹੱਥ ਨਾ ਲਾਈਂ, ਨਹੀਂ ਤਾਂ ਇਹ ਤੈਨੂੰ ਵੀ ਆਪਣੇ ਨਾਲ ਲੈ ਜਾਵੇਗੀ। ਮੌਤ ਨੂੰ ਘਰ ਅੰਦਰ ਨਾ ਲਿਆਈਂ, ਇਹ ਬਹੁਤ ਮਾੜੀ ਕਿਸਮਤ ਲਿਆਵੇਗੀ। ਮੈਂ ਆਪਣੇ ਆਪ ਨੂੰ ਮਜਬੂਰ ਕਰ ਕੇ ਫੁੱਲ ਨੂੰ ਉੱਥੋਂ ਚੁੱਕਿਆ ਤੇ ਘਰ ਵੱਲ ਦੌੜ ਆਈ।

ਮੁੜ ਕੇ ਰੌਲ਼ੇ ਗੌਲ਼ੇ ਵਾਲ਼ੀ ਰਸੋਈ ਵਿਚ ਆ ਕੇ, ਮੈਂ ਆਪਣੇ ਤਜਰਬੇ ਨੂੰ ਦਿਲੋਂ ਭੁਲਾਉਣ ਦੀ ਕੋਸ਼ਿਸ਼ ਕੀਤੀ। ਮੈਂ ਗੁਲਾਬ ਨੂੰ ਇਕ ਸ਼ੀਸ਼ੇ ਦੇ ਗਲਾਸ ਵਿਚ ਟਿਕਾ ਕੇ ਮੇਜ਼ 'ਤੇ ਰੱਖ ਦਿੱਤਾ। ਛੇਤੀ ਬਾਅਦ ਸਾਰੇ ਆਏ ਹੋਏ ਪਰਾਹੁਣੇ ਚਲੇ ਗਏ। ਮੇਰੀ ਦੋਸਤ ਜੀਨ ਮੇਰੇ ਕੋਲ਼ ਰਹੀ।

ਉੱਤੇ ਸੌਣ ਵਾਲੇ ਕਮਰੇ ਵਿਚ ਮੈਂ ਗੁਲਾਬ ਨੂੰ ਆਪਣੇ ਡਰੈੱਸਰ 'ਤੇ ਰੱਖ ਲਿਆ। ਅਸੀਂ ਦੋਵੇਂ ਆਪੋ ਆਪਣੇ ਬਿਸਤਰਿਆਂ ਵਿਚ ਵੜ ਗਈਆਂ। ਮੈਂ ਅਜੇ ਸੁੱਤੀ ਹੀ ਸੀ ਕਿ ਜਦੋਂ ਮੇਰਾ ਸਰੀਰ ਕੰਬਣ ਲੱਗਾ ਅਤੇ ਮੈਨੂੰ ਠੰਡੀਆਂ ਤ੍ਰੇਲੀਆਂ ਆਉਣ ਲੱਗੀਆਂ। ਮੈਨੂੰ ਗੁਲਾਬ ਦੀ ਹੋਂਦ ਮਹਿਸੂਸ ਹੋ ਰਹੀ ਸੀ: ਅਲੌਕਿਕ, ਪਿੱਛਾ ਕਰਨ ਵਾਲ਼ੀ, ਜਿੱਦਾਂ ਮੈਨੂੰ ਘੂਰ ਰਹੀ ਹੋਵੇ, ਮੇਰੇ 'ਤੇ ਕਾਬੂ ਪਾ ਰਹੀ ਹੋਵੇ।

"ਜੀਨ! ਜੀਨ!" ਮੈਂ ਰੌਲ਼ੀ ਪਾਈ। ਉਹ ਛਾਲ ਮਾਰ ਕੇ ਮੰਜੇ ਵਿਚੋਂ ਨਿਕਲੀ।

"ਕੀ ਹੋਇਆ? ਤੈਨੂੰ ਕੀ ਗੱਲ ਹੋਈ?"

"ਛੇਤੀ ਦੇਣੀ ਉਹ ਫੁੱਲ ਏਥੋਂ ਚੁੱਕ ਕੇ ਬਾਹਰ ਸੁੱਟ ਦੇ," ਮੈਂ ਡੂੰਘਾ ਸਾਹ ਲੈਂਦਿਆਂ ਕਿਹਾ।

ਉਹ ਗੁਲਾਬ ਨੂੰ ਕਮਰੇ ਵਿਚੋਂ ਬਾਹਰ ਲੈ ਗਈ। ਉਸ ਤੋਂ ਬਾਅਦ ਹੀ ਮੈਂ ਸੌਂ ਸਕੀ।

ਇਹ ਹਾਦਸਾ ਹੋਏ ਨੂੰ ਪੰਤਾਲੀ ਵਰ੍ਹੇ ਬੀਤ ਗਏ। ਮੈਂ ਨਾ ਜਿੰਮ ਨੂੰ ਕਦੇ ਦੇਖਿਆ ਤੇ ਨਾ ਹੀ ਕਦੇ ਉਹਦੇ ਬਾਰੇ ਕੁਝ ਸੁਣਿਆਂ। ਮੈਂ ਅਕਸਰ ਉਨ੍ਹਾਂ ਦੀ ਬੱਚੀ, ਆਪਣੀ ਭਾਣਜੀ ਬਾਰੇ ਯਾਦ ਕਰਦੀ ਅਤੇ ਸੋਚਦੀ ਕਿ ਮੈਨੂੰ ਉਨ੍ਹਾਂ ਨਾਲ ਰਾਬਤਾ ਕਾਇਮ ਕਰਨਾ ਚਾਹੀਦਾ ਹੈ ਜਾਂ ਨਹੀਂ। ਅਪਰੈਲ 2002 ਵਿਚ ਮੈਂ ਆਪਣੀਆਂ ਯਾਦਾਂ ਲਿਖਣ ਦਾ ਕੰਮ ਆਰੰਭਿਆ ਅਤੇ ਆਈਰੀਨ ਬਾਰੇ ਵੀ ਇਕ ਫਾਈਲ ਬਣਾਉਣੀ ਸ਼ੁਰੂ ਕੀਤੀ। ਮੇਰੀਆਂ 'ਕੱਠੀਆਂ ਕੀਤੀਆਂ ਤਸਵੀਰਾਂ ਵਿਚ ਇਕ ਤਸਵੀਰ ਆਈਰੀਨ ਅਤੇ ਜਿੰਮ ਦੀ ਵੀ ਹੈ। ਉਹ ਇਕ ਸੋਫੇ 'ਤੇ ਇਕ ਦੂਜੇ ਨਾਲ ਜੁੜ ਕੇ ਬੈਠੇ ਹਨ। ਜਿੰਮ ਦੀ ਖੱਬੀ ਬਾਂਹ ਆਈਰੀਨ ਦੇ ਮੋਢੇ ਨਾਲ ਖਹਿ ਰਹੀ ਹੈ ਤੇ ਜਾਪਦਾ ਹੈ ਕਿ ਉਹ ਕੁਝ ਉਹਦੇ ਕੰਨ ਵਿਚ ਕਹਿਣ ਦੀ ਕੋਸ਼ਸ਼ ਕਰ ਰਿਹਾ ਹੈ। ਆਈਰੀਨ ਕੈਮਰੇ ਵੱਲ ਦੇਖਦੀ ਬੇਹੱਦ ਖੁਸ਼ ਨਜ਼ਰ ਆ ਰਹੀ

ਹੈ, ਉਹਦੀ ਖੱਬੀ ਲੱਤ ਉਹਦੇ ਥੱਲੇ ਹੈ ਤੇ ਉਹਦਾ ਸਿਰ ਜਿੰਮ ਦੇ ਮੋਢੇ 'ਤੇ ਟਿਕਿਆ ਹੋਇਆ ਹੈ।

ਇਕ ਸ਼ਾਮ ਮੈਂ ਕੋਰਟਨੀ ਆਪਣੇ ਘਰ ਸਾਂ ਜਦ ਟੈਲੀਫੋਨ ਦੀ ਘੰਟੀ ਵੱਜੀ।

"ਲਿਲੀ, ਕੀ ਤੂੰ ਆਂ ਫੋਨ 'ਤੇ?" ਇਹ ਮੇਰੀ ਭਰਜਾਈ ਗੇਰੀ ਸੀ।

"ਹਾਂ ਮੈਂ ਹੀ ਹਾਂ, ਕੀ ਹੋ ਰਿਹਾ ਹੈ?"

"ਤੈਨੂੰ ਕਦੇ ਯਕੀਨ ਨਹੀਂ ਆਵੇਗਾ! ਤੂੰ ਕਦੇ ਯਕੀਨ ਨਹੀਂ ਕਰੇਂਗੀ ਜੋ ਮੈਂ ਤੈਨੂੰ ਦੱਸਣ ਜਾ ਰਹੀ ਹਾਂ!"

"ਦੱਸ ਫੇਰ, ਛੇਤੀ ਦੱਸ, ਕੀ ਗੱਲ ਹੈ?"

"ਪਿਛਲੇ ਹਫਤੇ ਇਕ ਬੰਦੇ ਨੇ ਫੋਨ ਕੀਤਾ ਤੇ ਉਹ ਆਈਰੀਨ ਬਾਰੇ ਪੁੱਛ ਰਿਹਾ ਸੀ। ਉਹ ਉਹਦੇ ਨਾਲ ਕਿਸੇ ਮੁੜ-ਮਿਲਣੀ (ਰੀਯੂਨੀਅਨ) ਦੇ ਸੰਬੰਧ ਵਿਚ ਫੋਨ ਕਰ ਰਿਹਾ ਸੀ। ਜਦੋਂ ਮੈਂ ਕਿਹਾ ਕਿ ਉਹ ਤਾਂ ਮਰ ਚੁੱਕੀ ਹੈ ਤਾਂ ਉਹਨੇ ਮੁਆਫੀ ਮੰਗੀ ਤੇ ਫੋਨ ਰੱਖ ਦਿੱਤਾ। ਹੁਣ ਕੁਝ ਹੀ ਪਲ ਪਹਿਲਾਂ ਉਸੇ ਬੰਦੇ ਨੇ ਫੇਰ ਫੋਨ ਕੀਤਾ। ਉਹਨੇ ਕਿਹਾ ਕਿ ਉਹਦਾ ਨਾਂ ਮਾਈਕ ਡੰਨ ਹੈ। ਉਹ ਕੈਥੀ ਨਾਲ ਵਿਆਹਿਆ ਹੋਇਆ ਹੈ - ਕੈਥੀ ਆਈਰੀਨ ਦੀ ਧੀ ਹੈ।"

"ਤੂੰ ਮਖੌਲ ਕਰਦੀ ਏਂ!"

"ਨਹੀਂ, ਨਹੀਂ ਮੈਂ ਮਖੌਲ ਨਹੀਂ ਕਰਦੀ! ਮੈਂ ਉਹਨੂੰ ਕਿਹਾ ਕਿ ਮੈਂ ਲਿਲੀ ਕੋਲੋਂ ਤੈਨੂੰ ਅੱਜ ਸ਼ਾਮ ਨੂੰ ਫੋਨ ਕਰਵਾਵਾਂਗੀ।"

ਮੈਂ ਉਸੇ ਵੇਲੇ ਆਪਣੀ ਭੈਣ ਸਿਤਾਰ ਨੂੰ ਵਿਕਟੋਰੀਆ ਫੋਨ ਕੀਤਾ। ਉਹ ਕੈਥੀ, ਇਕ ਨਵੀਂ ਭਾਣਜੀ, ਬਾਰੇ ਸੁਣ ਕੇ ਬਹੁਤ ਖੁਸ਼ ਹੋਈ। "ਤੈਨੂੰ ਪਤਾ," ਉਹਨੇ ਕਿਹਾ, "ਜਿੰਮ ਨੇ ਪਿਛਲੇ ਸਾਲ ਮੈਨੂੰ ਫੋਨ ਕੀਤਾ ਸੀ। ਮੈਂ ਬੀਮਾਰ ਸੀ ਤੇ ਉਹਨੇ ਮੈਕਸ ਨਾਲ ਗੱਲ ਕੀਤੀ ਸੀ। ਉਹਨੇ ਆਪਣਾ ਫੋਨ ਨੰਬਰ ਵੀ ਛੱਡਿਆ ਸੀ ਪਰ ਮੇਰੇ ਕੋਲੋਂ ਉਹਦੇ ਨਾਲ ਗੱਲ ਨਹੀਂ ਹੋ ਸਕੀ। ਸ਼ਾਇਦ ਤੈਨੂੰ ਮਿਲ ਜਾਵੇ। ਨਾਲੇ ਸੱਚ, ਉਹਨੇ ਮੁੜ ਕਦੇ ਵੀ ਵਿਆਹ ਨਹੀਂ ਕਰਾਇਆ।"

ਜਦੋਂ ਮੈਂ ਡੰਨ ਪਰਿਵਾਰ ਨੂੰ ਫੋਨ ਕੀਤਾ ਤਾਂ ਦੋਵੇਂ ਕੈਥੀ ਅਤੇ ਮਾਈਕ ਮੈਨੂੰ ਮਿਲਣ ਵਾਸਤੇ ਉਨੇ ਹੀ ਉਤਾਵਲੇ ਸਨ ਜਿੰਨਾ ਮੈਂ ਉਨ੍ਹਾਂ ਨੂੰ ਮਿਲਣ ਲਈ। ਅਸੀਂ ਉਸ ਤੋਂ ਅਗਲੇ ਹਫਤੇ ਬਰਨਬੀ ਵਿਚ ਮਿਲਣ ਦੀ ਯੋਜਨਾ ਬਣਾਈ। ਮੈਂ ਆਪਣੀ ਬੜਬੋਲੀ ਤੇ ਮੌਜੀ ਤਬੀਅਤ ਵਾਲ਼ੀ ਭਤੀਜੀ ਲਿੰਡਾ ਨੂੰ ਵੀ ਆਪਣੇ ਨਾਲ ਲੈ ਲਿਆ। ਮੈਂ ਸੋਚਿਆ ਕਿ ਕੈਥੀ ਆਪਣੀ ਉਮਰ ਦੀ ਕਿਸੇ ਰਿਸ਼ਤੇਦਾਰ ਨੂੰ ਮਿਲੇ ਤੇ ਮੈਨੂੰ ਪਤਾ ਸੀ ਕਿ ਉਹ ਲਿੰਡਾ ਨੂੰ ਪਸੰਦ ਕਰਨਗੇ। ਫੇਰ ਮੈਂ ਜਿੰਮ ਨਾਲ ਵੈਨਕੂਵਰ ਸੰਪਰਕ ਕੀਤਾ। ਮੈਂ ਉਹਨੂੰ ਦੱਸਿਆ ਕਿ ਮੈਂ ਕੌਣ ਸੀ ਤੇ ਉਹ ਇਕ ਪਲ ਵਾਸਤੇ ਬਿਲਕੁਲ ਚੁੱਪ ਹੋ ਗਿਆ।

"ਲਿਲੀ? ਆਈਰੀਨ ਦੀ ਭੈਣ?"

ਅਸੀਂ ਪੁਰਾਣੀਆਂ ਗੱਲਾਂ ਕੀਤੀਆਂ ਪਰ ਹਰ ਗੱਲ ਨਾਲ ਆਈਰੀਨ ਦੀ ਗੱਲ ਵੀ ਕਰਦੇ ਰਹੇ। ਉਹਨੇ ਫੇਰ ਆਈਰੀਨ ਲਈ ਆਪਣੇ ਡੂੰਘੇ ਪਿਆਰ ਦਾ ਇਜ਼ਹਾਰ ਕੀਤਾ। ਮੈਂ ਉਹਨੂੰ ਕਿਹਾ ਕਿ ਅਗਲੀ ਵਾਰੀ ਜਦੋਂ ਮੈਂ ਬਰਨਬੀ ਆਵਾਂ ਤਾਂ ਆਪਾਂ ਕੌਫੀ ਵਾਸਤੇ ਮਿਲੀਏ। ਮੈਂ ਦੇਖਣਾ ਚਾਹੁੰਦੀ ਸੀ ਕਿ ਉਹ ਏਨੇ ਸਾਲਾਂ ਬਾਅਦ ਕਿਹੋ ਜਿਹਾ ਲਗਦਾ ਸੀ। ਮੈਂ ਉਹਨੂੰ ਇਹ ਨਾ ਦੱਸਿਆ ਕਿ ਮੇਰਾ ਉਹਦੀ ਧੀ ਨਾਲ ਸੰਪਰਕ ਹੋਇਆ ਹੈ।

ਅਪਰੈਲ 7, 2002 ਵਾਲੇ ਦਿਨ ਮੈਂ ਅਤੇ ਲਿੰਡਾ ਨੇ ਕੈਥੀ ਅਤੇ ਮਾਈਕ ਨੂੰ ਆਪਣੇ ਪਰਿਵਾਰ ਵਿਚ ਜੀਅ ਆਇਆਂ ਨੂੰ ਕਿਹਾ। ਲਿੰਡਾ ਨੇ ਉਨ੍ਹਾਂ ਨੂੰ ਕਲਾਵੇ ਵਿਚ ਲੈ ਕੇ ਉਨ੍ਹਾਂ ਨੂੰ ਨਿੱਘੀਆਂ ਜੱਫੀਆਂ ਪਾਈਆਂ। ਉਹਦੇ ਅੰਦਰਲੀ ਸ਼ਕਤੀ ਨੇ ਸਾਰਿਆਂ ਨੂੰ ਹੱਸਣ ਲਾ ਦਿੱਤਾ ਤੇ ਇਕੋ ਵੇਲੇ ਗੱਲਾਂ ਕਰਨ ਵੀ। ਕੈਥੀ ਅਤੇ ਮਾਈਕ ਨੇ ਮੈਨੂੰ ਇਕ ਭਾਂਡਾ ਤੋਹਫੇ ਵਜੋਂ ਦਿੱਤਾ ਜਿਹਦੇ ਵਿਚ ਕਈ ਕਿਸਮ ਦੇ ਬੂਟੇ ਲਾਏ ਹੋਏ ਸਨ। ਉਹਨੇ ਇਕ ਸਮੇਂ ਕਿਸੇ ਗਰੀਨ ਹਾਉਸ ਕੰਪਨੀ ਵਾਸਤੇ ਕੰਮ ਕੀਤਾ ਸੀ ਪਰ ਹੁਣ ਆਪਣੇ

ਪਤੀ ਦੇ ਟਰੱਕਾਂ ਦੇ ਕਾਰੋਬਾਰ ਦਾ ਹਿਸਾਬ ਕਿਤਾਬ ਸਾਂਭਦੀ ਸੀ। ਮੈਂ ਕੈਥੀ ਵਿਚ ਆਈਰੀਨ ਦਾ ਚਿਹਰਾ ਦੇਖਣ ਦੀ ਕੋਸ਼ਿਸ਼ ਕੀਤੀ। ਹਾਂ - ਉਹਦੀਆਂ ਸੁਨੇਹੇ ਭਰੀਆਂ ਭੂਰੀਆਂ ਅੱਖਾਂ, ਸੋਹਣੀ ਗੋਰੀ ਚਮੜੀ ਅਤੇ ਮੋਹ ਲੈਣ ਵਾਲ਼ੀ ਮੁਸਕਾਣ ਕੈਥੀ ਦੀ ਹੀ ਸੀ। ਉਸ ਤੋਂ ਬਿਨਾਂ ਉਸ ਦੀ ਆਪਣੀ ਹੀ ਯੂਰੇਸ਼ੀਅਨ (ਯੂਰਪ ਤੇ ਏਸ਼ੀਅਨ ਦਾ ਮਿਲਗੋਭ) ਸੁੰਦਰਤਾ ਸੀ: ਗੋਲ਼ ਅੰਡਕਾਰੀ ਚਿਹਰਾ, ਸਿੱਧਾ ਨੱਕ, ਖਾਖਾਂ ਦੀਆਂ ਉੱਚੀਆਂ ਹੱਡੀਆਂ, ਅਤੇ ਮੋਢਿਆਂ ਤਕ ਆਉਂਦੇ ਕਾਲ਼ੇ ਵਾਲ਼।

ਮਾਈਕ ਦੇ ਖਰ੍ਹਵੇ ਚਿਹਰੇ 'ਤੇ ਰੌਣਕ ਸੀ। ਕੈਥੀ ਨੂੰ ਜਨਮ ਦੇਣ ਵਾਲ਼ੀ ਮਾਂ ਦੀ ਖੋਜ ਦਾ ਕੰਮ ਉਹਦੀ ਪ੍ਰੇਰਨਾ ਨਾਲ ਹੋਇਆ ਸੀ। ਉਹਦੀ ਖਾਹਿਸ਼ ਸੀ ਕਿ ਉਸ ਨੂੰ ਆਪਣੀਆਂ ਜੜ੍ਹਾਂ ਬਾਰੇ ਪਤਾ ਹੋਵੇ, ਭਾਵੇਂ ਕੈਥੀ ਦੇ ਮਨ ਵਿਚ ਆਈਰੀਨ ਨੂੰ ਭਾਲਣ ਦੀ ਕੋਈ ਚਾਹ ਨਹੀਂ ਸੀ। ਉਹ ਆਪਣੇ ਵਿਆਹੁਤਾ ਜੀਵਨ ਵਿਚ ਦੋ ਬੱਚਿਆਂ, ਮਿਸ਼ਲ ਅਤੇ ਜੈਨੀ ਦੀ ਮਾਂ ਬਣ ਕੇ ਖੁਸ਼ ਜੀਵਨ ਜੀਅ ਰਹੀ ਸੀ। ਅਤੇ ਉਹਨੂੰ ਗੋਦ ਲੈਣ ਵਾਲ਼ੀ ਉਹਦੀ ਮਾਂ, ਐਥਲ ਵੀ ਨੇੜੇ ਹੀ ਰਹਿੰਦੀ ਸੀ। ਉਹਨੂੰ ਅਣਜਾਣੇ ਦਾ ਬਹੁਤ ਡਰ ਸੀ। ਉਨ੍ਹਾਂ ਨੇ ਆਈਰੀਨ ਤੇ ਜਿੰਮ ਦੀਆਂ ਤਸਵੀਰਾਂ ਦੀ ਚੰਗੀ ਤਰ੍ਹਾਂ ਛਾਣਬੀਣ ਕੀਤੀ ਸੀ ਅਤੇ ਮਾਪਿਆਂ ਵਿਚਲੀਆਂ ਸਮਾਨਤਾਵਾਂ ਦੇਖਣ ਦੀ ਕੋਸ਼ਿਸ਼ ਕੀਤੀ ਸੀ, ਕੈਥੀ ਅਤੇ ਬੱਚੇ। ਇਕ ਪਲ ਮਾਈਕ ਨੇ ਕਿਹਾ, "ਮਿਸ਼ਲ ਬਿਲਕੁਲ ਆਪਣੇ ਨਾਨੇ ਵਰਗੀ ਲੱਗਦੀ ਹੈ। ਕੋਈ ਹੈਰਾਨੀ ਨਹੀਂ ਕਿ ਨਿਆਣੇ ਮੇਰੇ ਵਰਗੇ ਨਹੀਂ ਲਗਦੇ।"

ਅਸੀਂ ਲੰਚ ਤੋਂ ਲੈ ਕੇ ਰਾਤ ਦੇ ਖਾਣੇ ਤਕ ਇਕੱਠੇ ਰਹੇ ਅਤੇ ਮੈਂ ਸਾਰਾ ਸਮਾਂ ਉਨ੍ਹਾਂ ਨੂੰ ਪੂਰੇ ਧਿਆਨ ਨਾਲ ਦੇਖਦੀ ਰਹੀ। ਉਹ ਕਾਫੀ ਖੁਸ਼ ਅਤੇ ਨਿਸਚਿੰਤ ਜਾਪਦੇ ਸਨ ਅਤੇ ਹਰ ਕਿਸਮ ਦੇ ਵਿਸ਼ਿਆਂ ਬਾਰੇ ਖੁੱਲ੍ਹ ਕੇ ਗੱਲਾਂ ਕਰਦੇ ਸਨ, ਸਣੇ ਆਈਰੀਨ ਅਤੇ ਜਿੰਮ ਬਾਰੇ। ਇਸ ਗੱਲ ਨੂੰ ਯਕੀਨੀ ਬਣਾ ਕੇ ਕਿ ਸਭ ਕੁਝ ਠੀਕ ਠਾਕ ਸੀ ਅਤੇ ਕੈਥੀ ਆਪਣੇ ਪਿਛੋਕੜ ਬਾਰੇ ਸੁਰੱਖਿਅਤ ਮਹਿਸੂਸ ਕਰਦੀ ਸੀ, ਮੈਂ ਕਿਹਾ, "ਕੀ ਤੁਸੀਂ ਜਿੰਮ ਨੂੰ ਮਿਲਣਾ ਚਾਹੋਗੇ?"

ਹੈਰਾਨੀ ਭਰੀਆਂ ਨਜ਼ਰਾਂ ਨਾਲ ਡੂੰਘਾ ਸਾਹ ਭਰ ਕੇ ਕੈਥੀ ਨੇ ਆਪਣੇ ਹੱਥ ਛਾਤੀ 'ਤੇ ਰੱਖ ਲਏ। "ਹਾਂ, ਹਾਂ, ਮੈਂ ਤਾਂ ਸਭ ਕੁਝ ਜਾਣਨਾ ਚਾਹੁੰਦੀ ਹਾਂ।" ਮੈਂ ਕਿਹਾ ਕਿ ਮੈਂ ਜਿੰਮ ਨਾਲ ਫੋਨ 'ਤੇ ਸੰਖੇਪ ਜਿਹੀ ਗੱਲ ਕੀਤੀ ਹੈ ਪਰ ਮੈਨੂੰ ਉਹਦੇ ਬਾਰੇ ਬਹੁਤਾ ਕੁਝ ਪਤਾ ਨਹੀਂ ਸੀ ਤੇ ਨਾ ਹੀ ਮੈਂ ਉਹਨੂੰ ਆਈਰੀਨ ਦੀ ਮੌਤ ਤੋਂ ਬਾਅਦ ਕਦੇ ਦੇਖਿਆ ਹੈ। ਅਸੀਂ ਉਸ ਤੋਂ ਅਗਲੇ ਹਫਤੇ, ਅਪਰੈਲ 15 ਨੂੰ ਮਿਲਣ ਲਈ ਸਹਿਮਤੀ ਦਰਸਾਈ।

ਅਗਲੇ ਦਿਨ ਮੈਂ ਜਿੰਮ ਨੂੰ ਫੋਨ ਕੀਤਾ ਤੇ ਉਹਨੂੰ ਕਿਹਾ ਕਿ ਉਹ ਮੇਰੇ ਤੇ ਲਿੰਡਾ ਨਾਲ ਖਾਣਾ ਖਾਵੇ। ਜਿਹੜੇ ਬੰਦੇ ਨੇ ਦਰਵਾਜ਼ਾ ਖੋਹਲਿਆ ਉਹ ਉਸ ਆਦਮੀ ਦਾ ਸਿਆਣਾ ਹੋ ਚੁੱਕਾ ਰੂਪ ਸੀ ਜਿਸ ਦਾ ਮੈਨੂੰ ਚੇਤਾ ਸੀ। ਉਹ ਲੰਮਾ ਪਤਲਾ ਸਾਡੇ ਸਾਹਮਣੇ ਸੀ। ਲਹਿਰਾਉਂਦੇ ਚਾਂਦੀ ਰੰਗੇ ਵਾਲ਼ਾਂ ਨੇ ਉਹਦੇ 1950ਵਿਆਂ ਦੇ ਛੋਟੇ ਛੋਟੇ ਵਾਲ਼ਾਂ ਦੀ ਜਗ੍ਹਾ ਲੈ ਲਈ ਸੀ ਤੇ ਉਹਦੀਆਂ ਭੂਰੀਆਂ ਅੱਖਾਂ ਨੂੰ ਕਾਲ਼ੇ ਫਰੇਮ ਵਾਲ਼ੀਆਂ ਐਨਕਾਂ ਨੇ ਤਸਵੀਰ ਵਾਂਗ ਜੜਿਆ ਹੋਇਆ ਸੀ। ਉਹਨੇ ਪਾਲਸ਼ ਕੀਤੀ ਹੋਈ ਜੁੱਤੀ, ਕਾਲ਼ੀ ਪੈਂਟ ਤੇ ਦਰਜ਼ੀ ਦੁਆਰਾ ਸੀਤੀ ਕਮੀਜ਼ ਪਾਈ ਹੋਈ ਸੀ।

"ਅੰਦਰ ਲੰਘ ਆਓ ਤੇ ਦੇਖੋ ਮੇਰਾ ਰਹਿਣ ਵਸੇਰਾ," ਉਹਨੇ ਕਿਹਾ।

ਉਹਦਾ ਬੈਚਲਰ ਫਲੈਟ ਸਾਫ ਸੁਥਰਾ ਤੇ ਬੜੀ ਸਾਦਗੀ ਵਾਲੇ ਫਰਨੀਚਰ ਨਾਲ ਸਜਿਆ ਹੋਇਆ ਸੀ। ਇਕ ਖੂੰਜੇ ਵਿਚ ਡਬਲ ਬੈੱਡ, ਡਰੈੱਸਰ, ਚਾਰ ਕੁਰਸੀਆਂ ਵਾਲਾ ਰਸੋਈ ਵਿਚ ਮੇਜ਼, ਇਕ ਆਰਾਮ ਕੁਰਸੀ, ਟੈਲੀਵਿਯਨ, ਫਰਿੱਜ ਤੇ ਸਟੋਵ। ਡਰੈੱਸਰ ਉੱਪਰ ਚੌਖਟੇ ਵਿਚ ਜੜੀ ਹੋਈ ਆਈਰੀਨ ਦੀ ਉਹਦੇ ਸਕੂਲੋਂ ਗਰੈਜੂਏਟ ਹੋਣ ਸਮੇਂ ਦੀ ਖਿੱਚੀ ਚਿੱਟੀ ਕਾਲ਼ੀ ਤਸਵੀਰ ਸੀ।

"ਫੇਰ, ਮੇਰੀ ਜਗ੍ਹਾ ਬਾਰੇ ਤੁਹਾਡਾ ਕੀ ਖਿਆਲ ਹੈ?" ਉਹਨੇ ਪੁੱਛਿਆ। "ਮੈਂ ਹੁਣੇ ਹੀ ਗਲੀਚਾ ਸਾਫ ਕਰਵਾਇਆ ਸੀ ਤੇ ਪਿਛਲੇ ਹਫਤੇ ਹੀ ਮੈਂ ਮੇਜ਼ ਤੇ ਕੁਰਸੀਆਂ ਨੂੰ ਰੰਗ ਕੀਤਾ ਹੈ। ਮੈਨੂੰ ਜ਼ਰੂਰ ਪਤਾ ਹੋਵੇਗਾ ਕਿ ਤੁਸੀਂ ਆ ਰਹੀਆਂ ਹੋ।" ਉਹਦੇ ਬੋਲਣ ਦਾ ਲਹਿਜਾ ਸਕਾਟਿਸ਼ਾਂ ਵਾਲਾ ਸੀ।

"ਆਈਰੀਨ ਦੇ ਮਰਨ ਤੋਂ ਛੇਤੀ ਬਾਅਦ ਜਿੰਮ ਨੇ ਸਕਾਟਲੈਂਡ ਨੂੰ ਮੁੜ ਜਾਣ ਵਾਸਤੇ ਇਕ ਪਾਸੇ ਦੀ ਟਿਕਟ ਖਰੀਦ ਲਈ ਸੀ। ਉਹਨੂੰ ਕਨੇਡਾ ਦਾ ਚੇਤਾ ਆਉਂਦਾ ਰਿਹਾ ਤੇ ਨਾਲ ਹੀ ਘਰਾਂ ਵਿਚ ਲੱਗੀ ਕੇਂਦਰੀ ਹੀਟ ਦਾ ਤੇ ਉਹ ਦੋ ਹਫਤਿਆਂ ਦੇ ਅੰਦਰ ਹੀ ਮੁੜ ਆਇਆ।

"ਮੈਂ ਪ੍ਰਕਾਸ਼ਨਾ ਦਾ ਸਮਾਨ ਵੇਚਣ ਵਾਲ਼ੀਆਂ ਤਿੰਨ ਵੱਖਰੀਆਂ ਵੱਖਰੀਆਂ ਕੰਪਨੀਆਂ ਨਾਲ ਕੰਮ ਕੀਤਾ। ਅਖੀਰਲੀ ਜਦੋਂ ਬੰਦ ਹੋਈ ਤਾਂ ਮੈਂ ਇਕਾਠਾਂ ਸਾਲਾਂ ਦਾ ਸੀ ਤੇ ਫੇਰ ਮੈਨੂੰ ਹੋਰ ਕੋਈ ਨੌਕਰੀ ਨਾ ਮਿਲੇ। ਮੈਂ ਸੁਪਰਸਟੋਰ ਵਾਲਿਆਂ ਨੂੰ ਮਨਾ ਲਿਆ ਕਿ ਉਹ ਮੈਨੂੰ ਲੋਕਾਂ ਨੂੰ ਜੀਅ ਆਇਆਂ ਕਹਿਣ ਦਾ ਕੰਮ ਦੇ ਦੇਣ। ਉਹ ਮੇਰੇ ਚੌਹਠ ਸਾਲ ਦਾ ਹੋਣ ਤਕ ਚਲਦਾ ਰਿਹਾ ਤੇ ਫੇਰ ਮੇਰੇ ਗੋਡੇ ਜਵਾਬ ਦੇ ਗਏ। ਮੈਂ ਆਪਣੀ ਕਾਰ ਵੇਚ ਦਿੱਤੀ ਤੇ ਹੁਣ ਆਉਣ ਜਾਣ ਵਾਸਤੇ ਬਸ ਵਗੈਰਾ ਦਾ ਇਸਤੇਮਾਲ ਕਰਦਾ ਹਾਂ।"

ਆਪਣੇ ਕੰਮ ਦੇ ਪਿਛੋਕੜ ਬਾਰੇ ਗੱਲਾਂ ਕਰਦਿਆਂ ਉਹਨੇ ਲਗਾਤਾਰ ਵਿਚ ਵਿਚ ਆਈਰੀਨ ਦਾ ਜ਼ਿਕਰ ਕੀਤਾ ਪਰ ਆਪਣੀ ਧੀ ਬਾਰੇ ਕੁਝ ਵੀ ਕਹਿਣ 'ਚ ਕਾਮਯਾਬ ਨਾ ਹੋਇਆ।

"ਕੀ ਤੂੰ ਕਦੇ ਆਪਣੀ ਧੀ ਨੂੰ ਭਾਲਣ ਦਾ ਯਤਨ ਕੀਤਾ ਹੈ?" ਮੈਂ ਪੁੱਛਿਆ।

ਉਹਨੇ ਡੂੰਘਾ ਸਾਹ ਲਿਆ ਤੇ ਹਾਂ ਵਿਚ ਸਿਰ ਹਿਲਾਇਆ। "ਹਾਂ, ਬਿਲਕੁਲ, ਮੈਂ ਉਹਨੂੰ ਕਈ ਵਰ੍ਹੇ ਢੂੰਡਦਾ ਰਿਹਾ। ਮੈਂ ਕਈ ਵਾਰ ਮੁੜ ਮੁੜ ਕੇ ਗੋਦ ਦੇਣ ਵਾਲ਼ੀ ਸੰਸਥਾ ਵਲਾਂ ਗਿਆ। ਉਨ੍ਹਾਂ ਨੇ ਕਿਹਾ ਕਿ ਇਕ ਸਕਾਟਿਸ਼ ਜੋੜੇ ਨੇ ਉਹਨੂੰ ਗੋਦ ਲਿਆ ਸੀ ਤੇ ਉਹਦਾ ਨਾਂ ਕੈਥੀ ਸਟੂਅਰਟ ਹੈ। ਮੈਂ ਇਕ ਵਾਰੀ ਸਰੀ ਦੇ ਇਕ ਅਖਬਾਰ ਵਿਚ ਇਕ ਕੈਥੀ ਸਟੂਅਰਟ ਨਾਂ ਦੀ ਕੁੜੀ ਦੇ ਵਿਆਹ ਦੇ ਐਲਾਨ ਬਾਰੇ ਪੜ੍ਹਿਆ ਸੀ। ਮੈਂ ਤੇ ਮੇਰੇ ਦੋਸਤ ਨੇ ਉਹਦਾ ਪਤਾ ਕੀਤਾ ਪਰ ਇਹ ਉਹ ਕੈਥੀ ਨਹੀਂ ਸੀ। ਮੈਂ ਕਦੇ ਵੀ ਉਹਨੂੰ ਭਾਲਣ ਵਿਚ ਕਾਮਯਾਬ ਨਹੀਂ ਹੋ ਸਕਿਆ।"

"ਕੀ ਤੂੰ ਉਹਨੂੰ ਭਾਲਣਾ ਚਾਹੁੰਨਾ ਏਂ?"

"ਉਹ ਮੇਰੀ ਧੀ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਉਹ ਖੁਸ਼ ਹੈ? ਮੈਂ ਕਦੇ ਵੀ ਉਹਨੂੰ ਤੇ ਉਹਦੀ ਮਾਂ ਨੂੰ ਪਿਆਰ ਕਰਨੋ ਨਹੀਂ ਹਟਿਆ। ਜੇ ਮੈਂ ਉਹਨੂੰ ਭਾਲ਼ ਲਵਾਂ ਤਾਂ ਮੈਂ ਦੁਨੀਆਂ ਦਾ ਸਭ ਤੋਂ ਖੁਸ਼ ਇਨਸਾਨ ਹੋਵਾਂਗਾ।"

"ਕੀ ਤੂੰ ਉਹਨੂੰ ਮਿਲਣਾ ਚਾਹੇਂਗਾ?" ਮੈਂ ਪੁੱਛਿਆ।

"ਅਸੀਂ ਕੱਲ ਰਾਤ ਉਹਦੇ ਤੇ ਉਹਦੇ ਪਤੀ ਦੇ ਨਾਲ ਸਾਂ। ਉਹ ਤੈਨੂੰ ਮਿਲਣਾ ਚਾਹੁੰਦੀ ਹੈ।"

ਜਿੰਮ ਆਪਣੀ ਕੁਰਸੀ ਤੋਂ ਉੱਠਦਾ ਡਿੱਗਣ ਹੀ ਲੱਗਾ ਸੀ। "ਮੇਰਾ ਖਿਆਲ ਹੈ, ਮੈਨੂੰ ਬੀਅਰ ਦੀ ਲੋੜ ਹੈ।"

ਜਿਸ ਦਿਨ ਅਸੀਂ ਮਿਲਣ ਲਈ ਮਿਥਿਆ ਸੀ, ਮੇਰੇ ਪਤੀ ਫਰੈਂਕ ਨੇ ਡੰਨ ਪਰਿਵਾਰ ਦੇ ਆਉਣ ਤੋਂ ਪਹਿਲਾਂ ਜਿੰਮ ਨੂੰ ਆਪਣੀ ਕਾਰ ਵਿਚ ਲੈ ਆਂਦਾ। "ਮੈਂ ਕੀ ਕਹਾਂਗਾ? ਮੈਨੂੰ ਕਿੱਦਾਂ ਵਰਤਾਅ ਕਰਨਾ ਚਾਹੀਦਾ ਹੈ? ਕੀ ਉਹ ਮੈਨੂੰ ਪਸੰਦ ਕਰੇਗੀ? ਕੀ ਉਹ ਮੈਨੂੰ ਅਪਣਾ ਲਵੇਗੀ?" ਜਿੰਮ ਸੋਫੇ 'ਤੇ ਬੈਠਾ ਤਰਲੋ ਮੱਛੀ ਹੋ ਰਿਹਾ ਸੀ ਅਤੇ ਕਦੇ ਬਾਹਰ ਪੇਟੀਓ 'ਤੇ ਜਾ ਕੇ ਇਕ ਤੋਂ ਬਾਅਦ ਦੂਜੀ ਸਿਗਰਟ ਲਾ ਰਿਹਾ ਸੀ। ਜਦੋਂ ਦਰਵਾਜ਼ੇ ਦੀ ਘੰਟੀ ਖੜਕੀ, ਉਹ ਮੇਰੇ ਮਗਰ ਹੀ ਦਰਵਾਜ਼ੇ ਤਕ ਆਇਆ। ਪਿਓ ਤੇ ਧੀ ਨੇ ਸ਼ਰਮਾਉਂਦਿਆਂ ਇਕ ਦੂਜੇ ਵੱਲ ਦੇਖਿਆ, ਕਲਾਵੇ ਵਿਚ ਲਿਆ ਅਤੇ ਦੁਆ ਸਲਾਮ ਕੀਤੀ। ਜਿੰਮ ਨੇ ਕੈਥੀ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕੀਤਾ। ਮਾਈਕ ਨੇ ਆਪਣੀ ਜਾਣ ਪਛਾਣ ਕਰਵਾਈ।

"ਜਦ ਤਕ ਅਸੀਂ ਲੰਚ ਤਿਆਰ ਕਰਦੇ ਹਾਂ, ਤੁਸੀਂ ਅਰਾਮ ਨਾਲ ਬੈਠੋ।" ਮੈਂ ਕਿਹਾ।

ਉਨ੍ਹਾਂ ਵਿਚਾਲੇ ਸਹਿਜਤਾ ਪੈਦਾ ਕਰਨ ਦੇ ਇਰਾਦੇ ਨਾਲ ਮੈਂ ਤੇ ਫਰੈਂਕ ਘਰ ਦੇ ਮੂਹਰਲੇ ਹਿੱਸੇ ਵਿਚ ਗਏ ਤੇ ਗਾਉਣ ਲੱਗੇ, "ਹੈਪੀ ਬਰਥਡੇਅ ਟੂ ਯੂ, ਜਿੰਮ" ਇਹ ਉਹਦਾ ਉਣੱਤਰਵਾਂ ਜਨਮ ਦਿਨ ਸੀ। ਬਾਕੀ ਵੀ ਸਾਡੇ ਨਾਲ ਰਲ਼ ਗਏ। ਇਸ ਨਾਲ ਮਾਹੌਲ ਵਿਚ ਗਰਮਾਇਸ਼ ਆ ਗਈ।

ਕੈਥੀ ਤੇ ਜਿੰਮ ਨੇ ਸਹਿਜ ਨਾਲ ਇਕ ਦੂਜੇ ਨਾਲ ਗੱਲਾਂ ਕੀਤੀਆਂ, ਸਾਂਝੀਆਂ ਸਿਗਰਟਾਂ ਪੀਤੀਆਂ ਅਤੇ ਇਕ ਦੂਜੇ ਨੂੰ ਜਾਣਨ ਲੱਗੇ। ਵਿਦਾਅ ਹੋਣ ਤੋਂ ਪਹਿਲਾਂ ਜਿੰਮ ਨੇ ਸੁਝਾਅ ਦਿੱਤਾ ਕਿ ਉਹ ਸਾਰੇ ਯੋਜਨਾ ਬਣਾ ਕੇ ਆਈਰੀਨ ਦੀ ਕਬਰ 'ਤੇ ਜਾਣ।

ਬਦਕਿਸਮਤੀ ਨਾਲ, ਮੈਂ ਉਨ੍ਹਾਂ ਨਾਲ ਆਈਰੀਨ ਦੀ ਕਬਰ 'ਤੇ ਨਾ ਜਾ ਸਕੀ। ਜੂਨ ਮਹੀਨੇ ਦੀ ਇਕ ਬਾਅਦ ਦੁਪਹਿਰ ਨੂੰ ਮਾਈਕ ਆਪਣੀ ਕਾਰ ਵਿਚ ਕੈਥੀ, ਜਿੰਮ ਅਤੇ ਐਥਲ ਨੂੰ ਫੌਰੈਸਟ ਲਾਅਨ ਸੈਮੇਟਰੀ ਨੂੰ ਲੈ ਕੇ ਗਿਆ। ਐਥਲ ਨੇ ਮੈਨੂੰ ਬਾਅਦ ਵਿਚ ਸਾਰੀ ਗੱਲ ਦੱਸੀ।

ਉਹਨੇ ਦੱਸਿਆ ਕਿ ਜਿੰਮ ਸੋਚਦਾ ਸੀ ਕਿ ਉਹਨੂੰ ਆਈਰੀਨ ਦੀ ਕਬਰ ਦੇ ਥਾਂ ਬਾਰੇ ਪਤਾ ਸੀ ਕਿਉਂਕਿ ਉਹ ਉੱਥੇ ਅਕਸਰ ਜਾਂਦਾ ਰਹਿੰਦਾ ਸੀ। ਪਰ ਉਨ੍ਹਾਂ ਨੂੰ ਕਬਰ ਭਾਲਣ ਵਿਚ ਕਾਫੀ ਮੁਸ਼ਕਿਲ ਆਈ, ਉਹ ਕਿੰਨਾ ਹੀ ਸਮਾਂ ਵੱਡੇ ਮੈਦਾਨ ਵਿਚ ਆਪਣੀ ਛਤਰੀ ਲੈ ਕੇ ਘੁੰਮਦੇ ਰਹੇ। ਬਦਸ਼ਗਨੀ ਦੇ ਬੱਦਲ਼ ਹਨੇਰਾ ਪਾਈ ਮੰਡਲਾਉਂਦੇ ਰਹੇ ਤੇ ਫੇਰ ਮੀਂਹ ਵੀ ਆ ਗਿਆ। ਭਿੱਜੇ ਪੈਰਾਂ ਦੇ ਬਾਵਜੂਦ ਉਹ ਕਬਰ ਭਾਲਣ ਦੀ ਕੋਸ਼ਸ਼ ਕਰਦੇ ਰਹੇ।

ਐਥਲ ਨੇ ਕਿਹਾ, "ਆਪਣੀ ਕਾਰ ਵਿਚ ਆਰਾਮ ਨਾਲ ਬੈਠੇ ਮਾਈਕ ਤੇ ਮੈਂ ਉਨ੍ਹਾਂ ਦੋਵਾਂ ਨੂੰ - ਪਿਓ ਤੇ ਧੀ - ਨੂੰ ਦੇਖਦੇ ਰਹੇ, ਇਕ ਆਪਣੀ ਮਾਂ ਨੂੰ ਢੂੰਡ ਰਹੀ ਸੀ, ਦੂਜਾ ਆਪਣੀ ਪਿਆਰੀ ਨੂੰ ਭਾਲ਼ਦਾ ਸੀ। ਅਸੀਂ ਦੇਖਿਆ ਜਦੋਂ ਉਨ੍ਹਾਂ ਨੇ ਉਹਦੀ ਕਬਰ 'ਤੇ ਲੱਗਾ ਪੱਥਰ ਭਾਲ਼ ਲਿਆ। ਜਦੋਂ ਉਹ ਦੋਵੇਂ ਉਸ ਵੱਲ ਝੁਕੇ, ਦੋਵਾਂ ਦੇ ਸਿਰ ਇਕੱਠੇ ਸਨ ਤੇ ਉਹ ਉਸ ਉੱਪਰ ਲੱਗੀ ਤਾਂਬੇ ਦੀ ਤਖਤੀ ਉਤਲੀ ਇਬਾਰਤ ਪੜ੍ਹਨ ਦੀ ਕੋਸ਼ਿਸ਼ ਕਰ ਰਹੇ ਸਨ। ਅਸੀਂ ਉਨ੍ਹਾਂ ਨੂੰ ਉਸ ਦੀ ਕਬਰ 'ਤੇ ਪੀਲ਼ੇ ਗੁਲਾਬ ਟਿਕਾਉਂਦੇ ਦੇਖਿਆ। ਯਕਦਮ ਹੀ ਮੀਂਹ ਬੰਦ ਹੋ ਗਿਆ। ਰੰਗਮੰਚ ਉਪਰਲੇ ਪੜਦਿਆਂ ਵਾਂਗ ਖਤਰਨਾਕ ਬੱਦਲ਼ ਪਿਛਾਂਹ ਹਟ ਗਏ। ਨੀਲੇ ਅਸਮਾਨ ਵਿਚੋਂ ਸੂਰਜ ਦੀਆਂ ਕਿਰਨਾਂ ਥੱਲੇ ਆਈਆਂ। ਅਸੀਂ ਉਨ੍ਹਾਂ ਨੂੰ ਮੁੜਦੇ ਦੇਖਿਆ, ਉਹਨੀਂ ਪਹਿਲਾਂ ਅਸਮਾਨ ਵੱਲ ਝਾਤੀ ਮਾਰੀ ਤੇ ਫੇਰ ਇਕ ਦੂਜੇ ਵੱਲ।"

ਮੈਂ ਜਦੋਂ ਐਥਲ ਦੀਆਂ ਗੱਲਾਂ ਸੁਣ ਰਹੀ ਸੀ ਤਾਂ ਮੇਰੀ ਰੀੜ੍ਹ ਦੀ ਹੱਡੀ ਵਿਚ ਕਾਂਬਾ ਛਿੜਿਆ। ਅੱਥਰੂਆਂ ਨੇ ਮੇਰੀਆਂ ਗੱਲ੍ਹਾਂ ਭਿਓਂ ਦਿੱਤੀਆਂ। ਮੈਨੂੰ ਪਤਾ ਸੀ ਕਿ ਆਈਰੀਨ ਨੂੰ ਆਖਰ ਪੂਰੀ ਸ਼ਾਂਤੀ ਪ੍ਰਾਪਤ ਹੋ ਗਈ ਸੀ। ਉਹਨੇ ਮੇਰੇ ਸੌਣ ਵਾਲੇ ਕਮਰੇ ਵਿਚ ਗੱਲ ਕੀਤੀ ਸੀ, ਮੈਨੂੰ ਉਹਦੇ ਹੋਏ ਬੱਚੇ ਬਾਰੇ ਪਤਾ ਲੱਗਣ ਤੋਂ ਪਹਿਲਾਂ; ਉਹਨੇ ਮੇਰੇ ਨਾਲ ਆਪਣੀ ਕਬਰ ਤੋਂ ਵੀ ਗੱਲ ਕੀਤੀ ਸੀ, ਉਸ ਦੇ ਹੋਏ ਬੱਚੇ ਬਾਰੇ ਪਤਾ ਲੱਗਣ ਤੋਂ ਬਾਅਦ।

ਮੇਰੇ ਲਈ ਉਹਦਾ ਸੁਨੇਹਾ ਬੜਾ ਸਾਫ ਸੀ: ਮੇਰੇ ਬੱਚੇ ਨੂੰ ਲੱਭੀਂ, ਉਹਦਾ ਖਿਆਲ ਰੱਖੀਂ, ਅਤੇ ਉਹਨੂੰ ਮੇਰੀ ਕਹਾਣੀ ਦੱਸੀਂ।

0 0 0

ਜਿੰਮ ਤੇ ਕੈਥੀ ਦਾ ਆਪਸੀ ਰਿਸ਼ਤਾ ਬੜਾ ਦੋਸਤਾਨਾ ਹੈ। ਉਹ ਫੋਨ ਰਾਹੀਂ ਇਕ ਦੂਜੇ ਦੇ ਸੰਪਰਕ ਵਿਚ ਰਹਿੰਦੇ ਹਨ - ਡੰਨ ਪਰਿਵਾਰ ਲੈਂਗਲੀ, ਫਰੇਜ਼ਰ ਵੈਲੀ ਵਿਚ ਰਹਿੰਦਾ ਹੈ ਤੇ ਜਿੰਮ ਵੈਨਕੂਵਰ ਰਹਿੰਦਾ ਹੈ। ਉਹ ਖਾਸ ਖਾਸ ਮੌਕਿਆਂ 'ਤੇ ਇਕੱਠੇ ਹੁੰਦੇ ਹਨ: ਜਨਮ ਦਿਨਾਂ 'ਤੇ, ਫਾਦਰਜ਼ ਡੇਅ, ਕਰਿਸਮਿੱਸ ਅਤੇ ਵੈਨਕੂਵਰ ਦੀ ਐਗਜ਼ੀਬੀਸ਼ਨ ਗਰਾਉਂਡ ਵਿਚ ਘੋੜਿਆਂ ਦੀਆਂ ਦੌੜਾਂ 'ਤੇ। ਅਗਸਤ 9, 2007 ਵਿਚ ਜਿੰਮ ਆਪਣੀ ਦੋਹਤੀ ਮੈਡੀਸਿਨ ਦੇ ਹੋਏ ਬੱਚੇ ਨਾਲ ਪੜਨਾਨਾ ਬਣ ਗਿਆ ਤੇ ਉਹਨੂੰ ਮਹਿਸੂਸ ਹੋਇਆ ਕਿ ਹੁਣ ਹੌਲ਼ੀ ਹੌਲ਼ੀ ਉਨ੍ਹਾਂ ਦਾ ਪਰਿਵਾਰ ਵਧ ਰਿਹਾ ਸੀ। ਜਦੋਂ ਉਹਨੇ ਉਸ ਬੱਚੇ ਨੂੰ ਹੱਥਾਂ ਵਿਚ ਚੁੱਕਿਆ, ਉਹਨੂੰ ਪਤਾ ਸੀ ਕਿ ਆਈਰੀਨ ਵੀ ਉਹਦੇ ਨਾਲ ਹੀ ਸੀ, ਸਦਾ ਪਰਵਾਹ ਕਰਨ ਵਾਲ਼ੀ, ਸਦਾ ਖਿਆਲ ਰੱਖਣ ਵਾਲ਼ੀ।000

(ਅੰਗਰੇਜ਼ੀ ਤੋਂ ਅਨੁਵਾਦ: ਸਾਧੂ ਬਿਨਿੰਗ; ***sadhu.binning@gmail.com)***

ਲਖਵਿੰਦਰ ਜੌਹਲ ਨਾਲ ਮੁਲਾਕਾਤ: ਅਵਤਾਰ ਸਿੰਘ ਬਿਲਿੰਗ

(ਜਲੰਧਰ ਦੂਰਦਰਸ਼ਨ ਦੇ ਦਿਲਚਸਪ ਪ੍ਰੋਗਰਾਮਾਂ ਕਰਕੇ ਮਸ਼ਹੂਰ ਹੋਏ ਡਾਕਟਰ ਲਖਵਿੰਦਰ ਜੌਹਲ ਨੂੰ ਬੇਸ਼ੱਕ ਮੈਂ ਨਿੱਜੀ ਤੌਰ 'ਤੇ ਕਦੇ ਨਹੀਂ ਮਿਲਿਆ, ਪਰ ਇਕ ਟੀ.ਵੀ.ਦਰਸ਼ਕ ਵਜੋਂ ਦੇਰ ਤੋਂ ਜਾਣਦਾ-ਪਛਾਣਦਾ ਹਾਂ। ਪਿਛਲੇ ਲੰਬੇ ਸਮੇਂ ਦੌਰਾਨ ਮਿਆਰੀ ਰਸਾਲਿਆਂ ਵਿਚ ਛਪਦੀਆਂ ਕਾਵਿ ਰਚਨਾਵਾਂ ਨੇ ਪਾਠਕ ਵਜੋਂ ਵੀ ਮੇਰੀ ਇਸ ਸਮਰੱਥ ਸ਼ਾਇਰ ਨਾਲ ਸਾਂਝ ਪਵਾਈ ਹੈ। ਕੁਝ ਅਰਸੇ ਤੋਂ ਸੋਸ਼ਲ ਮੀਡੀਆ ਉੱਤੇ ਝਲਕਦੇ ਡਾਕਟਰ ਜੌਹਲ ਦੇ ਅਤਿ ਰੌਚਕ ਕਾਵਿ ਟੋਟਿਆਂ ਕਾਰਨ ਮੇਰੇ ਮਨ ਨੇ ਉਸਦੀ ਸਮੁੱਚੀ ਕਾਵਿ ਰਚਨਾ ਨੂੰ ਪੜ੍ਹਨ ਦਾ ਹੁੰਗਾਰਾ ਭਰਿਆ , ਜਿਸਦੇ ਸਿੱਟੇ ਵਜੋਂ ਇਹ ਮੁਲਾਕਾਤ ਸੰਭਵ ਹੋ ਸਕੀ ਹੈ। ਦੂਰਦਰਸ਼ਨ ਦੇ ਪ੍ਰੋਗਰਾਮਾਂ ਨੂੰ ਦੇਖ ਕੇ ਜਿਹੜਾ ਇਕ ਗਹਿਰ ਗੰਭੀਰ ਚਿੰਤਕ ਵਾਲਾ ਇਸ ਉੱਘੀ ਸਾਹਿਤਕ ਹਸਤੀ ਦਾ ਅਕਸ ਮੇਰੇ ਮਨ ਨੇ ਚਿਤਵਿਆ ਸੀ, ਐਨ ਉਹੀ ਉਸਦੀ ਸ਼ਾਇਰੀ ਤੇ ਵਾਰਤਕ ਵਿਚੋਂ ਰੂਪਮਾਨ ਹੁੰਦਾ ਹੈ। ***-ਅਵਤਾਰ ਸਿੰਘ ਬਿਲਿੰਗ)***

? ਆਪਣੇ ਮਾਤਾ-ਪਿਤਾ, ਬਚਪਨ, ਮੁੱਢਲੇ ਜੀਵਨ ਬਾਰੇ ਸੰਖੇਪ ਚਾਨਣਾ ਪਾਓ?

-ਮੇਰਾ ਜਨਮ ਦੋਆਬੇ ਦੇ ਉੱਘੇ ਪਿੰਡ ਜੰਡਿਆਲਾ ਮੰਜਕੀ ਵਿਖੇ ਦਸ ਜਨਵਰੀ 1955 (ਕਾਗ਼ਜ਼ਾਂ ਵਿਚ ਇਹ ਤਰੀਕ 12 ਫਰਵਰੀ 1955 ਹੈ) ਨੂੰ ਹੋਇਆ। ਮੇਰੇ ਪਿਤਾ ਜੀ ਕਾਮਰੇਡ ਗੁਰਦੀਪ ਸਿੰਘ ਸੀ. ਪੀ. ਆਈ. ਦੇ ਸਰਗਰਮ ਕਾਰਕੁਨ ਸਨ। ਟਰਾਂਸਪੋਰਟ ਵਿਚ ਇੰਸਪੈਕਟਰ ਸਨ। ਯੂਨੀਅਨ ਦੇ ਆਗੂ ਸਨ ਅਤੇ ਛੋਟੇ ਕਿਸਾਨ ਸਨ ਪਰ ਐਮਰਜੈਂਸੀ ਨੇ ਉਨ੍ਹਾਂ ਦੀ ਨੌਕਰੀ ਨਿਗਲ ਲਈ ਸੀ। ਜ਼ਮੀਨ ਘੱਟ ਸੀ, ਗੁਜ਼ਾਰਾ ਮੁਸ਼ਕਿਲ ਸੀ ਤਾਂ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਰੀਪਬਲਿਕ ਕਾਲਿਜ (ਜੋ ਹੁਣ ਸਰਕਾਰੀ ਕਾਲਿਜ ਹੈ) ਦੀ ਮੈਨੇਜਮੈਂਟ ਦੀ ਮੈਂਬਰੀ ਛੱਡ ਕੇ ਉਸੇ ਕਾਲਿਜ ਵਿਚ ਕਲਰਕ ਦੀ ਨੌਕਰੀ ਕਰ ਲਈ, ਜਿਸ ਨਾਲ ਸਾਡੀ ਛੇ ਬੱਚਿਆਂ ਦੀ ਡਗਮਗਾ ਰਹੀ ਪੜ੍ਹਾਈ ਸੰਭਲ ਗਈ। ਮੇਰੀ ਮਾਤਾ ਸ੍ਰੀਮਤੀ ਰਾਜਿੰਦਰ ਕੌਰ ਘਰ ਦੀ ਕਪਾਹ ਦਾ ਰੂੰ ਵੇਲ ਕੇ, ਤੇ ਫੇਰ ਰਾਤ ਦਿਨ ਚਰਖਾ ਚਲਾ ਕੇ ਕੱਤਿਆ ਹੋਇਆ ਸੂਤ ਖੱਦਰ ਭੰਡਾਰ ਵਿਚ ਵੇਚ ਕੇ, ਸਾਡੀਆਂ ਆਰਥਿਕ ਲੋੜਾਂ ਪੂਰੀਆਂ ਕਰਦੀ ਹੋਈ ਹਮੇਸ਼ਾ ਸਾਨੂੰ ਮਿਹਨਤ ਅਤੇ ਮੁਸਕਰਾਹਟ ਦੇ ਮੂਕ ਮਾਇਨੇ ਸਮਝਾਉਂਦੀ ਰਹਿੰਦੀ। ਮੇਰੇ ਚਿਹਰੇ ਦੀ ਸਾਰੀ ਮੁਸਕਰਾਹਟ ਅਤੇ ਮੇਰੇ ਸੁਭਾਅ ਦਾ ਮਿਹਨਤੀ ਮਾਦਾ ਮੇਰੀ ਮਾਤਾ ਦੀ ਦੇਣ ਹੈ। ਇੱਧਰ ਓਧਰ ਖਿੱਲਰੀ ਸਾਢੇ ਕੁ ਚਾਰ ਕਿੱਲੇ ਜ਼ਮੀਨ ਵਿਚੋਂ ਸਾਲ ਭਰ ਦੀ ਰੋਟੀ ਕੱਢਣ ਦੇ ਹੀਲਿਆਂ ਨਾਲ ਜੂਝਦਾ ਰਿਹਾ ਬਚਪਨ ਸਮਾਜ ਅਤੇ ਸ਼ਰੀਕਾਂ ਦੀਆਂ ਜ਼ਿਆਦਤੀਆਂ ਸਹਿ-ਸਹਿ ਕੇ ਏਨਾ ਕਠੋਰ ਬਣ ਗਿਆ ਸੀ ਕਿ ਜਵਾਨੀ ਅਤੇ ਜ਼ਿੰਦਗੀ ਬਹੁਤ ਸਹਿਜ ਹੋ ਗਈ। ਗ਼ਦਰੀ ਬਾਬਿਆਂ ਦੇ ਮੁੜ੍ਹਕੇ ਨਾਲ ਮਹਿਕਦਾ ਮੇਰਾ ਪਿੰਡ ਪ੍ਰਗਤੀਸ਼ੀਲਤਾ ਦਾ ਸਾਮਾਨਅਰਥੀ ਹੈ। ਬਾਬਾ ਲਾਲ ਸਿੰਘ, ਬਾਬਾ ਵਰਿਆਮ ਸਿੰਘ, ਭਾਈ ਸ਼ੇਰ ਸਿੰਘ, ਕਰਤਾਰ ਸਿੰਘ ਕਿਰਤੀ ਤੇ ਦਰਬਾਰਾ ਸਿੰਘ (ਮੁੱਖ ਮੰਤਰੀ) ਵਰਗੇ ਆਜ਼ਾਦੀ ਘੁਲਾਟੀਆਂ ਦੀ ਇਹ ਧਰਤੀ ਕਿਰਤੀ ਕਿਸਾਨ ਪਾਰਟੀ, 'ਭਾਰਤ ਛੱਡੋ ਅੰਦੋਲਨ' ਅਤੇ ਲਾਲ ਪਾਰਟੀ ਨਾਲ ਜੁੜੀਆਂ ਹੋਈਆਂ ਸਰਗਰਮੀਆਂ ਦਾ ਕੇਂਦਰ ਰਹੀ। ਪਹਿਲਾਂ ਆਜ਼ਾਦੀ ਸੰਘਰਸ਼ ਤੇ ਫੇਰ ਚੰਗੇ ਸਮਾਜ ਦੀ ਸਿਰਜਣਾ ਲਈ ਸੰਘਰਸ਼ ਦੇ ਵਰਦਾਨ ਵਾਲੀ ਇਸ ਮਿੱਟੀ ਦਾ ਮੈਂ ਉਹ ਅੰਸ਼ ਹਾਂ, ਜਿਸ ਨੂੰ ਆਪਣੀ ਵਿਰਾਸਤ ਹਮੇਸ਼ਾ ਯਾਦ ਰਹਿੰਦੀ ਹੈ।

? ਤੁਸੀਂ ਕਵਿਤਾ ਵੱਲ ਹੀ ਕਿਉਂ ਆਏ?

-ਇਸ ਦਾ ਕੋਈ ਸਪੱਸ਼ਟ ਜਵਾਬ ਤਾਂ ਮੇਰੇ ਕੋਲ ਨਹੀਂ ਹੈ, ਸ਼ਾਇਦ ਇਹ ਜ਼ਿੰਦਗੀ ਪ੍ਰਤੀ ਜਜ਼ਬਾਤੀ ਪਹੁੰਚ ਦਾ ਹੀ ਨਤੀਜਾ ਹੋਵੇ। ਸ਼ਾਇਦ ਆਪਣੇ ਵਿਚਾਰ ਦੇ ਤੁਰੰਤ ਹੁੰਗਾਰੇ ਦੀ ਤਮੰਨਾ ਹੋਵੇ। ਸ਼ਾਇਦ ਮਾਹੌਲ ਦਾ ਅਸਰ ਹੋਵੇ। ਕਿਉਂਕਿ ਜਦੋਂ ਮੈਂ ਕਾਲਿਜ 'ਚ ਦਾਖਲ ਹੋਇਆ ਤਾਂ ਉੱਥੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਸਨ, ਪੰਜਾਬੀ ਦੇ ਪ੍ਰੋਫ਼ੈਸਰ ਡਾ. ਰਘਬੀਰ ਸਿੰਘ ਸਿਰਜਣਾ ਸਨ, ਮੇਰੇ ਸੀਨੀਅਰ ਸਤਨਾਮ ਚਾਨਾ ਤੇ ਮੰਗਤ ਰਾਮ ਪਾਸਲਾ ਸਨ। ਆਲ਼ੇ-ਦੁਆਲ਼ੇ ਦੇ ਪਿੰਡਾਂ ਵਿਚ ਡਾ: ਜਗਤਾਰ, ਫ਼ਤਹਿਜੀਤ, ਪਾਸ਼, ਤ੍ਰਿਲੋਕ ਕਾਲੜਾ, ਨਸੀਬ ਚੇਤਨ, ਸਰਵਣ ਰਾਹੀ ਤੇ ਕਸ਼ਮੀਰ ਕਾਦਰ ਵਰਗੇ ਕਵੀ ਸਨ। ਜਲਸਿਆਂ, ਕਾਨਫ਼ਰੰਸਾਂ, ਡਰਾਮਿਆਂ ਅਤੇ ਕਵੀ ਦਰਬਾਰਾਂ ਦੇ ਮਾਹੌਲ ਨੇ ਸਟੇਜ ਉੱਪਰ ਕੁਝ ਨਾ ਕੁਝ ਬੋਲਣ ਦੀ ਚੇਟਕ ਪੈਦਾ ਕਰ ਦਿੱਤੀ। ਕਾਲਿਜ ਵੱਲੋਂ ਯੂਥ ਫ਼ੈਸਟੀਵਲਾਂ ਅਤੇ ਪੋਲਿਟੀਕਲ ਸਿਮਪੋਜ਼ੀਅਮਜ਼ ਵਿਚ ਭੇਜਿਆ ਜਾਣ ਲੱਗਾ। ਕਾਲਿਜ ਮੈਗਜ਼ੀਨ ਦਾ ਸੰਪਾਦਕ ਬਣ ਗਿਆ। ਯੂਨੀਵਰਸਿਟੀ ਦਾ ਬੈੱਸਟ ਸਪੀਕਰ ਚੁਣਿਆ ਗਿਆ ਅਤੇ ਸ਼ਾਇਦ ਕਵਿਤਾਵਾਂ ਬੋਲ-ਬੋਲ 'ਨਾਮਣਾ ਖੱਟਣ' ਦੀ ਖ਼ਬਤ ਨੇ ਹੀ ਮੈਨੂੰ ਕਵੀ ਬਣਾ ਦਿੱਤਾ ਹੋਵੇ।

? ਤੁਹਾਡੇ ਵਿਚਾਰ ਵਿਚ ਕਵਿਤਾ ਕੀ ਹੁੰਦੀ ਹੈ। ਇਸ ਦਾ ਮਹੱਤਵ ਕੀ ਹੈ?

-ਮੇਰੇ ਵਿਚਾਰ ਵਿਚ ਕਵਿਤਾ ਆਪਣੇ-ਆਪ ਨੂੰ ਸਮਝਣ ਅਤੇ ਪ੍ਰਗਟਾਉਣ ਦਾ ਅਮਲ ਹੈ। ਭਾਵਨਾਵਾਂ ਨੂੰ ਸ਼ਬਦਾਂ ਅਤੇ ਸੰਕਲਪਾਂ ਰਾਹੀਂ ਪ੍ਰਗਟ ਕਰ ਕੇ ਸਮਾਜ ਵਿਚ ਸਥਿਤੀ ਦਾ ਬੋਧ ਜਗਾਉਣਾ ਕਵਿਤਾ ਦਾ ਮਹੱਤਵ ਹੈ। ਇਹ ਤਤਕਾਲੀ ਦਿਸਦਾ ਹੋਇਆ ਵੀ ਸਹਿਜਭਾਵੀ ਅਮਲ ਹੈ। ਕਵਿਤਾ ਸੁਣ ਕੇ ਵਿਅਕਤੀ ਜਜ਼ਬਾਤੀ ਜਾਂ ਉਤੇਜਤ ਤਾਂ ਹੁੰਦਾ ਹੀ ਹੈ ਪਰ ਉਸ ਦੇ ਮਨ ਵਿਚ ਸਥਿਤੀ ਪ੍ਰਤੀ ਬੋਧ ਜਾਗਣਾ ਵੀ ਸਹਿਜ ਪ੍ਰਕਿਰਿਆ ਹੈ। ਇਸੇ ਕਰਕੇ ਕਵਿਤਾ ਦਾ ਵਾਰ-ਵਾਰ ਪੜ੍ਹੇ ਜਾਂ ਸੁਣੇ ਜਾਣਾ ਬਹੁਤ ਜ਼ਰੂਰੀ ਹੈ। ਪਹਿਲੀ ਵਾਰ ਪਾਠਕ ਸ਼ਬਦਾਂ ਦੇ ਵਹਾਅ ਨਾਲ ਵਹਿੰਦਾ ਹੈ। ਦੂਸਰੀ ਵਾਰ ਸ਼ਬਦਾਂ ਨੂੰ ਮਨ ਵਿਚ ਵਸਾਉਂਦਾ ਹੈ। ਤੀਜੀ ਵਾਰ ਉਨ੍ਹਾਂ ਦੇ ਅਰਥਾਂ ਦੀ ਗਹਿਰਾਈ ਵੱਲ ਵੱਧਦਾ ਹੈ ਤੇ ਫੇਰ... ਫੇਰ ਸ਼ਾਇਦ ਬੋਧ ਵੱਲ ਅਗਰਸਰ ਹੁੰਦਾ ਹੈ... ਸ਼ਾਇਦ ... ਪਰ ਇਹ ਸਭ ਕੁਝ ਸ਼ਾਇਦ ਹੀ ਹੈ।

? ਗੱਲ ਤੁਹਾਡੀ ਪੁਸਤਕ 'ਸ਼ਬਦਾਂ ਦੀ ਸੰਸਦ' ਤੋਂ ਸ਼ੁਰੂ ਕਰਦੇ ਹਾਂ, ਜਿਸ ਦੇ ਮੁੱਢ ਵਿਚ ਤੁਸਾਂ ਕਵਿਤਾ ਦੇ ਦੋ ਖੰਭਾਂ ਜਾਂ ਦੋ ਨੇਤਰਾਂ ਦੀ ਗੱਲ ਕੀਤੀ ਹੈ। ਜ਼ਰਾ ਵਿਸਤਾਰ ਨਾਲ ਸਮਝਾਓਗੇ?

-ਮੇਰਾ ਇਹ ਸਪੱਸ਼ਟ ਵਿਚਾਰ ਹੈ, ਜਿਸ ਨੂੰ ਮੈਂ ਮਲਿਆਲਮ ਕਵੀ ਕੇ. ਸਚਿਦਾਨੰਦਨ ਦੇ ਹਵਾਲੇ ਨਾਲ ਸਮਝਣ ਦਾ ਯਤਨ ਕਰਦਾ ਹਾਂ, ਕਿ ਲੇਖਕ ਇਕੋ ਵੇਲੇ ਆਪਣੇ ਅੰਤਹਕਰਨ ਨਾਲ ਵੀ ਜੁੜਿਆ ਹੋਇਆ ਹੁੰਦਾ ਹੈ ਅਤੇ ਸਮਾਜ ਦੀਆਂ ਬਾਹਰੀ ਹਾਲਤਾਂ ਨਾਲ ਵੀ। ਉਹ ਆਪਣੇ ਵਿਅਕਤੀਗਤ ਜੀਵਨ ਉੱਤੇ ਵੀ ਕੇਂਦਰਤ ਹੁੰਦਾ ਹੈ ਅਤੇ ਸਮਾਜਕ ਸਰੋਕਾਰਾਂ ਉੱਤੇ ਵੀ। ਇਨ੍ਹਾਂ ਦੋਹਾਂ ਸਥਿਤੀਆਂ ਵਿਚ ਕੋਈ ਦਵੰਦ ਨਹੀਂ ਹੈ। ਲੇਖਕ ਵੀ ਉਵੇਂ ਹੀ ਸਮਾਜ ਦਾ ਹਿੱਸਾ ਹੈ ਜਿਵੇਂ ਕੋਈ ਵੀ ਹੋਰ ਵਿਅਕਤੀ। ਵਿਅਕਤੀ ਅਤੇ ਸਮਾਜ ਦੀ ਮੁਕਤੀ ਇਕ ਦੂਸਰੇ ਨਾਲ ਜੁੜੀਆਂ ਹੋਈਆਂ ਹਨ। ਇਹ ਕਦੇ ਨਹੀਂ ਹੋ ਸਕਦਾ ਕਿ ਸਮਾਜ ਸੁਤੰਤਰ ਹੋਵੇ ਪਰ ਮਨੁੱਖ ਗ਼ੁਲਾਮ, ਜਾਂ ਮਨੁੱਖ ਸੁਤੰਤਰ ਹੋਵੇ ਅਤੇ ਸਮਾਜ ਗ਼ੁਲਾਮ। ਜੇਕਰ ਅਜਿਹੀ ਸਥਿਤੀ ਪੈਦਾ ਹੋ ਜਾਵੇ ਤਾਂ ਸਮਾਜ ਵਿਚ ਵੱਕਾਰ ਪਨਪਦੇ ਹਨ। ਤਵਾਜ਼ਨ ਵਿਗੜਦੇ ਹਨ। ਇਨਕਲਾਬ ਜਾਂ ਉਲਟ ਇਨਕਲਾਬ ਆਉਂਦੇ ਨ। ਮੇਰੀ ਕਵਿਤਾ ਸਮਾਜ ਅਤੇ ਵਿਅਕਤੀ ਨੂੰ ਅਦਵੈਤ ਭਾਵਨਾ ਨਾਲ ਵੇਖਦੀ ਹੈ। ਇਸੇ ਨੂੰ ਦੋ ਅੱਖਾਂ, ਦੋ ਖੰਭਾਂ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਇਕ ਅੱਖ ਆਪਣੇ ਅੰਦਰ ਝਾਕਣ ਵਾਲੀ ਅਤੇ ਦੂਸਰੀ ਬਾਹਰ ਵੇਖਣ ਵਾਲੀ। ਦੋਹਾਂ ਅੱਖਾਂ ਦਾ ਟੀਰ ਹੀ ਸਥਿਤੀ ਦਾ ਸੱਚ ਵੇਖ ਸਕਦਾ ਹੈ, ਸਿਰਜ ਸਕਦਾ ਹੈ।

? ''ਮੇਰੀ ਕਵਿਤਾ ਦੀ ਭਾਸ਼ਾ ਜਦੋਂ ਤਕ ਉਹੀ ਹੋਵੇਗੀ ਜੋ ਮੈਂ ਬਚਪਨ ਵਿਚ ਸਿੱਖੀ, ਉਦੋਂ ਤਕ ਮੇਰੀ ਸਿਰਜਣ ਪ੍ਰਕਿਰਿਆ ਸਹਿਜ ਰਹੇਗੀ'', ਇਸ ਕਥਨ ਤੋਂ ਅਗਾਂਹ ਆਪਣੀ

ਸਮੁੱਚੀ ਕਵਿਤਾ ਦੇ ਸੰਬੰਧ ਵਿਚ ਹੋਰ ਕੀ ਕਹਿਣਾ ਚਾਹੋਗੇ?

-ਕਿਸੇ ਵੀ ਸਾਹਿਤਕਾਰ ਦੀ ਸਮੁੱਚੀ ਸਮਰੱਥਾ ਸੰਬੰਧਤ ਸਮਾਜ, ਸੱਭਿਆਚਾਰ ਅਤੇ ਸ਼ਬਦ ਦੀ ਦੇਣ ਹੁੰਦੀ ਹੈ। ਸ਼ਬਦ ਤੁਹਾਡੀ ਸੋਚ ਨਾਲ ਜੁੜੇ ਹੁੰਦੇ ਹਨ। ਵਿਅਕਤੀ ਜੋ ਵੀ ਸੋਚਦਾ ਹੈ, ਸ਼ਬਦਾਂ ਵਿਚ ਹੀ ਸੋਚਦਾ ਹੈ। ਮਾਤ ਭਾਸ਼ਾ ਦੇ ਸ਼ਬਦਾਂ ਵਿਚ ਜੇਕਰ ਇਹ ਸ਼ਬਦ ਕੁਦਰਤੀ ਵਹਾਅ ਨਾਲ ਪ੍ਰਗਟ ਹੋਣਗੇ ਤਾਂ ਹੀ ਸਹਿਜ ਸਿਰਜਣਾ ਦੇ ਪਰਤੌ ਵਾਂਗ ਰੂਪਮਾਨ ਹੋਣਗੇ। ਜੇਕਰ ਇਨ੍ਹਾਂ ਵਿਚ ਕਿਸੇ ਦੂਸਰੀ ਭਾਸ਼ਾ ਦਾ ਦਖਲ ਹੋਵੇਗਾ ਤਾਂ ਇਹ ਆਪਣੇ ਕੁਦਰਤੀ ਵਹਾਅ ਨੂੰ ਗੁਆ ਲੈਣਗੇ। ਇਸੇ ਕਰਕੇ ਮਾਤ ਭਾਸ਼ਾ ਜਾਂ, ਕਹਿਣਾ ਚਾਹੀਦਾ ਹੈ ਕਿ, ਸਮਾਜ ਭਾਸ਼ਾ ਵਿਚ ਲਿਖਿਆ ਗਿਆ ਸਾਹਿਤ ਹੀ ਕਿਸੇ ਲੇਖਕ ਦੀ ਅਸਲੀ ਪਛਾਣ ਬਣਦਾ ਹੈ। ਮੇਰੇ ਉੱਪਰ ਵੀ ਇਹ ਗੱਲ ਇਵੇਂ ਹੀ ਲਾਗੂ ਹੁੰਦੀ ਹੈ।

? ਤੁਹਾਡੇ ਵਿਚਾਰ ਅਨੁਸਾਰ ਦੋਹਾ ਸਿਰਫ਼ ਸਮੂਹ ਦੇ ਸੁੱਖਾਂ ਦੁੱਖਾਂ ਨੂੰ ਪ੍ਰਗਟਾਉਂਦੀ ਵੰਨਗੀ ਹੈ ਜਾਂ ਨਿੱਜ ਦੀ ਪੀੜਾ ਜਾਂ ਆਨੰਦ ਨੂੰ ਵੀ ਆਵਾਜ਼ ਦੇ ਸਕਦੀ ਹੈ?

-ਕਵਿਤਾ ਦਾ ਕੋਈ ਵੀ ਰੂਪ ਹੁਣ ਰਵਾਇਤੀ ਨਹੀਂ ਰਿਹਾ। ਮੱਧਕਾਲ ਜਾਂ ਉੱਤਰ ਮੱਧਕਾਲ ਵਿਚ ਜਦੋਂ ਦੋਹਾ, ਕਾਫ਼ੀ, ਸੀਹਰਫ਼ੀ, ਸਵੱਈਆ, ਇੱਥੋਂ ਤਕ ਕਿ ਮਹਾਂ ਕਾਵਿ, ਕਿੱਸਾ ਜਾਂ ਵਾਰ ਲਿਖੇ ਜਾਣ ਲੱਗੇ ਤਾਂ ਇਨ੍ਹਾਂ ਦੇ ਵਿਸ਼ੇ ਸੀਮਤ ਸਨ, ਇਕਹਿਰੇ ਸਨ। ਪਰ ਹੌਲ਼ੀ-ਹੌਲ਼ੀ ਇਨ੍ਹਾਂ ਵਿਚ ਵਿਆਪਕਤਾ ਆ ਰਹੀ ਹੈ। ਗ਼ਜ਼ਲ ਅਤੇ ਦੋਹੇ ਵਿਚ ਖ਼ਾਸ ਤੌਰ 'ਤੇ। ਇਹ ਕਾਵਿ ਰੂਪ ਨਵੀਂ ਕਵਿਤਾ ਦੇ ਲੋਕਪ੍ਰਿਆ ਕਾਵਿ ਰੂਪਾਂ ਵਜੋਂ ਵੀ ਵਿਕਸਤ ਹੋ ਗਏ ਹਨ। ਇੱਥੋਂ ਤਕ ਕਿ ਲੰਮੀ ਕਵਿਤਾ ਵੀ ਮਹਾਂ ਕਾਵਿ ਅਤੇ ਕਿੱਸੇ ਦਾ ਹੀ ਅਗਲੇਰਾ ਰੂਪ ਹੈ। ਜਿੱਥੋਂ ਤਕ ਸਮੂਹ ਦੇ ਦੁੱਖਾਂ ਸੁੱਖਾਂ, ਨਿੱਜੀ ਪੀੜਾ ਜਾਂ ਆਨੰਦ ਨੂੰ ਆਵਾਜ਼ ਦੇਣ ਦਾ ਸਵਾਲ ਹੈ, ਮੇਰੇ ਲਈ ਅਜਿਹੀ ਕੋਈ ਦਵੈਤ ਨਹੀਂ ਹੈ। ਨਿੱਜੀ ਪੀੜਾ ਦੀ ਅਸਹਿ ਸਥਿਤੀ ਵੀ ਸਮਾਜ ਦੀ ਹੀ ਦੇਣ ਹੁੰਦੀ ਹੈ।

? *"ਭਰੋ ਉਡਾਰੀ ਜੰਮ ਕੇ, ਨਵਿਉਂ ਨਵੇਂ ਆਕਾਸ਼*
ਪਰ ਨਾ ਧਰਤੀ ਭੁੱਲਣਾ, ਜਿੱਥੇ ਮੂਲ ਨਿਵਾਸ"

ਇਹ ਦੋਹਾ ਅੱਜੋਕੇ ਪਰਵਾਸ ਦੀ ਗੱਲ ਕਰਦਾ ਹੈ, ਜਦੋਂ ਕਿ ਇਕ ਹੋਰ ਦੋਹਾ ਆਮ ਜਨ-ਜੀਵਨ ਬਾਰੇ ਹੈ:

"ਰਿਸ਼ਤੇ ਮਿੱਟੀ ਹੋ ਗਏ, ਪਾਣੀ ਹੋਏ ਵਿਚਾਰ
ਮਿਸ਼ਰੀ ਮਿਰਚਾਂ ਹੋ ਗਈ, ਕਿਤ ਕਰੀਏ ਇਤਬਾਰ"

ਇੰਝ ਤੁਹਾਡੀ ਕਵਿਤਾ ਸਮੁੱਚ ਨੂੰ ਸੰਬੋਧਤ ਹੈ। ਇਸ ਕਾਵਿ-ਸੰਗ੍ਰਹਿ ਦਾ ਮੁੱਖ ਆਸ਼ਾ ਕੀ ਹੈ?

-ਇਸ ਕਾਵਿ-ਸੰਗ੍ਰਹਿ ਦਾ ਮੁੱਖ ਆਸ਼ਾ ਵੀ ਉਹੀ ਹੈ ਜੋ ਮੇਰੀ ਸਮੁੱਚੀ ਕਵਿਤਾ ਦਾ ਹੈ। ਮੈਂ ਕਵਿਤਾ ਨੂੰ ਜਾਂ ਸਾਹਿਤ ਨੂੰ ਸਥਿਤੀ ਦਾ ਬੋਧ ਕਰਾਉਣ ਵਾਲਾ ਅਮਲ ਸਮਝਦਾ ਹਾਂ। ਸਾਹਿਤ ਸਮਾਜਕ ਤਬਦੀਲੀ ਵਿਚ ਸਹਿਜ ਭੂਮਿਕਾ ਨਿਭਾਉਂਦਾ। ਇਹ ਵਿਅਕਤੀ ਦੇ ਸੁਹਜ, ਸੁਆਦ ਅਤੇ ਬੋਧ ਨੂੰ ਪ੍ਰਭਾਵਤ ਕਰਦਾ ਹੈ, ਜ਼ਿੰਦਗੀ ਨੂੰ ਸਮਝਣ ਦਾ ਬਲ ਅਤੇ ਸੋਝੀ ਦਿੰਦਾ ਹੈ। ਇਸੇ ਕਿਤਾਬ ਵਿਚ ਇਕ ਹੋਰ ਕਵਿਤਾ ਹੈ, ਉਸ ਨੂੰ ਵੇਖ ਲਿਆ ਜਾਵੇ ਤਾਂ ਹੋਰ ਕੁਝ ਕਹਿਣ ਦੀ ਜ਼ਰੂਰਤ ਨਹੀਂ ਲੱਗਦੀ:

"ਮੈਂ ਸ਼ਬਦਾਂ ਦੀ ਸੰਸਦ ਅੰਦਰ, ਮਤਾ ਅਨੋਖਾ ਪੇਸ਼ ਕਰਾਂਗਾ
ਕਿੱਥੋਂ ਆਉਂਦੈ ਦੁੱਖ ਦਲਿੱਦਰ, ਜਾਗਰੂਕ ਮੈਂ ਦੇਸ਼ ਕਰਾਂਗਾ।"

?'ਸ਼ਬਦਾਂ ਦੀ ਸੰਸਦ' ਵਿਚ ਨਵੀਂ ਰੀਤ ਦੀਆਂ ਕਵਿਤਾਵਾਂ ਘੋਰ ਨਿਰਾਸ਼ਾ ਵਿਚ ਆਸ਼ਾ ਜਗਾਉਂਦੀਆਂ ਹਨ: *'ਇਹ ਰਾਹੀ ਨਾ ਰੁਕਣੇ, ਭਾਵੇਂ ਨੇਰ੍ਹਾ ਖੰਭ ਖਿਲਾਰੇ'*। ਤੁਹਾਡੇ ਇਸ ਆਸ਼ਾਵਾਦ ਦਾ ਆਧਾਰ ਕੀ ਹੈ? ਜਾਂ ਨਿਰਾਸ਼ਾ ਵਿਚ ਆਸ਼ਾ ਜਗਾਉਣੀ ਕਵੀ ਦਾ ਫ਼ਰਜ਼ ਬਣਦਾ ਹੈ?

-ਅਜਿਹੇ ਆਸ਼ਾਵਾਦ ਨੂੰ ਕਿਸੇ ਸਿਧਾਂਤ ਨਾਲ ਨਾ ਵੀ ਜੋੜੀਏ ਤਾਂ ਵੀ ਸਪੱਸ਼ਟ ਹੈ ਕਿ ਮਨੁੱਖ ਦਾ ਮੂਲ ਸੁਭਾਅ ਸ਼ਾਂਤੀ ਅਤੇ ਸਹਿਜਤਾ ਹੈ। ਦੁਨੀਆ ਦੇ ਸਾਰੇ ਫ਼ਲਸਫ਼ੇ ਅਤੇ ਸਾਰੀਆਂ ਭਾਰਤੀ ਪਰੰਪਰਾਵਾਂ ਸੁੱਖ-ਸ਼ਾਂਤੀ ਦੀ ਤਲਾਸ਼ ਦੀਆਂ ਪਰੰਪਰਾਵਾਂ ਹਨ। ਸਾਧਾਰਨ ਗੱਲਬਾਤ ਵਿਚ ਵੀ ਅਸੀਂ ਕਹਿੰਦੇ ਹਾਂ - ਹਰ ਦੁੱਖ ਦੇ ਪਿੱਛੇ ਸੁੱਖ ਹੁੰਦਾ ਹੈ। ਹਰ ਰਾਤ ਦੇ ਪਿੱਛੇ ਇਕ ਦਿਨ ਹੁੰਦਾ ਹੈ। ਹਰ ਹਨ੍ਹੇਰੀ ਗੁਫ਼ਾ ਅਖੀਰ ਚਾਨਣ 'ਚ ਖੁਲ੍ਹਦੀ ਹੈ। ਸਾਧਾਰਨ ਜੀਵਨ ਦਾ ਇਹ ਰਵਾਇਤੀ ਫ਼ਲਸਫ਼ਾ ਵੀ ਸਾਨੂੰ ਸੰਘਰਸ਼ ਦੀ ਪ੍ਰੇਰਨਾ ਦਿੰਦਾ ਹੈ। ਫ਼ਰਕ ਸਿਰਫ਼ ਏਨਾ ਕੁ ਹੈ ਕਿ ਮੈਂ ਦਿਨ ਚੜ੍ਹਨ ਦੀ ਉਡੀਕ ਵਿਚ ਬੈਠਾ ਨਹੀਂ ਰਹਿ ਸਕਦਾ। ਮੈਨੂੰ ਲੱਗਦਾ ਹੈ ਕਿ ਚਾਨਣ ਨੂੰ ਖਿੱਚ ਕੇ ਨੇੜੇ ਲਿਆਉਣਾ ਚਾਹੀਦਾ ਹੈ। ਰਾਤ ਜਿੰਨੀ ਛੋਟੀ ਹੋ ਸਕੇ, ਉਸ ਲਈ ਯਤਨ ਜ਼ਰੂਰ ਕਰਨੇ ਚਾਹੀਦੇ ਹਨ। ਇਹ ਯਤਨ ਵਿਚਾਰ ਅਤੇ ਸੰਘਰਸ਼ ਦੋਹਾਂ ਪੱਧਰਾਂ ਉੱਤੇ ਹੋਣੇ ਜ਼ਰੂਰੀ ਹਨ।

? *"ਦੋ ਹਰਫ਼ਾਂ ਤੋਂ ਰੋਟੀ ਬਣਦੀ, ਦੋ ਹਰਫ਼ਾਂ ਤੋਂ ਭਾਸ਼ਾ*
ਦੋਵੇਂ ਖੋਹੀਆਂ ਜਾਣ ਜਦੋਂ ਵੀ, ਹੁੰਦੀ ਘੋਰ ਨਿਰਾਸ਼ਾ-ਮਰਦੀ ਆਸ਼ਾ"

ਸਮੇਂ ਦੀ ਨਬਜ਼ ਪਛਾਣਦੀ, ਇਸ ਕਵਿਤਾ ਦੇ ਸੰਦਰਭ ਵਿਚ ਦੱਸੋ, ਕੀ ਅੱਜੋਕਾ ਸਿਸਟਮ ਕਦੇ ਰੋਜ਼ੀ-ਰੋਟੀ ਅਤੇ ਭਾਸ਼ਾ ਦੇ ਮਸਲੇ ਹੱਲ ਕਰਨ ਦੇ ਸਮਰੱਥ ਹੋ ਸਕੇਗਾ ਜਾਂ ਇਸ ਤਰ੍ਹਾਂ ਹੀ ਉਜਾੜਾ ਹੁੰਦਾ ਰਹੇਗਾ?

-ਵੈਸੇ ਤਾਂ ਮੈਂ ਇਕ ਆਸ਼ਾਵਾਦੀ ਵਿਅਕਤੀ ਹਾਂ ਪਰ ਮੌਜੂਦਾ ਸਿਸਟਮ ਤੋਂ ਆਸ ਰੱਖਣਾ ਮੁਸ਼ਕਿਲ ਜਾਪਦਾ ਹੈ। ਭਾਵੇਂ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿਚ ਲਾਗੂ ਕਰਨ ਨਾਲ ਵੀ ਜਨ-ਸਾਧਾਰਨ ਦੇ ਰੋਟੀ ਰੋਜ਼ੀ ਅਤੇ ਬੁਨਿਆਦੀ ਅਧਿਕਾਰਾਂ ਦੇ ਮਸਲੇ ਕਾਫ਼ੀ ਹੱਦ ਤਕ ਹੱਲ ਹੋ ਸਕਦੇ ਹਨ। ਪਰ ਵਕਤ ਦੀਆਂ ਲੋੜਾਂ ਅਨੁਸਾਰ ਇਸ ਵਿਚ ਤਬਦੀਲੀਆਂ ਕਰਨਾ ਵੀ ਜ਼ਰੂਰੀ ਹੈ ਅਤੇ ਸਰਬ ਸਾਂਝੀ ਵਿਰਾਸਤ ਅਤੇ ਸਰਬ ਧਰਮ ਸਨਮਾਨ ਦੇ ਨਾਲ-ਨਾਲ ਰੁਜ਼ਗਾਰ ਨੂੰ ਮੂਲ ਅਧਿਕਾਰਾਂ ਵਿਚ ਸ਼ਾਮਲ ਕਰਨਾ ਬੇਹੱਦ ਜ਼ਰੂਰੀ ਹੈ। ਸਾਡੀ ਸਭ ਤੋਂ ਵੱਡੀ ਸਮੱਸਿਆ ਜਾਤੀਵਾਦੀ ਸਮੱਸਿਆ ਵੀ ਹੈ। ਜਾਤਾਂ ਵਿਚ ਵੰਡਿਆ ਸਮਾਜ ਪ੍ਰਗਤੀ ਦੇ ਪੰਧ ਉੱਤੇ ਪੈਣਾ ਮੁਸ਼ਕਿਲ ਹੈ। ਜਿੱਥੋਂ ਤਕ ਭਾਸ਼ਾ ਦਾ ਸੰਬੰਧ ਹੈ, ਇਸ ਦੀ ਪ੍ਰਗਤੀ ਦਾ ਆਧਾਰ ਸਮਾਜ, ਸੱਭਿਆਚਾਰ ਅਤੇ ਰਾਜਨੀਤਕ ਹਾਲਤਾਂ ਹੀ ਹੁੰਦੀਆਂ ਹਨ। ਅੰਗਰੇਜ਼ੀ ਭਾਸ਼ਾ ਦੀ ਪ੍ਰਗਤੀ ਵਿਚ ਅੰਗਰੇਜ਼ੀ ਹਕੂਮਤ ਦਾ ਵੱਡਾ ਯੋਗਦਾਨ ਸੀ। ਜਿੰਨਾ ਚਿਰ ਅੰਗਰੇਜ਼ੀ ਹਕੂਮਤ ਸੰਸਾਰ ਵਿਚ ਨਹੀਂ ਫੈਲੀ ਸੀ, ਅੰਗਰੇਜ਼ੀ ਲੇਖਕਾਂ ਇੱਥੋਂ ਤਕ ਕਿ ਸੈਕਸ਼ਪੀਅਰ ਨੂੰ ਵੀ ਕਿਸੇ ਨੇ ਨਹੀਂ ਸੀ ਪੁੱਛਿਆ। ਪਰ ਅੰਗਰੇਜ਼ੀ ਹਕੂਮਤ ਨੇ ਆਪਣੇ ਵਿਸਥਾਰ ਦੇ ਨਾਲ-ਨਾਲ ਅੰਗਰੇਜ਼ੀ ਭਾਸ਼ਾ ਦਾ ਵਿਸਤਾਰ ਵੀ ਕੀਤਾ। ਪੰਜਾਬੀ ਨੂੰ ਸਭ ਤੋਂ ਵੱਧ ਨੁਕਸਾਨ ਪੰਜਾਬ ਦੀਆਂ ਹਕੂਮਤਾਂ ਨੇ ਹੀ ਪਹੁੰਚਾਇਆ। ਇਹ ਸਿਲਸਿਲਾ ਰਣਜੀਤ ਸਿੰਘ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਸੀ। ਪੰਜਾਬੀ ਜ਼ੁਬਾਨ ਨੂੰ ਬਚਾਉਣ ਵਿਚ ਪੰਜਾਬੀ ਗੀਤ-ਸੰਗੀਤ ਦਾ ਵੱਡਾ ਯੋਗਦਾਨ ਹੈ। ਦੁਨੀਆ ਵਿਚ ਇਸ ਦਾ ਵਿਸਤਾਰ ਗੀਤ-ਸੰਗੀਤ ਕਰਕੇ ਵੀ ਹੈ, ਅਤੇ ਪਰਵਾਸੀ ਪੰਜਾਬੀਆਂ ਦੀਆਂ ਭਾਵਨਾਵਾਂ ਕਰਕੇ ਵੀ। ਇਧਰਲਾ ਪੰਜਾਬ ਇਸ ਤੋਂ ਬੇਮੁੱਖ ਹੋ ਰਿਹਾ ਹੈ।

? ਮਹਾਤਮਾ ਗਾਂਧੀ ਅਤੇ ਸਰਦਾਰ ਭਗਤ ਸਿੰਘ ਦੀ ਮੰਜ਼ਿਲ ਇਕ ਸੀ, ਪਰ ਰਸਤੇ ਵੱਖੋ-ਵੱਖਰੇ, ਪਹੁੰਚ ਵੱਖੋ-ਵੱਖ। 'ਇਕ ਸੁਪਨਾ ਇਕ ਸੰਵਾਦ' ਨਾਂਅ ਦੀ ਲੰਬੀ ਕਵਿਤਾ ਵਿਚ ਤੁਸੀਂ ਇਨ੍ਹਾਂ ਨੂੰ ਇਕੋ ਥਾਂ ਖੜ੍ਹੇ-ਖੜੋਤੇ ਕਿਵੇਂ ਚਿਤਵਿਆ?

-ਜਿੱਥੋਂ ਤਕ ਆਜ਼ਾਦੀ ਦੀ ਪ੍ਰਾਪਤੀ ਦਾ ਸੰਬੰਧ ਹੈ, ਦੋਹਾਂ ਦੀ ਮੰਜ਼ਿਲ ਇਕ ਹੀ ਸੀ, ਪਰ ਭਗਤ ਸਿੰਘ ਦੀ ਮੰਜ਼ਿਲ ਇਸ ਤੋਂ ਅੱਗੇ ਵੀ ਸੀ। ਚੰਗੇ ਸਮਾਜ ਦੀ ਸਿਰਜਣਾ ਤਕ। ਦੋਹਾਂ ਦੀ ਵਿਚਾਰਧਾਰਾ ਅਤੇ ਸੰਘਰਸ਼-ਯੁਗਤਾਂ ਵਿਚ ਵੱਡੇ ਫ਼ਰਕਾਂ ਦੇ ਬਾਵਜੂਦ ਹਰ ਹਿੰਦੋਸਤਾਨੀ ਦੇ ਮਨ

ਵਿਚ ਇਹ ਵਿਚਾਰ ਜ਼ਰੂਰ ਆਉਂਦਾ ਕਿ ਜੇਕਰ ਇਨ੍ਹਾਂ ਦੋਹਾਂ ਦਾ ਸਨਮਨਵੈ ਬੈਠ ਜਾਂਦਾ ਤਾਂ ਸ਼ਾਇਦ ਆਜ਼ਾਦੀ ਦੀ ਪ੍ਰਾਪਤੀ ਕੁਝ ਜਲਦੀ ਹੋ ਜਾਂਦੀ। ਇਸੇ ਵਿਚਾਰ ਨੂੰ ਸਮਝਣ ਦਾ ਯਤਨ ਹੈ, ਇਹ ਸਾਰੀ ਕਵਿਤਾ। ਦੂਸਰੀ ਅਹਿਮ ਗੱਲ ਜੋ ਵਾਰ-ਵਾਰ ਮੈਨੂੰ ਸਤਾ ਰਹੀ ਹੈ ਕਿ ਜੇਕਰ ਇਹ ਦੋਵੇਂ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਤਕ ਜ਼ਿੰਦਾ ਰਹਿੰਦੇ ਤਾਂ ਸ਼ਾਇਦ ਇਸ ਦੇਸ਼ ਦੀ ਤਸਵੀਰ ਕੁਝ ਹੋਰ ਹੁੰਦੀ। ਭਗਤ ਸਿੰਘ ਦਾ ਜਨੂੰਨ ਅਤੇ ਮਹਾਤਮਾ ਗਾਂਧੀ ਦਾ ਠਰ੍ਹੰਮਾ ਹੀ ਇਸ ਦੇਸ਼ ਦੀ ਪ੍ਰਮਾਣਿਕ ਵਿਚਾਰਧਾਰਾ ਦੇ ਪ੍ਰਤੀਕ ਹਨ। ਮੇਰਾ ਇਕ ਸ਼ਿਅਰ ਹੈ:

ਅਸੀਂ ਦੋਸਤੀ 'ਚ ਵਹੇ ਸਦਾ ਪਾਣੀ ਵਾਂਗਰਾਂ
ਖੜ੍ਹੇ ਦੁਸ਼ਮਣੀ 'ਚ ਰਹੇ ਹਾਂ ਕਟਾਰ ਬਣ ਕੇ

ਉਦਾਰਤਾ ਅਤੇ ਦ੍ਰਿੜ੍ਹਤਾ ਦਾ ਸੁਮੇਲ ਹੀ ਜ਼ਿੰਦਗੀ ਦੀ ਗਤੀਸ਼ੀਲਤਾ ਦਾ ਸੂਤਰ ਹਨ। ਇਨ੍ਹਾਂ ਦੋਹਾਂ ਸੰਕਲਪਾਂ ਨੂੰ ਪ੍ਰਤੀਕਾਂ ਵਿਚ ਵੇਖਣਾ ਹੋਵੇ ਤਾਂ ਮਹਾਤਮਾ ਗਾਂਧੀ ਅਤੇ ਭਗਤ ਸਿੰਘ ਸਾਕਾਰ ਹੁੰਦੇ ਹਨ।

? ਜੇ ਭਲਾ ਅੱਜ ਭਗਤ ਸਿੰਘ ਜਿਊਂਦਾ ਹੁੰਦਾ ਤਾਂ ਉਸ ਕੋਲੋਂ ਸੱਚੀ ਸੁੱਚੀ ਸਿਆਸਤ ਦੀ ਆਸ ਰੱਖੀ ਜਾ ਸਕਦੀ ਸੀ?

-ਭਗਤ ਸਿੰਘ ਦੇ ਵਿਚਾਰਾਂ ਅਤੇ ਕਾਰਨਾਮਿਆਂ ਦੀ ਤਹਿ ਤਕ ਜਾਈਏ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਹੈ। ਸਭ ਤੋਂ ਵੱਡੀ ਗੱਲ ਤੁਹਾਡੀ ਸ਼ਖ਼ਸੀਅਤ ਦਾ ਸਮਤੋਲ ਹੁੰਦੀ ਹੈ। ਤੁਸੀਂ ਜੋ ਕਹਿੰਦੇ ਹੋ ਉਹੀ ਕਰਦੇ ਹੋ, ਜੋ ਕਰਦੇ ਹੋ, ਉਸ ਉੱਪਰ ਟਿਕੇ ਰਹਿੰਦੇ ਹੋ, ਉਸ ਨੂੰ ਸਹੀ ਸਾਬਤ ਕਰਨ ਦਾ ਯਤਨ ਵੀ ਕਰਦੇ ਹੋ। ਇਹ ਸਭ ਕੁਝ ਭਗਤ ਸਿੰਘ ਵਿਚ ਸੀ, ਇਸ ਕਰਕੇ ਉਸ ਤੋਂ ਸੱਚੀ-ਸੁੱਚੀ ਸਿਆਸਤ ਦੀ ਉਮੀਦ ਕੀਤੀ ਜਾ ਸਕਦੀ ਸੀ।

? ਤੁਹਾਡੇ ਖਿਆਲ ਵਿਚ ਊਧਮ ਸਿੰਘ ਨੂੰ ਸ਼ਹੀਦੇ ਆਜ਼ਮ ਵਾਲੀ ਪ੍ਰਸਿੱਧੀ ਕਿਉਂ ਨਹੀਂ ਮਿਲੀ। ਹਾਲਾਂ ਕਿ ਉਸ ਨੇ ਜਲ੍ਹਿਆਂ ਵਾਲੇ ਬਾਗ਼ ਦੇ ਮੁੱਖ ਦੋਸ਼ੀ ਨੂੰ ਦੋ ਦਹਾਕਿਆਂ ਤੋਂ ਵੱਧ ਅਰਸਾ ਪਿੱਛਾ ਕਰਦਿਆਂ, ਉਦੋਂ ਮਾਰਿਆ ਜਦੋਂ ਉਹ ਭਾਰਤ ਵਿਚਲੀ ਆਪਣੀ 'ਪ੍ਰਾਪਤੀ' ਦੀਆਂ ਡੀਂਗਾਂ ਮਾਰ ਰਿਹਾ ਸੀ?

-ਆਜ਼ਾਦੀ ਦੀ ਪ੍ਰਾਪਤੀ ਲਈ ਜਨੂੰਨ ਅਤੇ ਬਹਾਦਰੀ ਭਰੇ ਕਾਰਨਾਮਿਆਂ ਵਿਚ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਵਿਚ ਕੋਈ ਬਹੁਤਾ ਫ਼ਰਕ ਨਹੀਂ ਹੈ। ਪਰ ਭਗਤ ਸਿੰਘ ਦੀ ਵਿਚਾਰਧਾਰਕ ਪ੍ਰਪੱਕਤਾ, ਜਥੇਬੰਦਕ ਪਹੁੰਚ ਅਤੇ ਖ਼ੁਦ ਦੇ ਪ੍ਰਗਟਾਵੇ ਦੀ ਸੋਝੀ ਨੇ, ਉਸ ਨੂੰ ਬਾਕੀ ਸਾਰੇ ਸੁਤੰਤਰਤਾ ਸੈਨਾਨੀਆਂ ਨਾਲੋਂ ਵੱਖਰਾ ਮੁਕਾਮ ਪ੍ਰਦਾਨ ਕੀਤਾ ਹੈ। ਉਸ ਦੀ ਅਗਵਾਨੂੰ ਭੂਮਿਕਾ, ਉਸ ਨੂੰ ਉੱਚ-ਦੁਮਾਲੜੇ ਵਿਲੱਖਣ ਵਿਅਕਤੀ ਵਜੋਂ ਸਥਾਪਤ ਕਰਦੀ ਹੈ। ਇਸ ਵਿਚ ਵੱਡਾ ਰੋਲ ਵਿਚਾਰਧਾਰਕ ਲਹਿਰਾਂ ਦਾ ਵੀ ਹੈ। ਆਜ਼ਾਦੀ ਤੋਂ ਬਾਅਦ ਚੱਲੀਆਂ ਰਾਜਨੀਤਕ, ਸੱਭਿਆਚਾਰਕ ਅਤੇ ਧਾਰਮਿਕ ਲਹਿਰਾਂ ਨੇ ਜਿਵੇਂ ਭਗਤ ਸਿੰਘ ਦੇ ਪ੍ਰਤੀਕ ਨੂੰ ਅਪਨਾਇਆ, ਉਸ ਨੇ ਭਗਤ ਸਿੰਘ ਦੀ ਲੋਕਪ੍ਰਿਅਤਾ ਨੂੰ ਵੱਡਾ ਹੁਲਾਰਾ ਦਿੱਤਾ। ਉਸ ਨੂੰ ਕਮਿਊਨਿਸਟਾਂ ਦੇ ਸਾਰੇ ਧੜਿਆਂ (ਸਮੇਤ ਨਕਸਲੀ) ਨੇ ਤਾਂ ਅਪਨਾਉਣਾ ਹੀ ਸੀ, ਸਗੋਂ ਉਸ ਦੇ ਆਰੀਆ ਸਮਾਜੀ ਪਿਛੋਕੜ ਨੂੰ ਇਕ ਹਥਿਆਰ ਵਜੋਂ ਵਰਤ ਕੇ, ਉਨ੍ਹਾਂ ਸੰਸਥਾਵਾਂ ਨੇ ਵੀ ਉਸ ਨੂੰ ਆਪਣਾ ਨਾਇਕ ਬਣਾ ਲਿਆ, ਜਿਨ੍ਹਾਂ ਦੇ ਵਿਚਾਰਾਂ ਨਾਲ ਉਸ ਦਾ ਦੂਰ-ਦੂਰ ਦਾ ਵੀ ਵਾਸਤਾ ਨਹੀਂ ਸੀ। ਜਦੋਂ ਕਿ ਸ਼ਹੀਦ ਊਧਮ ਸਿੰਘ ਨਾਲ ਅਜਿਹਾ ਨਹੀਂ ਹੋਇਆ। ਸਗੋਂ ਉਸ ਨੂੰ ਇਕ ਵਿਸ਼ੇਸ਼ ਸਮੂਦਾਏ ਤਕ ਹੀ ਸੀਮਤ ਕਰਨ ਦੇ ਯਤਨ ਹੁੰਦੇ ਰਹੇ ਹਨ। ਹਾਲਾਂਕਿ ਸ਼ਹੀਦ ਊਧਮ ਸਿੰਘ ਦੀ ਰਾਸ਼ਟਰਵਾਦੀ ਸੋਚ ਓਨੀ ਹੀ ਬਲਵਾਨ ਸੀ, ਜਿੰਨੀ ਭਗਤ ਸਿੰਘ ਅਤੇ ਸਾਥੀਆਂ ਦੀ। ਉਸ ਵੱਲੋਂ ਆਪਣਾ ਨਾਮ 'ਰਾਮ ਮੁਹੰਮਦ ਸਿੰਘ ਆਜ਼ਾਦ' ਰੱਖਣਾ ਆਪਣੇ ਆਪ ਵਿਚ ਦੂਰ-ਅੰਦੇਸ਼ੀ ਕ੍ਰਿਸ਼ਮਾ ਹੈ।

? ਤੁਹਾਡੀ 2009 ਵਿਚ ਪ੍ਰਕਾਸ਼ਤ ਲੰਬੀ ਕਵਿਤਾ 'ਬਲੈਕ ਹੋਲ' ਰਾਸ਼ਟਰੀ ਅਤੇ

ਇਤਿਹਾਸਕ ਵਰਤਾਰੇ ਤੋਂ ਸਿੱਧੀ ਅੰਤਰਰਾਸ਼ਟਰੀ ਫਿਲਾਸਫਾਨਾ ਛਾਲ ਗਲੋਬਲਾਈਜ਼ੇਸ਼ਨ ਦੇ ਮਾੜੇ ਪ੍ਰਭਾਵਾਂ ਵੱਲ ਹੈ। ਤੁਸੀਂ ਕਾਰਪੋਰੇਟ ਸੈਕਟਰ ਕਾਰਨ ਮਨੁੱਖ ਦੇ ਮੰਡੀ ਦੀ ਵਸਤ ਬਣ ਜਾਣ ਦਾ ਵਿਸ਼ਾ ਪਹਿਲੀ ਵਾਰ ਛੋਹਿਆ ਸੀ। ਤੁਹਾਨੂੰ 2013 ਦੇ ਆਸ-ਪਾਸ ਵਾਪਰੇ ਇਸ ਸੰਸਾਰੀਕਰਨ ਅਤੇ ਉਦਾਰੀਕਰਨ ਦੇ ਦੁਸ਼-ਪ੍ਰਭਾਵ ਪਹਿਲਾਂ ਹੀ ਕਿਵੇਂ ਸੁੱਝ ਗਏ?

-ਇਹ ਸਿਰਫ਼ ਮੈਨੂੰ ਹੀ ਨਹੀਂ ਸੁੱਝੇ, ਉਨ੍ਹਾਂ ਸਭ ਨੂੰ ਸੁੱਝ ਚੁੱਕੇ ਸਨ ਜਿਹੜੇ ਸਮਾਜ-ਵਿਗਿਆਨ ਦੇ ਗਤੀਸ਼ੀਲ ਸਿਧਾਂਤਾਂ ਨਾਲ ਜੁੜੇ ਹੋਏ ਹਨ। ਇਹ ਵਰਤਾਰਾ 1990 ਤੋਂ ਚੱਲ ਰਿਹਾ ਹੈ। ਵਿਚਾਰਧਾਰਾ ਦੀ ਇਤਿਹਾਸ-ਮੁੱਖਤਾ ਤੋਂ ਬੇਮੁੱਖ ਹੋ ਕੇ ਆਰਥਿਕ ਉਦਾਰੀਕਰਨ ਦੇ ਮੁਕਤ-ਵਹਾਅ (free flow) ਨੂੰ ਸਿਰਫ਼ ਮੁਨਾਫ਼ਾ ਕੇਂਦਰਤ ਕਰ ਲੈਣਾ ਅਤੇ ਮਾਨਵੀ ਲੋੜਾਂ ਨੂੰ ਮੌਜ-ਮਸਤੀ ਤਕ ਘਟਾ ਲੈਣਾ, ਇਸ ਦੀਆਂ ਅਜਿਹੀਆਂ ਅਲਾਮਤਾਂ ਹਨ, ਜਿਨ੍ਹਾਂ ਦੇ ਦੂਰ-ਰਸ ਨਤੀਜੇ ਕੀ ਹੋ ਸਕਦੇ ਹਨ? ਇਸ ਬਾਰੇ ਹਰ ਉਹ ਵਿਅਕਤੀ ਜਾਣਦਾ ਹੀ ਹੈ, ਜਿਸ ਦਾ ਮਾਨਵੀ ਕਦਰਾਂ-ਕੀਮਤਾਂ ਅਤੇ ਮਨੁੱਖੀ ਬਰਾਬਰੀ ਵਿਚ ਵਿਸ਼ਵਾਸ ਹੈ। ਮੈਂ ਉਨ੍ਹਾਂ ਵਿਅਕਤੀਆਂ ਵਿਚੋਂ ਹਾਂ ਜਿਹੜੇ ਸਮਾਜ ਦੀ ਬਿਹਤਰੀ ਨੂੰ, ਸਮਾਜਕ ਤਬਦੀਲੀ ਦੀ ਵਿਗਿਆਨਕ ਵਿਚਾਰਧਾਰਾ (ਮਾਰਕਸਵਾਦ) ਰਾਹੀਂ ਸਮਝਣ ਦਾ ਯਤਨ ਕਰਦੇ ਰਹਿੰਦੇ ਹਨ। ਇਸ ਲਈ ਇਹ ਸਭ ਕੁਝ ਸਮਝਣਾ ਇਕ ਸਹਿਜ ਪ੍ਰਕਿਰਿਆ ਹੀ ਹੈ, ਇਸ ਵਿਚ ਕੁਝ ਵਿਸ਼ੇਸ਼ ਨਹੀਂ ਹੈ। ਪਰ ਇਸ ਨੂੰ ਇਕ ਲੰਮੀ ਕਵਿਤਾ ਰਾਹੀਂ ਸਮਝਣ ਅਤੇ ਵਿਸਥਾਰਨ ਦਾ ਇਹ ਯਤਨ ਪਹਿਲਾ ਯਤਨ ਜ਼ਰੂਰ ਹੈ।

? ਤੁਹਾਡੇ ਵਿਚਾਰ ਅਨੁਸਾਰ ਕੀ ਹਨ ਉਹ ਮਾੜੇ ਪ੍ਰਭਾਵ? ਕੀ ਇਨ੍ਹਾਂ ਸੱਤਾ ਅੱਠਾਂ ਸਾਲਾਂ ਦੌਰਾਨ ਤੁਹਾਡੀ ਭਵਿੱਖਬਾਣੀ ਸੱਚੀ ਸਾਬਤ ਹੋਈ ਹੈ। ਕਵਿਤਾ ਵਿਚ ਪ੍ਰਮਾਣ ਦਿਓਗੇ?

-'ਬਲੈਕ ਹੋਲ' ਦਾ ਚਿਹਨ ਆਪਣੇ ਆਪ ਵਿਚ ਕਾਵਿਕ ਪ੍ਰਮਾਣ ਹੈ ਕਿ ਵਿਸ਼ਵੀਕਰਨ ਇਕ ਅਜਿਹਾ ਬਲੈਕ ਹੋਲ ਹੈ, ਜਿਸ ਵਿਚ ਮਨੁੱਖਤਾ ਗਰਕ ਹੋ ਰਹੀ ਹੈ। ਮਾਨਵੀ ਕਦਰਾਂ-ਕੀਮਤਾਂ, ਆਪਸੀ ਭਾਈਚਾਰਾ, ਬਰਾਬਰੀ, ਸਭ ਕੁਝ ਤਹਿਸ-ਨਹਿਸ ਹੋ ਰਿਹਾ ਹੈ:

ਦੂਰ ਗਹਿਰੇ ਸਾਗਰਾਂ ਵਿਚ
ਮਟਕ ਰਹੀਆਂ ਮੰਡੀਆਂ
ਬਲੈਕ ਹੋਲ... ... ਮੇਰੇ ਚੁਫੇਰ ... ...
ਇਸ ਤਰ੍ਹਾਂ ਦਾ ਮੰਜ਼ਰ ਕਦੇ
ਨਾ ਤੱਕਿਆ ਨਾ ਭੋਗਿਆ
ਇਤਿਹਾਸ ਨੇ, ਮਿਥਿਹਾਸ ਨੇ...
ਕੀ ਹੈ ਇਹ?
ਸੁੰਵਾ ਬਸੀਮਾ ਨਜ਼ਰ ਦਾ?

ਮੰਡੀ ਮੰਡੀ... ਕੂਕਦੀ ਹੈ ਕਾਇਨਾਤ
ਨਜ਼ਰ ਮੇਰੀ ... ਭੰਬੂਤਾਰੇ
ਨੱਚਦੇ ਘੁੰਗਰੂ ਚੁਫ਼ੇਰ ... ਬਲੈਕ ਹੋਲ ...
ਮੰਡੀ-ਮੇਲਾ-ਘੁੰਗਰੂ ...
ਮੇਰੇ ਸਿਰ 'ਚ ਧਸ ਰਹੀਆਂ ਨੇ
ਐੱਮ ਐੱਨ ਸੀਜ਼ ਅੱਗ ਲੈਣ ਆਈਆਂ ਨੇ ਫੇਰ... ...

ਇਹ ਬਹੁਕੌਮੀ ਕੰਪਨੀਆਂ ਦਾ ਵਿਕਾਸਸ਼ੀਲ ਦੇਸ਼ਾਂ ਵਿਚ ਆਉਣਾ, ਈਸਟ ਇੰਡੀਆ ਕੰਪਨੀ ਦੇ ਆਉਣ ਵਰਗਾ ਹੀ ਹੈ। ਸਮਾਂ, ਦਾਅਪੇਚ ਅਤੇ ਤਕਨਾਲੋਜੀ ਵੱਖਰੀ ਹੈ। ਮਣਸ਼ਾ ਉਹੀ ਹੈ।

ਗ਼ੁਲਾਮ ਬਣਾ ਲੈਣ ਦੀ ਮਣਸ਼ਾ। ਕੀ ਹੁਣ ਅਸੀਂ ਬਹੁਕੌਮੀ ਕਾਰਪੋਰੇਸ਼ਨਾਂ ਦੇ ਗ਼ੁਲਾਮ ਨਹੀਂ ਹਾਂ? ਸਾਡਾ ਰਹਿਣ-ਸਹਿਣ, ਸੱਭਿਆਚਾਰ, ਭਾਸ਼ਾ, ਇੱਥੋਂ ਤਕ ਕਿ ਸਾਡੀ ਸੋਚ ਵੀ ਹੁਣ ਆਪਣੀ ਨਹੀਂ ਹੈ। ਇਸ ਨੂੰ ਮੰਡੀ ਅਤੇ ਮੀਡੀਆ ਕੰਟਰੋਲ ਕਰ ਰਹੇ ਹਨ।

? ਕੀ ਇਸ ਘਿਨਾਉਣੀ ਸਥਿਤੀ ਵਿਚੋਂ ਮਨੁੱਖ ਦੇ ਇਤਿਹਾਸ ਦੇ ਜਾਂ ਇਨਸਾਨੀ ਆਪੇ ਦੇ ਪੁਨਰ ਜਨਮ ਦੀ ਕੋਈ ਉਮੀਦ ਹੈ?

-ਜਿਸ ਤਰ੍ਹਾਂ ਦੇ ਇਨਕਲਾਬ ਦੀ ਉਮੀਦ ਅੱਧੀ ਕੁ ਸਦੀ ਪਹਿਲਾਂ ਕਰਦੇ ਹੁੰਦੇ ਸਾਂ, ਉਸ ਤਰ੍ਹਾਂ ਦੀ ਉਮੀਦ ਤਾਂ ਹੁਣ ਕੋਈ ਨਹੀਂ। ਉਹ ਇਨਕਲਾਬ ਤਾਂ ਹੁਣ ਕਮਿਊਨਿਸਟ ਪਾਰਟੀਆਂ ਦੇ ਏਜੰਡਿਆਂ ਵਿਚੋਂ ਵੀ ਬਾਹਰ ਨਿਕਲ ਗਿਆ ਹੈ। ਲੋਕ ਜਮਹੂਰੀ ਮੋਰਚੇ, ਕੌਮੀ ਜਮਹੂਰੀ ਮੋਰਚੇ, ਪਰੋਲੇਤਾਰੀਆਂ ਦੀ ਅਗਵਾਈ, ਇਹ ਸਾਰੇ ਸੰਕਲਪ ਹੁਣ ਸ਼ਬਦਕੋਸ਼ਾਂ ਵਿਚ ਵੀ ਨਹੀਂ ਮਿਲਦੇ। ਹੁਣ ਸਿਰਫ਼ ਪਾਰਲੀਮੈਂਟਰੀ ਜਮਹੂਰੀਅਤ ਦੇ ਪੈਂਤੜੇ ਵਰਤ ਕੇ ਦੋ-ਚਾਰ ਸੀਟਾਂ ਲੈ ਲੈਣੀਆਂ ਹੀ ਸਾਡੀਆਂ ਪ੍ਰਾਪਤੀਆਂ ਬਣ ਗਈਆਂ ਹਨ। ਲੋਕ-ਲਹਿਰਾਂ ਰਾਹੀਂ ਲੋਕ-ਬੋਧ ਜਗਾਉਣਾ ਦੂਰ ਦੀਆਂ ਗੱਲਾਂ ਹਨ। ਪਰ ਮਾਰਕਸਵਾਦ ਦੀ ਗਤੀਸ਼ੀਲਤਾ ਰਾਹੀਂ ਸਮਾਜਕ ਤਬਦੀਲੀ ਦੇ ਵਿਗਿਆਨਾਂ ਦੀ ਨਵੀਂ ਪਰਿਭਾਸ਼ਾ ਲਿਖੀ ਜਾਣੀ ਸੁਭਾਵਕ ਹੈ। ਮਨੁੱਖੀ ਸੁਭਾਅ ਮੂਲ ਰੂਪ ਵਿਚ ਤਬਦੀਲੀ ਦਾ ਸੁਭਾਅ ਹੈ। ਲੋਕ-ਲਹਿਰਾਂ ਦਾ ਪੁਨਰ ਉਥਾਨ ਬਦਲੀ ਹੋਈ ਸਥਿਤੀ ਅਨੁਸਾਰ ਜ਼ਰੂਰ ਉਠੇਗਾ ਅਤੇ ਮਾਨਵੀ ਕਲਿਆਣ ਦੇ ਨਵੇਂ ਰਾਹ ਖੁਲ੍ਹਣਗੇ:

ਸਦਾ ਨਾ ਰਹਿਣੀ ਪੱਤਝੜ ਏਥੇ, ਸਦਾ ਨਾ ਰਾਤ ਹਨ੍ਹੇਰੀ
ਕੰਡਿਆਂ 'ਚੋਂ ਵੀ ਸੁਰਖ਼ ਗ਼ੁਲਾਬਾਂ, ਖ਼ੁਸ਼ਬੂ ਸਦਾ ਬਿਖੇਰੀ

ਪੂੰਜੀ ਦੇ ਪ੍ਰਵਾਹ ਦਾ ਮਕਾਨਕੀ ਦੌਰ ਮਾਨਵੀ ਜਜ਼ਬਿਆਂ ਅਤੇ ਰਿਸ਼ਤਿਆਂ ਦੇ ਅਨੁਕੂਲ ਨਹੀਂ ਹੈ। ਇਸ ਕਰਕੇ ਦੇਰ-ਸਵੇਰ ਇਸ ਵਿਚ ਤਬਦੀਲੀ ਆਉਣੀ ਹੀ ਆਉਣੀ ਹੈ। ਅਜਿਹੀ ਸਮਝ ਨੂੰ ਹੋਰ ਪੁਖਤਾ ਕਰਨ ਲਈ ਯਤਨ ਕਰਦੇ ਰਹਿਣਾ ਜ਼ਰੂਰੀ ਹੈ।

? 'ਅਣਲਿਖੇ ਵਰਕੇ' ਵਿਚ ਤੁਸਾਂ ਕਾਵਿ-ਨਿਬੰਧ ਰੂਪੀ ਨਵੀਂ ਵਾਰਤਕ ਵੰਨਗੀ ਉੱਤੇ ਹੱਥ ਅਜ਼ਮਾਇਆ ਹੈ। ਤੁਹਾਡੇ ਵਿਚਾਰ ਅਨੁਸਾਰ ਕੀ ਕਵਿਤਾ ਅਜਿਹੇ ਕੋਮਲ ਭਾਵੀ ਵਿਸ਼ਿਆਂ (ਗ਼ੁਲਾਮੀ, ਚੰਗੇ ਦਿਨ, ਭਿੱਜੀ ਹੋਈ ਸਵੇਰ, ਮਿਲਨ-ਵਿਛੜਨ, ਉਡੀਕ ਆਦਿ) ਨੂੰ ਪ੍ਰਗਟਾਉਣ ਤੋਂ ਅਸਮਰੱਥ ਹੈ?

-'ਅਣਲਿਖੇ ਵਰਕੇ' ਲਿਖਦਿਆਂ ਮੇਰੇ ਮਨ ਵਿਚ ਅਜਿਹਾ ਵਿਚਾਰ ਨਹੀਂ ਹੈ, ਨਾ ਹੀ ਮੈਨੂੰ ਕਵਿਤਾ ਦੀ ਸਮਰੱਥਾ ਉੱਤੇ ਕੋਈ ਸ਼ੱਕ ਹੈ। ਇਹ ਇਕ ਸੁਭਾਵਕ ਪ੍ਰਕਿਰਿਆ ਹੀ ਹੈ। ਮੈਂ ਪ੍ਰੋ. ਪੂਰਨ ਸਿੰਘ, ਕੁਲਬੀਰ ਸਿੰਘ ਕਾਂਗ ਤੇ ਗਗਨ ਪਾਕਿਸਤਾਨੀ ਵੱਲੋਂ ਲਿਖੇ ਗਏ ਖੁੱਲ੍ਹੇ ਲੇਖ, ਲਲਿਤ ਨਿਬੰਧ ਅਤੇ ਜਿਗਰਪਾਰੇ ਪੜ੍ਹੇ ਤਾਂ ਮੈਨੂੰ ਲੱਗਿਆ ਕਿ ਇਨ੍ਹਾਂ ਲਈ ਢੁਕਵਾਂ ਨਾਮ 'ਕਾਵਿ ਨਿਬੰਧ' ਹੈ ਕਿਉਂਕਿ ਇਨ੍ਹਾਂ ਵਿਚ ਕਾਵਿਕ ਖਿਆਲ ਹਨ, ਪਰ ਨਿਬੰਧ ਵਰਗਾ ਖੁੱਲ੍ਹਾਪਨ ਹੈ। ਪਹਿਲੀ ਵਾਰ ਮੈਂ ਇਹ ਕਾਵਿ ਨਿਬੰਧ 'ਵਰਿਆਮ' ਮੈਗਜ਼ੀਨ ਦੇ ਸੰਪਾਦਕ ਅਤੇ ਸਾਡੇ ਦੋਸਤ ਸਵਰਗੀ ਜਗਦੀਸ਼ ਸਿੰਘ ਵਰਿਆਮ ਦੇ ਪਰਚੇ ਲਈ ਲਿਖੇ ਸਨ। ਉਸ ਨੇ ਮੈਨੂੰ ਕਿਹਾ ਪਰਚੇ ਲਈ ਕੁਝ ਲਿਖ ਕੇ ਦੇ, ਜਿਹੜਾ ਵਾਰਤਕ ਵਿਚ ਹੋਵੇ। ਮੈਂ ਕਵਿਤਾ ਅਤੇ ਵਾਰਤਕ ਦਾ ਵਿਚਕਾਰਲਾ ਰਾਹ ਕਾਵਿ-ਨਿਬੰਧ ਕੱਢ ਲਿਆ ਜੋ ਕਾਫ਼ੀ ਮਕਬੂਲ ਹੋਇਆ। ਬਾਅਦ ਵਿਚ ਮੈਂ ਇਨ੍ਹਾਂ ਨੂੰ ਦੂਰਦਰਸ਼ਨ ਦੇ 'ਅੱਜ ਦਾ ਵਿਚਾਰ' ਪ੍ਰੋਗਰਾਮ ਵਿਚ ਫ਼ਿਲਮਾਉਣਾ ਵੀ ਸ਼ੁਰੂ ਕੀਤਾ। ਮੈਨੂੰ ਲੱਗਦਾ ਹੈ ਕਿ ਵਾਰਤਕ ਅਤੇ ਕਵਿਤਾ ਦੋਹਾਂ ਨਾਲ ਜੁੜੇ ਰਹਿਣ ਵਾਲੀ ਇਹ ਵਿਧਾ ਕਾਫ਼ੀ ਮਕਬੂਲ ਹੋ ਸਕਦੀ ਹੈ, ਕਿਉਂਕਿ ਕਲਪਨਾ ਅਤੇ ਯਥਾਰਥ ਦਾ ਇਹ ਤਾਲਮੇਲ ਕਾਫ਼ੀ ਢੁੱਕਵਾਂ ਹੈ। ਇਸ ਵਿਚ ਕਵਿਤਾ ਵਰਗੀ ਬੰਦਿਸ਼ ਵੀ ਹੈ ਤੇ ਵਾਰਤਕ ਵਰਗਾ ਖੁਲ੍ਹਾਪਨ ਵੀ। ਮੇਰੀ ਤਾਂ ਇਕ ਹੋਰ ਵੀ ਸਮੱਸਿਆ ਹੈ ਕਿ ਮੈਂ ਕਵਿਤਾ ਦੇ ਮੁਕਤ-

ਵਹਾਅ ਦਾ ਸੁਚੇਤ ਪੱਧਰ 'ਤੇ ਮੁੱਦਈ ਹੁੰਦਾ ਹੋਇਆ ਵੀ ਲੈਅਬੱਧਤਾ ਤੋਂ ਪਿੱਛਾ ਨਹੀਂ ਛੁਡਾ ਸਕਦਾ। ਬੌਧਿਕ ਪੱਧਰ 'ਤੇ ਮੈਂ ਖੁੱਲ੍ਹੀ ਕਵਿਤਾ ਦਾ ਵਕੀਲ ਹਾਂ। ਪਰ ਸਿਰਜਣਾ ਦੀ ਪੱਧਰ 'ਤੇ ਮੇਰੀ ਕਮਜ਼ੋਰੀ ਪ੍ਰਗੀਤਕ ਕਵਿਤਾ ਹੈ। ਸ਼ਾਇਦ ਇਸੇ ਨੂੰ ਕਹਿੰਦੇ ਹਨ ਕਿ ਨਿਹੁੰ ਨਾ ਲਗਦੇ ਜ਼ੋਰੀਂ। ਮੇਰੇ ਮਨ ਦੀ ਕੁਦਰਤੀ ਬਣਤਰ ਲੈਅ-ਯੁਕਤ ਹੈ ਪਰ ਮੇਰੀ ਸਾਰੀ ਦੀ ਸਾਰੀ ਸਿੱਖਿਆ-ਦੀਖਿਆ-ਪੜ੍ਹਾਈ ਵਿਚਾਰ ਦੇ ਖੁਲ੍ਹੇ ਪ੍ਰਗਟਾਵੇ ਵਾਲੀ ਹੈ, ਜਿਸ ਵਿਚ ਮਕਾਨਕੀ ਸ਼ਿਲਪਾਂ ਦਾ ਕੋਈ ਦਖ਼ਲ ਨਾ ਹੋਵੇ। ਇਸੇ ਲਈ ਮੈਂ ਵਧੇਰੇ ਖੁਲ੍ਹੀ ਕਵਿਤਾ ਲਿਖਦਾ ਹਾਂ, ਪਰ ਫੇਰ ਕਦੇ ਗ਼ਜ਼ਲ, ਕਦੇ ਗੀਤ, ਕਦੇ ਦੋਹੇ ਤੇ ਕਦੇ ਕਾਵਿ-ਨਿਬੰਧ ਵੱਲ ਖਿੱਚਿਆ ਜਾਂਦਾ ਹਾਂ।

? ਤੁਹਾਡੇ ਪਹਿਲੇ ਕਾਵਿ ਸੰਗ੍ਰਹਿ 'ਬਹੁਤ ਦੇਰ ਹੋਈ' (1990) ਤੋਂ ਬਾਅਦ 'ਬਹਿਸ ਤੋਂ ਬੇਖ਼ਬਰ' (2017) ਸੱਤਵੇਂ ਸੰਗ੍ਰਹਿ ਤਕ ਆਉਂਦਿਆਂ ਤੁਹਾਨੂੰ ਨਹੀਂ ਲੱਗਦਾ ਕਿ 'ਸ਼ਬਦਾਂ ਦੀ ਸੰਸਦ' ਵਾਲਾ ਸਰਲ ਸਹਿਜ ਸ਼ਾਇਰ ਕੁਝ ਜ਼ਿਆਦਾ ਹੀ ਬੌਧਿਕ ਅਤੇ ਚਿੰਨ੍ਹਾਤਮਕ ਹੋ ਗਿਆ ਹੈ?

-ਸ਼ਾਇਦ ਤੁਹਾਡੀ ਗੱਲ ਸਹੀ ਹੋ ਸਕਦੀ ਹੈ, ਪਰ ਮੈਨੂੰ ਲੱਗਦੈ ਇਹ ਸਭ ਕਵਿਤਾ ਦੇ ਰੂਪ ਕਰਕੇ ਹੀ ਹੈ। 'ਸ਼ਬਦਾਂ ਦੀ ਸੰਸਦ' ਲੈਅਬੱਧ ਕਵਿਤਾ ਹੈ। ਉਸ ਵਿਚ ਦੋਹੇ, ਗ਼ਜ਼ਲਾਂ ਅਤੇ ਗੀਤ ਹਨ। ਇਹ ਸਾਰੇ ਰੂਪ ਪ੍ਰਗਟਾਵੇ ਦੀ ਸਰਲਤਾ ਨੂੰ ਆਪਣੇ ਨਾਲ ਹੀ ਲੈ ਕੇ ਆਉਂਦੇ ਹਨ। ਜਦੋਂ ਕਿ ਖੁੱਲ੍ਹੀ ਕਵਿਤਾ ਮੁਕਾਬਲਤਨ ਵਧੇਰੇ ਬੌਧਿਕ ਅਤੇ ਜਟਿਲ ਹੋ ਸਕਦੀ ਹੈ। ਜਾਂ ਕਹਿ ਲਉ ਕਿ ਵਿਚਾਰ ਜਦੋਂ ਰਿਦਮ ਅਤੇ ਰਾਈਮ ਦੀਆਂ ਮਜਬੂਰੀਆਂ ਝੇਲਦਾ ਹੈ ਤਾਂ ਸਰਲਤਾ ਵੱਲ ਵਧਦਾ ਹੈ। ਸਰੋਦੀ ਅਤੇ ਸਰਲ ਕਵਿਤਾ ਦੇ ਚਾਹਵਾਨ, ਇਸੇ ਨੂੰ ਆਮ ਪਾਠਕ ਤਕ ਸਿੱਧੀ ਪਹੁੰਚਣ ਵਾਲੀ ਅਤੇ ਸਮਝ ਆਉਣ ਵਾਲੀ ਕਵਿਤਾ ਕਹਿ ਕੇ ਖੁਸ਼ ਹੁੰਦੇ ਹਨ। ਦੋਹਾਂ ਸਥਿਤੀਆਂ ਵਿਚੋਂ ਕਿਹੜੀ ਸਹੀ ਹੈ, ਇਹ ਫ਼ੈਸਲਾ ਕਰਨਾ ਅਜੇ ਮੇਰੇ ਲਈ ਮੁਸ਼ਕਿਲ ਹੈ। ਦੋਵੇਂ ਤਰ੍ਹਾਂ ਦੀ ਕਵਿਤਾ ਨੂੰ ਪਿਆਰ ਕਰਨ ਵਾਲਿਆਂ ਦੀ ਵੀ ਘਾਟ ਨਹੀਂ ਹੈ। ਪ੍ਰੋ. ਪੂਰਨ ਸਿੰਘ ਅਤੇ ਪਾਸ਼ ਵੀ ਓਨੇ ਹੀ ਬਲਵਾਨ ਕਵੀ ਹਨ, ਜਿੰਨੇ ਧਨੀ ਰਾਮ ਚਾਤ੍ਰਿਕ ਅਤੇ ਸ਼ਿਵ ਕੁਮਾਰ। ਦੋਹਾਂ ਤਰ੍ਹਾਂ ਦੀ ਕਵਿਤਾ ਲਿਖਣ ਵਾਲੇ ਕਵੀਆਂ ਦੀ ਲੋਕ-ਮਾਨਤਾ ਵੀ ਘੱਟ ਨਹੀਂ ਹੈ। ਜਿਨ੍ਹਾਂ ਵਿਚ ਹਰਿਭਜਨ ਸਿੰਘ, ਮੀਸ਼ਾ, ਤਾਰਾ ਸਿੰਘ, ਜਗਤਾਰ, ਪਾਤਰ ਅਤੇ ਹੋਰ ਕਿੰਨੇ ਹੀ ਨਾਮ ਗਿਣੇ ਜਾ ਸਕਦੇ ਹਨ। ਕਹਿਣ ਤੋਂ ਭਾਵ ਸਿਰਫ਼ ਏਨਾ ਹੈ ਕਿ ਬੌਧਿਕਤਾ, ਚਿੰਨ੍ਹਾਤਮਕਤਾ, ਸਰਲਤਾ ਅਤੇ ਸਹਿਜਤਾ ਵਰਗੇ ਸੰਕਲਪ ਕਵਿਤਾ ਦੇ ਗਹਿਣੇ ਹੀ ਹਨ, ਜਿਨ੍ਹਾਂ ਨੂੰ ਸਮੇਂ-ਸਮੇਂ ਉੱਤੇ ਪਹਿਨ ਕੇ ਕਵਿਤਾ ਸਾਡੇ ਸਾਹਮਣੇ ਆਉਂਦੀ ਰਹਿੰਦੀ ਹੈ।

? ਇਸ ਪੁਸਤਕ ਦੀ ਭੂਮਿਕਾ ਵਿਚ ਪ੍ਰਗਟਾਏ ਤੁਹਾਡੇ ਵਿਚਾਰ ਅਨੁਸਾਰ 'ਪ੍ਰਮਾਣਿਕ ਕਵਿਤਾ' ਕਿਹੜੀ ਹੁੰਦੀ ਹੈ? ਅੱਜੋਕੀ ਪੰਜਾਬੀ ਕਵਿਤਾ ਵਿਚ ਉਹ 'ਨਵੇਂ ਨਕੋਰ ਰੰਗ' ਕਿਹੜੇ ਹਨ ਜੋ ਉਨ੍ਹਾਂ ਮਜਬੂਰੀਆਂ ਤੋਂ ਪਾਰ ਉੱਡਦੇ ਦਿਖਾਈ ਦੇ ਰਹੇ ਹਨ, ਜਿਨ੍ਹਾਂ ਨੇ ਹੁਣ ਤਕ ਸਾਡੇ ਕਾਵਿ ਅਸਮਾਨ ਨੂੰ ਢਕੀ ਰੱਖਿਆ ਸੀ? ਉਨ੍ਹਾਂ ਮਜਬੂਰੀਆਂ ਬਾਰੇ ਵੀ ਕੁਝ ਕਹਿਣਾ ਚਾਹੋਗੇ?

-ਮੇਰੀ ਨਜ਼ਰ ਵਿਚ ਪ੍ਰਮਾਣਿਕ ਕਵਿਤਾ ਉਹ ਕਵਿਤਾ ਹੈ ਜੋ ਲਹਿਰਾਂ ਅਤੇ ਵਿਚਾਰਾਂ ਦਾ ਅੰਗ ਹੁੰਦੀ ਹੋਈ ਵੀ, ਕਵਿਤਾ ਹੋਵੇ। ਕਿਸੇ ਵੀ, ਸਥਿਤੀ ਦਾ ਬੋਧ ਜਗਾਉਣ ਜੋਗੀ ਕਾਵਿਕ ਸਮਰੱਥਾ, ਉਸ ਵਿਚ ਵਿਦਮਾਨ ਹੋਵੇ। ਨਵੀਂ ਪੰਜਾਬੀ ਕਵਿਤਾ ਅਜਿਹੇ ਝਲਕਾਰੇ ਪਾ ਰਹੀ ਹੈ। ਇਹੀ ਉਹ ਨਵੇਂ ਨਕੋਰ ਰੰਗ ਹਨ, ਜਿਹੜੇ ਮਾਨਵ ਹਿਤੈਸ਼ੀ ਹੋਣ ਦੇ ਨਾਲ-ਨਾਲ ਰਾਜਨੀਤਕ ਨਿਘਾਰਾਂ ਨੂੰ ਵੀ ਕਾਟੇ ਹੇਠ ਰੱਖਦੇ ਹਨ। ਸਿਰਫ਼ ਵਿਚਾਰਾਂ ਅਤੇ ਨਾਅਰਿਆਂ ਨਾਲ ਹੀ ਪੇਸ਼ ਨਹੀਂ ਹੁੰਦੇ, ਕਵਿਤਾ ਦੀ ਰੂਹ ਤਕ ਵੀ, ਉਨ੍ਹਾਂ ਦੀ ਰਸਾਈ ਹੈ। ਉਨ੍ਹਾਂ ਲਈ ਅਜਿਹੀ ਕੋਈ ਮਜਬੂਰੀ ਨਹੀਂ ਹੈ ਕਿ ਉਨ੍ਹਾਂ ਨੇ ਵਾਦਾਂ-ਵਿਵਾਦਾਂ ਅਤੇ ਵਿਚਾਰਾਂ-ਸੰਦੇਸ਼ਾਂ ਦੀਆਂ ਸਰਲ ਸਿੱਧੀਆਂ ਮਜਬੂਰੀਆਂ ਨੂੰ ਆਪਣੀ ਕਾਵਿ ਸੋਖ ਦਾ ਸਾਧਨ ਬਣਾਉਣਾ ਹੋਵੇ, ਜਿਵੇਂ ਸਾਡੇ ਬਹੁਤੇ ਪ੍ਰਗਤੀਵਾਦੀ ਕਵੀਆਂ ਨੂੰ ਬਣਾਉਣਾ ਪੈਂਦਾ

ਰਿਹਾ ਹੈ। ਇਸ ਕਵਿਤਾ ਨੂੰ ਮੈਂ ਰੁਦਨ ਤੋਂ ਬਾਅਦ ਦੇ ਜਸ਼ਨਾਂ ਤੋਂ ਰਤਾ ਕੁ ਵਿੱਥ ਉੱਤੇ ਖੜ੍ਹ ਕੇ ਰੁਦਨ ਅਤੇ ਜਸ਼ਨ ਵਿਚਲੇ ਸੂਖ਼ਮ ਬਿੰਦੂ ਦੀ ਸਿਰਜਣਾ ਕਹਿੰਦਾ ਹਾਂ। ਇਹ ਕਵੀ ਨਾ ਤਾਂ ਸਮਾਜ ਦੀ ਦਾਇਨੀ ਸਥਿਤੀ ਉੱਤੇ ਸਿਰਫ਼ ਹੰਝੂ ਵਹਾਉਂਦੇ ਹਨ ਅਤੇ ਨਾ ਹੀ ਮੌਜ ਮੇਲਿਆਂ ਦੀ ਜ਼ਿੰਦਗੀ ਮਾਨਣ ਵਾਲੇ ਜਸ਼ਨਾਂ ਦੀ ਕਵਿਤਾ ਲਿਖਣ ਦੀਆਂ ਲੁੱਡੀਆਂ ਪਾਉਂਦੇ ਹਨ। ਇਨ੍ਹਾਂ ਕੋਲ਼ ਯਥਾਰਥ ਨੂੰ ਉਸ ਦੇ ਸਾਰੇ ਪਾਸਾਰਾਂ ਸਮੇਤ ਕਾਵਿਕ-ਬੋਲਾਂ ਵਿਚ ਪਰਿਵਰਤਤ ਕਰਨ ਦੀ ਕਲਾ ਹੈ। ਇਹ ਕਲਾ ਹੀ ਪ੍ਰਮਾਣਿਕ ਕਲਾ ਕਹੀ ਜਾ ਸਕਦੀ ਹੈ। ਪਰ ਪ੍ਰਮਾਣਿਕ ਸਮੀਖਿਆ ਦੀ ਅਣਹੋਂਦ ਨਵੇਂ ਕਵੀਆਂ ਨੂੰ ਰੜਕ ਰਹੀ ਹੈ। ਬਹੁਤ ਯਾਦ ਆ ਰਹੇ ਹਨ ਸੰਤ ਸਿੰਘ ਸੇਖੋਂ, ਡਾ: ਹਰਿਭਜਨ ਸਿੰਘ, ਡਾ: ਅਤਰ ਸਿੰਘ ਵਰਗੇ ਵਿਦਵਾਨ ਸਮੀਖਿਅਕ, ਜਿਨ੍ਹਾਂ ਕੋਲ਼ ਕਵਿਤਾ ਨੂੰ ਸਮਝਣ ਦੀ ਸੋਝੀ ਵੀ ਸੀ ਅਤੇ ਖੁੱਲ੍ਹੇ ਦਿਲ ਵੀ ਸਨ।

? *"ਟੀ ਖਾਤਰ ਅੰਨ੍ਹਾ ਹੋਇਆ, ਰੁਤਬੇ ਖਾਤਰ ਗੁੰਗਾ*
ਸ਼ੋਹਰਤ ਖਾਤਰ ਬਣਿਆ ਢੌਂਗੀ, ਕੁਨਬੇ ਖਾਤਰ ਬੋ਼ਲਾ।"

ਬਹਿਸ ਤੋਂ ਬੇਖ਼ਬਰ' ਵਿਚਲੀਆਂ ਸਾਰੀਆਂ ਕਵਿਤਾਵਾਂ ਅੱਜੋਕੇ 'ਮਾਇਆ ਜਾਏ' ਮਨੁੱਖ ਦੀਆਂ ਅਕਾਂਖਿਆਵਾਂ, ਮਜਬੂਰੀਆਂ, ਨਿੱਤ ਦੇ ਅਕਾਊ ਰੁਝਾਨ ਦੀ ਨੀਰਸਤਾ, ਆਪੇ ਤੋਂ ਬੇਮੁੱਖਤਾ ਨੂੰ ਬਾਖ਼ੂਬੀ ਪ੍ਰਗਟਾਉਂਦੀਆਂ ਹਨ। ਜੀਵਨ ਵਿਚੋਂ ਤਾਜ਼ਾ ਹਵਾ ਤੇ ਸੂਰਜ ਦੀ ਲਾਲੀ ਵਿਚ ਉੱਗਦੀਆਂ ਕਵਿਤਾਵਾਂ ਗ਼ਾਇਬ ਹਨ। ਮਨੁੱਖ ਦਾ ਇਹ ਸੰਕਟ ਕਿਉਂ ਹੈ?

-ਵਿਆਪਕ ਰੂਪ ਵਿਚ ਵੇਖੀਏ ਤਾਂ ਮਨੁੱਖ ਦਾ ਇਹ ਸੰਕਟ ਸਿਸਟਮ ਦਾ ਸੰਕਟ ਹੈ। ਕੌਮੀ ਚਰਿੱਤਰ ਦੇ ਨਿਰਮਾਣ ਦਾ ਸੰਕਟ ਹੈ। ਜਾਤੀਵਾਦੀ ਸਮਾਜ ਦਾ ਸੰਕਟ ਹੈ, ਧਰਮ ਦਾ ਸੰਕਟ ਹੈ। ਸਮਝ ਦਾ ਸੰਕਟ ਹੈ। ਸਿੱਖਿਆ ਦਾ ਸੰਕਟ ਹੈ। ਆਦਿਕਾਲ ਤੋਂ ਹੀ ਸਾਡੇ ਸਮਾਜ ਨੂੰ ਧਰਮਾਂ ਅਤੇ ਜਾਤਾਂ ਦੇ ਮੱਕੜ ਜਾਲ ਵਿਚ ਇਸ ਤਰ੍ਹਾਂ ਉਲਝਾ ਦਿੱਤਾ ਗਿਆ ਹੈ ਕਿ ਇਸ ਵਿਚੋਂ ਬਾਹਰ ਨਿਕਲਣ ਦਾ ਕੋਈ ਰਸਤਾ ਅਜੇ ਤਕ ਵੀ ਸਾਡੇ ਸਮਾਜ ਨੂੰ ਨਹੀਂ ਲੱਭਾ। ਸਾਡਾ ਸੁਤੰਤਰਤਾ ਸੰਗਰਾਮ ਸਫ਼ਲਤਾ ਦੀ ਸਿਖ਼ਰ ਉੱਤੇ ਪਹੁੰਚ ਕੇ ਵੀ, ਉਸੇ ਮੱਕੜ ਜਾਲ ਵਿਚ ਫਸਿਆ ਰਿਹਾ, ਜਿਸ ਵਿਚੋਂ ਨਿਕਲਣ ਦੇ ਰਸਤੇ ਤਲਾਸ਼ਦਾ ਰਿਹਾ ਸੀ। ਸਮਾਜ ਨੂੰ ਬਿਹਤਰ ਬਣਾਉਣ ਲਈ ਲੜੇ ਗਏ ਆਜ਼ਾਦੀ ਤੋਂ ਬਾਅਦ ਦੇ ਸਾਰੇ ਸੰਘਰਸ਼ ਵੀ ਉਸ ਮੰਜ਼ਿਲ ਨੂੰ ਨਾ ਪਾ ਸਕੇ ਜਿਸ ਦੀ ਕਲਪਨਾ ਕਰਦੇ ਸਨ। ਨਾ ਅਸੀਂ ਭਾਰਤੀ ਹਾਲਤਾਂ ਦੇ ਅਨੁਕੂਲ ਕੋਈ ਸਿਧਾਂਤ ਹੀ ਸਿਰਜ ਸਕੇ ਅਤੇ ਨਾ ਅਜਿਹੇ ਰਾਜਨੀਤੀਵੇਤਾ ਉਭਾਰ ਸਕੇ ਜਿਹੜੇ ਲੋਕਾਈ ਦੀਆਂ ਲੋੜਾਂ ਅਨੁਸਾਰ ਸਿਸਟਮ ਨੂੰ ਬਣਾਉਣ ਅਤੇ ਚਲਾਉਣ ਦੇ ਸਮਰੱਥ ਹੋਣ। ਨਤੀਜਾ ਸਾਰੀ ਕਿਸਮ ਦੇ ਨਿਘਾਰਾਂ ਵਾਲਾ ਹੀ ਨਿਕਲਿਆ। ਜਿਸ ਨੂੰ ਅਸੀਂ ਭੁਗਤ ਰਹੇ ਹਾਂ। ਸਦੀਆਂ ਤਕ ਗ਼ੁਲਾਮੀ ਦਾ ਝੰਬਿਆ ਇਹ ਦੇਸ਼ ਉਸ ਬੇਵੱਸ ਬੁੱਢੇ ਸ਼ੇਰ ਵਰਗਾ ਹੈ, ਜਿਸ ਦੇ ਸਾਹਮਣੇ ਸ਼ਿਕਾਰ ਮਹਿਲ ਰਿਹਾ ਹੋਵੇ ਪਰ ਉਹ ਉਸ ਤਕ ਪਹੁੰਚ ਨਾ ਸਕੇ। ਆਪਣੇ-ਆਪ ਵਿਚ ਹੀ ਕੁੜ੍ਹਦਾ ਅਤੇ ਤੜਫਦਾ ਹੋਇਆ ਉੱਠ ਕੇ ਦੌੜੇ ਪਰ ਆਪਣੇ ਹੀ ਪੰਜਿਆਂ ਨਾਲ ਜ਼ਖ਼ਮੀ ਹੋ ਜਾਵੇ ਤੇ ਫੇਰ ਇਨ੍ਹਾਂ ਜ਼ਖ਼ਮਾਂ ਉੱਤੇ ਮਲ੍ਹਮ ਲਾਉਣ ਵਾਲਾ ਵੀ ਕੋਈ ਨਾ ਹੋਵੇ। ਦਰਦ ਵੰਡਾਉਣ ਵਾਲਾ ਵੀ ਕੋਈ ਨਾ ਹੋਵੇ:

ਬਣ ਕੇ ਬੁੱਢਾ ਸ਼ੇਰ ਦੌੜਦਾ, ਦੇਸ਼ ਵਿਚਾਰਾ ਮਾਰਾ ਮਾਰਾ... ...
ਚੜ੍ਹਦਾ ਸੂਰਜ ਡੁਬਦਾ ਦਿਸੇ, ਡੁਬਦਾ ਸੂਰਜ ਮਰਦਾ
ਸੂਰਜ ਦਾ ਰੱਥ ਖਿੱਚਣ ਵਾਲੇ, ਸਾਰੇ ਘੋੜੇ ਹੋ ਗਏ ਨਿੱਸਲ
ਦਰਦ ਦੇਸ਼ ਦਾ ਕੌਣ ਵੰਡਾਏ?
ਬੁੱਢੇ ਸ਼ੇਰ ਦੇ ਜ਼ਖ਼ਮਾਂ ਉੱਤੇ, ਕਿਹੜਾ ਮਲ੍ਹਮ ਲਾਵੇ?

? ਇਹ ਅੱਜੋਕੀ ਹਾਲਤ ਹਨ੍ਹੇਰੇ ਜੁਗ ਨਾਲੋਂ ਵੀ ਬਦਤਰ ਕਿਉਂ ਹੋ ਗਈ ਹੈ? ਤੁਹਾਡੀ

ਕਵਿਤਾ ਨੂੰ ਇਸ 'ਅਰਬਦ ਨਰਬਦ ਧੁੰਦੂਕਾਰੇ' ਵਾਲੀ ਅਵਸਥਾ ਦਾ ਕੋਈ ਹੱਲ ਦਿਖਾਈ ਦੇ ਰਿਹਾ ਹੈ?

-ਸਰਬ-ਸਾਂਝੀਵਾਲਤਾ ਵਾਲੇ ਸਮਾਜ ਦੀ ਸਿਰਜਣਾ ਹੀ ਇਸ ਦਾ ਹੱਲ ਹੈ। ਪਰ ਇਹ ਦਿੱਲੀ ਅਜੇ ਬਹੁਤ ਦੂਰ ਲੱਗ ਰਹੀ ਹੈ।

? ਤੁਹਾਡੇ ਜੀਵਨ ਅਤੇ ਸਾਹਿਤਕ ਪ੍ਰਾਪਤੀਆਂ ਵਿਚ ਤੁਹਾਡੀ ਜੀਵਨ ਸਾਥਣ ਦਾ ਕੀ ਰੋਲ ਹੈ?

-ਬਚਪਨ ਵਿਚ ਹੀ ਪਾਰਟੀ ਕੰਮਾਂ ਵਿਚ ਪੈਣ ਕਰਕੇ ਅਤੇ ਵਿਦਿਆਰਥੀ ਜੀਵਨ ਵਿਚ ਹੀ 'ਵਿਚਾਰਧਾਰਾ ਵਿਸ਼ੇਸ਼' ਵਿਚ 'ਜਕੜੇ' ਜਾਣ ਕਾਰਨ ਵਿਆਹ ਮੇਰੇ ਏਜੰਡੇ ਵਿਚੋਂ ਬਾਹਰ ਹੋ ਗਿਆ ਸੀ। ਪਰ ਜਦੋਂ ਭੁੱਖ ਦੇ ਤਾਂਡਵ ਨੇ ਅਤੇ 'ਵਿਚਾਰਧਾਰਾ ਵਿਸ਼ੇਸ਼' ਨੂੰ ਪ੍ਰਣਾਏ ਹੋਏ ਆਗੂਆਂ ਦੇ ਟੁੱਟਦੇ ਤਲਿਸਮ ਨੇ ਜ਼ਿੰਦਗੀ ਦੀ ਅਸਲੀਅਤ ਦਾ ਸ਼ੀਸ਼ਾ ਅੱਖਾਂ ਸਾਹਮਣੇ ਕੀਤਾ ਤਾਂ ਆਪਣੇ ਵੱਡੇ ਪੁੱਤਰ ਬਾਰੇ ਮਾਤਾ ਪਿਤਾ ਦੀਆਂ ਅੱਖਾਂ ਵਿਚ ਤੈਰਦੇ ਧੁੰਦਲੇ ਸੁਪਨੇ ਕੁਝ ਸਾਫ਼ ਦਿਖਾਈ ਦੇਣ ਲੱਗੇ। ਇਸ ਵੇਲੇ ਤਕ ਮੈਂ ਰੋਟੀ, ਇਸ਼ਕ ਅਤੇ ਵਿਚਾਰਧਾਰਾ ਦੇ ਮੈਦਾਨ ਵਿਚ ਇਕੋ ਵੇ਼ਲੇ ਲੜੀਆਂ ਤਿੰਨੇ ਲੜਾਈਆਂ ਹਾਰ ਚੁੱਕਿਆ ਸਾਂ। ਇਸ ਹਾਰੀ ਹੋਈ ਅਵਸਥਾ ਦਾ ਨਾਇਕ ਜਦੋਂ ਦੂਰਦਰਸ਼ਨ ਦੇ ਮੈਦਾਨ ਵਿਚ ਆਇਆ ਤਾਂ ਉਸ ਨੂੰ ਉਸ ਦੀ ਜੀਵਨ ਸਾਥਣ ਮਿਲੀ। ਦੋਸਤੀ ਦੇ ਪਰਿਵਾਰਕ ਦਾਇਰੇ ਵਿਚੋਂ ਵਿਆਹ ਦੀ ਪੇਸ਼ਕਸ਼ ਤਕ ਪਹੁੰਚਿਆ ਇਹ ਸਫ਼ਰ ਬਹੁਤ ਸਫ਼ਲ ਰਿਹਾ। ਬੰਧਨ ਦੇ ਤੇਤੀਵੇਂ ਸਾਲ ਵਿਚ ਵਿਚਰ ਰਿਹਾ ਇਹ ਸੰਬੰਧ ਸਦਾ ਤਾਜ਼ਾ ਹੈ, ਦਿਲਕਸ਼ ਹੈ, ਸਹਿਜ ਹੈ ਤੇ ਕਦੇ-ਕਦੇ ਲੱਗਦੈ ਬੇਹੱਦ ਚਮਤਕਾਰੀ ਹੈ। ਮੇਰੀਆਂ ਸਾਰੀਆਂ ਕਮਜ਼ੋਰੀਆਂ, ਬਦਨੀਤੀਆਂ ਤੇ ਖਰਮਸਤੀਆਂ ਨੂੰ ਬਰਦਾਸ਼ਤ ਕਰਕੇ, ਮੈਨੂੰ ਹਰ ਨਵੇਂ ਸੰਘਰਸ਼ ਲਈ ਹੱਲਾਸ਼ੇਰੀ ਦੇਣ ਵਾਲੀ ਮੇਰੀ ਪਤਨੀ ਪਰਮਜੀਤ ਉਨ੍ਹਾਂ ਸਾਰੀਆਂ ਪਤਨੀਆਂ ਤੋਂ ਅਲੱਗ ਹੈ, ਜੋ ਆਪਣੇ ਪਤੀਆਂ ਨੂੰ ਜਾਂ ਝੂਠ-ਮੂਠ ਵਿਚ ਵਡਿਆਉਂਦੀਆਂ ਹਨ ਅਤੇ ਜਾਂ ਸੱਚੀਮੁੱਚੀ ਧਮਕਾਉਂਦੀਆਂ ਹਨ। ਉਹ ਮੇਰੀ ਕਵਿਤਾ ਦੀ ਪਹਿਲੀ ਪਾਠਕ ਹੈ, ਸਰੋਤਾ ਨਹੀਂ ਹੈ। ਮੈਂ ਜੋ ਲਿਖਦਾ ਹਾਂ, ਉਹ ਵੇਖਦੀ ਹੈ, ਜਦੋਂ ਮੈਂ ਸਮਾਪਤ ਕਰਕੇ ਚਲਾ ਜਾਂਦਾ ਹਾਂ, ਉਹ ਮੇਰੇ ਕਾਗ਼ਜ਼ ਚੁੱਕਦੀ ਹੈ, ਤੇ ਉਨ੍ਹਾਂ ਨੂੰ ਪੜ੍ਹਦੀ ਹੈ। ਵਾਪਸ ਆਵਾਂ ਤਾਂ ਸਿਫ਼ਤ ਜਾਂ ਆਲੋਚਨਾ ਕਰਦੀ ਹੈ। ਇਹੀ ਆਲੋਚਨਾ ਜਾਂ ਸਿਫ਼ਤ ਮੇਰੀ ਤਾਕਤ ਹੈ, ਮੇਰੀ ਸਿਰਜਣਾ ਦੀ ਤਾਕਤ। ਮੇਰੀ ਪਹਿਲੀ ਕਿਤਾਬ 'ਬਹੁਤ ਦੇਰ ਹੋਈ' ਤੋਂ ਲੈ ਕੇ 'ਬਹਿਸ ਤੋਂ ਬੇਖ਼ਬਰ' ਤਕ ਉਹ ਕਿਸੇ ਨਾ ਕਿਸੇ ਕਵਿਤਾ ਵਿਚ ਹਾਜ਼ਰ ਹੈ। ਪਰ ਉਸ ਦੀ ਸਭ ਤੋਂ ਪਸੰਦੀਦਾ ਕਿਤਾਬ 'ਅਣਲਿਖੇ ਵਰਕੇ' ਹੈ। ਜੋ ਕਵਿਤਾ ਨਹੀਂ ਹੈ।

? ਤੁਸੀਂ ਆਪ ਅਕਸਰ ਕਿਹੜਾ ਲੋਕ ਗੀਤ ਜਾਂ ਕਵਿਤਾ ਗੁਣਗੁਣਾਉਂਦੇ ਹੋ?

-ਲਾਲ ਚੰਦ ਯਮਲਾ ਜੱਟ ਦਾ ਗਾਇਆ ਗੀਤ 'ਤੇਰੇ ਨੀਂ ਕਰਾਰਾਂ ਮੈਨੂੰ ਪੱਟਿਆ, ਦੱਸ ਮੈਂ ਕੀ ਪਿਆਰ ਵਿਚੋਂ ਖੱਟਿਆ' ਤੇ ਜਾਂ ਨਰਿੰਦਰ ਬੀਬਾ ਦਾ ਗਾਇਆ ਹੋਇਆ ਗੀਤ 'ਮੈਨੂੰ ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ, ਦੱਸ ਕੀ ਕਰਾਂ?' ਮੈਂ ਅਕਸਰ ਗੁਣਗੁਣਾਉਂਦਾ ਹਾਂ। ਖ਼ਾਸ ਕਰਕੇ ਉਦੋਂ ਜਦੋਂ ਮੈਂ ਡਰਾਈਵਿੰਗ ਕਰ ਰਿਹਾ ਹੋਵਾਂ। ਉਦੋਂ ਮੈਂ ਇਹ ਵੀ ਭੁੱਲ ਜਾਂਦਾ ਹਾਂ ਕਿ ਮੇਰੇ ਨਾਲ ਕੌਣ ਬੈਠਾ ਹੈ, ਮੈਂ ਉੱਚੀ-ਉੱਚੀ ਗਾਉਣ ਲੱਗ ਜਾਂਦਾ ਹਾਂ। ਅਚਾਨਕ ਸ਼ਰਮਿੰਦਾ ਜਿਹਾ ਹਾਸਾ ਹੱਸਦਾ ਹਾਂ। ਜਦੋਂ ਨਾਲ ਬੈਠੇ ਬੱਚੇ ਟੋਕਦੇ ਹਨ। ਵਾਹ ਰੇ ਲਾਲ ਚੰਦ... ਵਾਹ ਰੇ ਨਰਿੰਦਰ ਬੀਬਾ ਕਹਿ ਕੇ। ਮੈਂ ਚੁੱਪ ਕਰ ਜਾਂਦਾ ਹਾਂ...।

? ਆਪਣੇ ਸਕੂਲ ਜਾਂ ਬਚਪਨ ਦੀ ਕੋਈ ਦਿਲਚਸਪ ਘਟਨਾ ਨਹੀਂ ਸੁਣਾਓਗੇ?

-ਘਟਨਾਵਾਂ ਤਾਂ ਬਹੁਤ ਹਨ ਪਰ ਦਿਲਚਸਪ ਨਹੀਂ ਹਨ। ਅਜੇ ਪਹਿਲੀ ਜਮਾਤ ਵਿਚ ਹੀ ਪੜ੍ਹਦਾ ਸਾਂ ਕਿ ਸਕੂਲ ਦੀਆਂ ਵਰਦੀਆਂ ਅੱਗੇ ਘਰ-ਪਰਿਵਾਰ ਦੀ ਹਿੰਮਤ ਹਾਰ ਗਈ। ਰੋਜ਼ ਸਕੂਲੇ

ਕਲਾਸ ਵਿਚ ਖੜ੍ਹੇ ਹੋਣਾ ਪਿਆ ਕਰੇ, ਕਿਉਂਕਿ ਵਰਦੀ ਪਾ ਕੇ ਜਾਣ ਦੀ ਔਕਾਤ ਨਹੀਂ ਸੀ। ਇਕ ਦਿਨ ਮਾਸਟਰ ਜੀ ਦਾ ਫੁਰਮਾਨ ਹੋਇਆ, ਕੱਲ੍ਹ ਜੋ ਵਰਦੀ ਪਾ ਕੇ ਨਹੀਂ ਆਵੇਗਾ, ਸਕੂਲ ਵਿਚ ਵੜਨ ਨਹੀਂ ਦਿੱਤਾ ਜਾਵੇਗਾ। ਮਾਤਾ-ਪਿਤਾ ਬੇਵੱਸ ਸਨ, ਪਰ ਘਰ ਬਿਠਾ ਕੇ ਵੀ ਰਾਜ਼ੀ ਨਹੀਂ ਸਨ। ਅਜਿਹਾ ਬੱਚਾ ਮੈਂ ਇਕੱਲਾ ਵੀ ਨਹੀਂ ਸਾਂ, ਸਾਡੀ ਗ਼ਲੀ ਵਿਚ ਰਹਿੰਦੇ ਤਿੰਨ ਬੱਚੇ ਹੋਰ ਵੀ ਗ਼ਰੀਬੀ ਦੀ ਇਸੇ ਬਿਮਾਰੀ ਦੇ ਮਾਰੇ ਹੋਏ ਸਨ। ਸਾਰਿਆਂ ਦੀਆਂ ਮਾਵਾਂ ਨੇ ਸਾਨੂੰ ਦਬਕੇ ਲਾ ਕੇ ਘਰੋਂ ਸਕੂਲ ਲਈ ਤੋਰ ਦਿੱਤਾ ਕਿ ਮਾਸਟਰ ਕਹਿੰਦੇ ਏਦਾਂ ਹੀ ਹੁੰਦੇ ਨੇ, ਸਕੂਲੋਂ ਕੱਢਦੇ ਨਹੀਂ ਹੁੰਦੇ... ਦੋ ਪੁੜਾਂ ਵਿਚ ਫਸੀ ਸਾਡੀ ਗ਼ੈਰਤ ਨੇ ਪਹਿਲੀ ਬਗ਼ਾਵਤ ਕੀਤੀ, ਅਸੀਂ ਚਾਰੇ ਬੱਚੇ ਘਰ ਤੋਂ ਸਕੂਲ ਦੇ ਰਾਹ ਤੋਂ ਥੋੜ੍ਹਾ ਜਿਹਾ ਹਟ ਕੇ ਬਣੀ ਹੋਈ 'ਕੌਲਾ ਸਿੰਘ ਦੀ ਧਰਮਸ਼ਾਲਾ', ਜੋ ਅਜੇ ਵੀ ਸਾਡੇ ਪਿੰਡ ਵਿਚ ਮੌਜੂਦ ਹੈ, ਦੇ ਥੜ੍ਹੇ ਉੱਤੇ ਬੋਹੜਾਂ ਦੀ ਛਾਵੇਂ ਬੈਠ ਕੇ ਸਕੂਲ ਵਾਂਗ ਹੀ ਆਪਣੀਆਂ ਫੱਟੀਆਂ ਉੱਤੇ 'ੳ, ਅ' ਲਿਖਣਾ ਆਰੰਭ ਦਿੱਤਾ ਤਾਂ ਕਿ ਛੁੱਟੀ ਦੇ ਵਕਤ ਘਰ ਪਹੁੰਚ ਕੇ ਦੱਸ ਸਕੀਏ ਕਿ ਅਸੀਂ ਸਕੂਲ ਤੋਂ ਹੀ ਆਏ ਹਾਂ... ਅਜੇ ਅੱਧੀ ਕੁ ਪੈਂਤੀ ਹੀ ਲਿਖੀ ਸੀ ਕਿ ਖੂਹ ਵਾਲੇ ਪਾਸਿਓਂ ਰੋਟੀਆਂ ਵਾਲੀ ਟੋਕਰੀ ਸਿਰ 'ਤੇ ਰੱਖੀ ਛਾਹ ਵੇਲਾ ਦੇ ਕੇ ਆਈ ਮੇਰੀ ਪ੍ਰੀਤੋ ਮਾਸੀ ਸਿਰ ਉੱਤੇ ਆਣ ਖੜ੍ਹੀ ਹੋਈ, 'ਵੇ ਤੁਸੀਂ ਇਥੇ ਕੀ ਕਰਦੇ ਹੋ, ਸਕੂਲ ਕਿਉਂ ਨਹੀਂ ਗਏ...?' ਅਸੀਂ ਹੀਂ ਹੀਂ ਕਰਦੇ ਵੀ ਜਜ਼ਬਾਤ ਵਿਚ ਵਹਿ ਤੁਰੇ ਤੇ ਰੋਣਾ ਸ਼ੁਰੂ ਹੋ ਗਏ... ਫੇਰ ਉਹ ਸਾਨੂੰ ਅੱਗੇ-ਅੱਗੇ ਤੋਰ ਕੇ ਘਰ ਲੈ ਆਈ... ਦੂਸਰੇ ਦਿਨ ਪਿਤਾ ਜੀ ਫੇਰ ਸਾਨੂੰ ਬਿਨਾਂ ਵਰਦੀ ਸਕੂਲ ਛੱਡ ਆਏ ਅਤੇ ਹੈੱਡਮਾਸਟਰ ਸਾਹਿਬ ਤੋਂ ਕੁਝ ਦਿਨਾਂ ਦੀ ਮੋਹਲਤ ਲੈ ਆਏ... ਅਗਲੇ ਸੋਮਵਾਰ ਮੈਂ ਉਨਾਬੀ ਸ਼ਰਟ ਅਤੇ ਖਾਕੀ ਪੈਂਟ ਵਿਚ ਜਦੋਂ ਸਕੂਲ ਪਹੁੰਚਾ ਤਾਂ ਮੇਰਾ ਨਵਾਬੀ ਠਾਠ ਠਲ੍ਹਿਆ ਨਹੀਂ ਜਾ ਰਿਹਾ ਸੀ।

? ਤੁਸੀਂ ਦੋ ਅਖ਼ਬਾਰਾਂ ਦੇ ਉੱਪ ਸੰਪਾਦਕ ਅਤੇ ਟੀ. ਵੀ. ਪ੍ਰੋਗਰਾਮ ਐਗਜ਼ੈਕਟਿਵ ਵੀ ਰਹੇ ਹੋ। ਦੋਹਾਂ ਦਾ ਸੰਬੰਧ ਜੀਵਨ ਅਤੇ ਸਾਹਿਤ ਨਾਲ ਸੀ। ਇਸ ਦਾ ਤੁਹਾਡੀ ਸਿਰਜਣਾ ਉੱਤੇ ਚੰਗਾ ਜਾਂ ਮਾੜਾ ਕੀ ਪ੍ਰਭਾਵ ਪਿਆ?

-ਮੇਰੀ ਇਹ ਪੱਕੀ ਰਾਏ ਹੈ ਕਿ ਮੀਡੀਆ ਭਾਵੇਂ ਉਹ ਪ੍ਰਿੰਟ ਹੋਵੇ ਜਾਂ ਇਲੈਕਟ੍ਰੋਨਿਕ, ਸਿਰਜਣਾ ਵਿਰੋਧੀ ਹੈ। ਨਿੱਤ ਦੀ ਰਿਪੋਰਟਿੰਗ, ਪਾਠਕੀ/ਦਰਸ਼ਕੀ ਲੋੜਾਂ ਦੀ ਪੂਰਤੀ ਲਈ ਰੋਜ਼-ਰੋਜ਼ ਲਿਖਣਾ ਅਤੇ ਬੋਲਣਾ, ਤੁਹਾਨੂੰ ਪੇਤਲਾ ਬਣਾ ਦਿੰਦਾ ਹੈ। ਗਹਿਰ ਗੰਭੀਰ, ਸੋਚਸ਼ੀਲ ਅਤੇ ਇੱਥੋਂ ਤਕ ਕਿ ਸੁਹਿਰਦ ਵੀ ਨਹੀਂ ਰਹਿਣ ਦਿੰਦਾ। ਕਿਉਂਕਿ ਅਭਿਆਸ ਅਤੇ ਲਗਾਤਾਰਤਾ ਤੁਹਾਡੇ ਸੁਭਾਅ ਨੂੰ, ਤੁਹਾਡੇ ਸੋਚਣ ਦੀ ਸ਼ਕਤੀ ਨੂੰ ਅਤੇ ਪ੍ਰਗਟਾਵੇ ਦੀ ਵਿਧੀ ਨੂੰ ਪ੍ਰਭਾਵਤ ਕਰਦੇ ਹਨ। ਇਹ ਸਭ ਤੁਹਾਡੀ ਬੁਨਿਆਦੀ ਪ੍ਰਕਿਰਤੀ ਨੂੰ ਬਦਲਣ ਵੱਲ ਅਹੁਲ਼ਦੇ ਹਨ। ਮੇਰੀ ਜ਼ਿੰਦਗੀ ਦਾ ਸਾਰਾ ਸੰਘਰਸ਼ ਆਪਣੇ ਆਪ ਨਾਲ ਲੜੀ ਗਈ ਅਜਿਹੀ ਲੜਾਈ ਹੀ ਹੈ, ਜਿਸ ਵਿਚੋਂ ਮੈਂ ਸਾਲਮ ਸਬੂਤਾ ਤਾਂ ਨਹੀਂ, ਅੱਧਾ-ਪਚੱਧਾ ਜ਼ਰੂਰ ਬਚ ਨਿਕਲਿਆ ਹਾਂ। ਮੈਂ ਅਕਸਰ ਕਹਿੰਦਾ ਹਾਂ ਕਿ ਸਾਢੇ ਅੱਠ ਸਾਲ ਡੈਸਕਾਂ ਉੱਪਰ ਉਪ-ਸੰਪਾਦਕੀ ਕਰਕੇ ਵੀ, ਮੈਗਜ਼ੀਨ ਐਡੀਟਰੀ ਕਰਕੇ ਵੀ, ਮੈਂ ਸਿੱਕੇਬੰਦ ਪੱਤਰਕਾਰ ਨਹੀਂ ਬਣ ਸਕਿਆ ਅਤੇ ਤੀਹ ਸਾਲ ਦੂਰਦਰਸ਼ਨ ਦਾ ਪ੍ਰੋਡਿਊਸਰ ਹੋ ਕੇ ਵੀ ਮੈਂ ਸਿੱਕੇਬੰਦ ਪ੍ਰੋਡਿਊਸਰ ਨਹੀਂ ਬਣ ਸਕਿਆ। ਵੱਖ-ਵੱਖ ਨੌਕਰੀਆਂ ਦੌਰਾਨ ਬਹੁਤ ਸਾਰੇ ਮੌਕੇ ਅਜਿਹੇ ਆਏ ਜਦੋਂ ਮੈਨੂੰ ਅੱਖਾਂ ਮੀਟਣੀਆਂ ਪਈਆਂ, ਮੂੰਹ ਘੁੰਮਾਉਣਾ ਪਿਆ, ਛੁੱਟੀ ਲੈ ਕੇ ਘਰ ਬੈਠਣਾ ਪਿਆ। ਪਰ ਹਾਲਾਤ ਨਾਲ ਸਮਝੌਤਾ ਕਰਨਾ ਗੁਆਰਾ ਨਾ ਹੋਇਆ। ਨਤੀਜੇ ਵਜੋਂ ਟਰਾਂਸਫਰਾਂ ਤਕ ਵੀ ਝੱਲਣੀਆਂ ਪਈਆਂ। ਪਰ ਇਹ ਸਭ ਕੁੱਝ ਨੌਕਰੀ ਦਾ ਹਿੱਸਾ ਹੀ ਸੀ। ਨੌਕਰੀ ਕੀ ਤਾਂ ਨਖ਼ਰਾ ਕੀ? ਕਵਿਤਾ ਤਾਂ ਫੇਰ ਵੀ ਲਿਖ ਲਵਾਂਗੇ... ...। ਅਜਿਹਾ ਸੋਚਦਿਆਂ ਹੋਇਆਂ ਵੀ, ਮੈਂ ਆਪਣੀ ਨੌਕਰੀ ਕਾਫ਼ੀ ਨਖ਼ਰਿਆਂ ਨਾਲ ਕੀਤੀ ਹੈ। 000

(10533 SE, 236th PL, KENT WA 98031, U S A
avtarsinghbilling@gmail.com)

ਸਵੈ-ਜੀਵਨੀ ਅੰਸ਼: ਹਰਜਿੰਦਰ ਸੂਰੇਵਾਲੀਆ

(ਆਪਣੀ ਸਵੈਜੀਵਨੀ ਲਿਖਦਿਆਂ ਹਰਜਿੰਦਰ ਸੂਰੇਵਾਲੀਆ ਨੇ ਇਕ ਲਿਖਤ ਵਜੋਂ ਇਸਨੂੰ ਰੌਚਿਕ ਬਣਾਉਣ ਦਾ ਤਾਂ ਯਤਨ ਕੀਤਾ ਹੈ, ਅਤੇ ਆਪਣੇ ਇਸ ਯਤਨ ਵਿਚ ਉਹ ਪੂਰੀ ਤਰ੍ਹਾਂ ਸਫਲ ਵੀ ਰਿਹਾ ਹੈ। ਪਰ ਇੰਝ ਕਰਦਿਆਂ ਉਸਨੇ ਇਸਨੂੰ ਅਜਿਹੀ ਗਲਪ ਵਿਚ ਨਹੀਂ ਲਪੇਟਿਆ ਜਿਸ ਵਿਚ ਲੇਖਕ ਦੀ ਸ਼ਖਸੀਅਤ ਹਮੇਸ਼ਾ ਕੇਂਦਰ ਵਿਚ ਰਹੇ ਅਤੇ ਚਮਕਦੀ ਨਜ਼ਰ ਆਵੇ। ਸਵੈਜੀਵਨੀ ਅਵੱਸ਼ ਰਚਨਾਕਾਰ ਦੀ ਆਪਣੀ ਸ਼ਖਸੀਅਤ ਨਾਲ ਸੰਬੰਧਤ ਹੁੰਦੀ ਹੈ, ਪਰ ਉਸ ਤਕ ਸੀਮਤ ਨਹੀਂ ਹੋ ਸਕਦੀ। ਉਸ ਵਿਚੋਂ ਸੰਬੰਧਤ ਸਮੇਂ ਤੇ ਸਮਾਜ ਅਥਵਾ ਦੇਸ਼ ਕਾਲ ਦੇ ਸਮਾਚਾਰਾਂ ਦੀ ਸੋਝੀ ਵੀ ਉਭਰਨੀ ਚਾਹੀਦੀ ਹੈ। ਸੂਰੇਵਾਲੀਆ ਦੀ ਇਸ ਸਵੈਜੀਵਨੀ ਵਿਚੋਂ ਆਮ ਜਿਹੀਆਂ ਘਟਨਾਵਾਂ ਅਤੇ ਪਾਤਰਾਂ ਦੇ ਚਿਤਰਨ ਦੇ ਰੂਪ ਵਿਚ ਕੁਝ ਸਮਾਂ ਪਹਿਲਾਂ ਦੇ ਪੇਂਡੂ ਸਮਾਜ ਦਾ ਸਜੀਵ ਚਿਤਰ ਉਭਰਦਾ ਵੇਖਿਆ ਜਾ ਸਕਦਾ ਹੈ। ਪੇਸ਼ ਹੈ ਛੇਤੀ ਛਪਣ ਜਾ ਰਹੀ ਇਸ ਪੁਸਤਕ ਦੇ ਮੁੱਢਲੇ ਤੇ ਅੰਤਲੇ ਕਾਂਡ ਦੇ ਅੰਸ਼ - ਸੰਪਾਦਕ)

ਇਕ ਪਿੰਡ ਦਾ ਨਾਮ ਜੋ ਮੁੱਦਕੀ ਸੀ...

ਇਕ ਪਿੰਡ ਦਾ ਨਾਮ ਜੋ ਮੁੱਦਕੀ ਸੀ! ਮੁੱਦਕੀ ਫਰੀਦਕੋਟ ਤੋਂ ਤਲਵੰਡੀ ਭਾਈ ਸੜਕ 'ਤੇ ਫਰੀਦਕੋਟ ਤੋਂ ਪੰਦਰਾਂ ਕੁ ਕਿਲੋਮੀਟਰ ਦੂਰ ਪੂਰਬ ਵੱਲ ਸੜਕ ਦੇ ਖੱਬੇ ਪਾਸੇ ਸਥਿਤ ਇਕ ਇਤਿਹਾਸਕ ਪਿੰਡ ਹੈ ਜੋ ਕਿ ਹੁਣ ਕਸਬੇ ਦਾ ਰੂਪ ਧਾਰਨ ਕਰ ਚੁੱਕਾ ਹੈ। ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਸੱਤਾ ਸੰਘਰਸ਼ ਦੀ ਪਹਿਲੀ ਲੜਾਈ ਇਸ ਪਿੰਡ ਤੋਂ ਸ਼ੁਰੂ ਹੋਈ ਸੀ। ਇਸ ਪਿੰਡ ਤੋਂ ਹੀ ਸ਼ੁਰੂ ਹੋਈ ਸੀ ਮੇਰੇ ਆਪਣੇ ਜੀਵਨ ਸੰਘਰਸ਼ ਦੀ ਕਹਾਣੀ-

ਇਸ ਪਿੰਡ ਵਿਚ ਮੈਂ ਸੁਰਤ ਸੰਭਾਲ਼ੀ, ਬੋਲਣਾ ਅਤੇ ਤੁਰਨਾ ਸਿੱਖਿਆ। ਪਹਿਲੀ ਵਾਰ ਸਕੂਲ ਗਿਆ। ਮੇਰੇ ਪਿਤਾ ਜੀ ਇਸ ਪਿੰਡ ਦੇ ਸਰਕਾਰੀ ਹਾਈ ਸਕੂਲ ਵਿਚ ਪੰਜਾਬੀ ਦੇ ਅਧਿਆਪਕ ਸਨ। ਇਕ ਸੇਠ ਦੀ ਬਹੁਤ ਵੱਡੀ ਹਵੇਲੀ ਵਿਚ ਸਾਡਾ ਰੈਣ ਬਸੇਰਾ ਸੀ। ਹਵੇਲੀ ਦੀ ਬਣਤਰ ਬਾਰੇ ਮੈਨੂੰ ਥੋੜ੍ਹਾ ਥੋੜ੍ਹਾ ਯਾਦ ਹੈ। ਪੁਰਾਣੀਆਂ ਛੋਟੀਆਂ ਇੱਟਾਂ ਦੀ ਬਣੀ ਹਵੇਲੀ ਦੀਆਂ ਦੋ ਮੰਜ਼ਿਲਾਂ ਸਨ ਤੇ ਹਵੇਲੀ ਦੀ ਪਹਿਲੀ ਮੰਜ਼ਿਲ 'ਤੇ ਸਾਡੇ ਤਿੰਨਾਂ ਜੀਆਂ ਦੇ ਪਰ਼ਿਵਾਰ ਕੋਲ਼ ਦੋ ਕਮਰੇ ਸਨ। ਇਕ ਕਮਰੇ ਉਪਰਲਾ ਚੁਬਾਰਾ ਵੀ ਸਾਡੇ ਕੋਲ਼ ਸੀ। ਸਾਰੇ ਕਮਰਿਆਂ ਵਿਚ ਅਤੇ ਉਹਨਾਂ ਦੇ ਅੱਗੇ ਇੱਟਾਂ ਦੀ ਫਰਸ਼ ਲੱਗੀ ਹੋਈ। ਚੁਬਾਰੇ ਨੂੰ ਪੱਕੀਆਂ ਪੌੜੀਆਂ ਚੜ੍ਹਦੀਆਂ ਸਨ। ਇਕ ਵਾਰ ਮੈਂ ਇਹਨਾਂ ਪੌੜੀਆਂ ਉਪਰੋਂ ਹੇਠਾਂ ਰੁੜ੍ਹ ਗਿਆ ਸਾਂ ਪਰ ਕੋਈ ਜ਼ਿਆਦਾ ਸੱਟ ਨਹੀਂ ਸੀ ਲੱਗੀ। ਗਰਮੀਆਂ ਵਿਚ ਅਸੀਂ ਚੁਬਾਰੇ ਦੇ ਮੂਹਰੇ ਮੰਜੇ ਡਾਹ ਕੇ ਸੌਂਦੇ ਤਾਂ ਫਰਨ ਫਰਨ ਵਗ ਰਹੀ ਹਵਾ ਬੜਾ ਸਕੂਨ ਦਿੰਦੀ। ਮੇਰੀ ਬੀਬੀ (ਮਾਤਾ) ਮੇਰੇ ਪਿਤਾ ਜੀ ਨੂੰ ਸਰਦਾਰ ਜੀ ਕਹਿੰਦੀ ਸੀ ਤੇ ਓਸੇ ਦੀ ਰੀਸ ਨਾਲ ਮੈਂ ਉਹਨਾਂ ਨੂੰ ਦਾਰਜੀ ਕਹਿਣ ਲੱਗ ਗਿਆ ਸਾਂ। ਮੈਂ ਆਪਣੇ ਦਾਰਜੀ ਦੀ ਸੱਜੀ ਬਾਂਹ ਉੱਤੇ ਸਿਰ ਰੱਖ ਕੇ ਸੌਂਦਾ ਸੀ। ਉਹਨਾਂ ਸਮਿਆਂ ਵਿਚ ਆਮ ਘਰਾਂ ਵਿਚ ਡਬਲਬੈੱਡ ਨਹੀਂ ਹੁੰਦੇ ਸਨ। ਉਹ ਮੈਨੂੰ ਨਿੱਕੀਆਂ ਨਿੱਕੀਆਂ ਕਹਾਣੀਆਂ ਸੁਣਾਉਂਦੇ ਤੇ ਆਮ ਜਾਣਕਾਰੀ ਵਿਚ ਵਾਧਾ ਕਰਨ ਵਾਲੀਆਂ ਗੱਲਾਂ ਵੀ ਦੱਸਦੇ ਰਹਿੰਦੇ ਸਨ। ਕਦੇ ਉਹ ਬੁੱਝਣ ਵਾਲੀਆਂ ਦਿਲਚਸਪ ਅੜਾਉਣੀਆਂ ਪੁੱਛਦੇ,'ਤੀਤਰ ਕੇ ਦੋ ਆਗੇ ਤੀਤਰ, ਤੀਤਰ ਕੇ ਦੋ ਪੀਛੇ ਤੀਤਰ'। ਦੱਸੋ ਕਿੰਨੇ ਤਿੱਤਰ ਹੋਏ? ਇਸ ਤਰ੍ਹਾਂ ਸ਼ੁਰੂ ਤੋਂ ਹੀ

ਮੈਨੂੰ ਗਿਆਨ ਪ੍ਰਾਪਤੀ ਦਾ ਸ਼ੌਕ ਸੀ, ਜੋ ਅੱਗੇ ਚੱਲ ਕੇ ਮੈਨੂੰ ਮੁਕਾਬਲੇ ਦੇ ਇਮਤਿਹਾਨ ਪਾਸ ਕਰਨ ਵਿਚ ਬੜਾ ਸਹਾਈ ਹੋਇਆ। ਇਕ ਰਾਤ ਤਲਵੰਡੀ ਭਾਈ ਵੱਲੋਂ ਰੋਸ਼ਨੀਆਂ ਦੇ ਬਿੰਦੂ ਜਿਹੇ ਲਗਾਤਾਰ ਇੱਧਰ ਨੂੰ ਵਧਦੇ ਆ ਰਹੇ ਸਨ। ਦਾਰਜੀ ਨੇ ਦੱਸਿਆ ਕਿ ਆਪਣੇ ਦੇਸ਼ ਹਿੰਦੋਸਤਾਨ ਦੀ ਗੁਆਂਢੀ ਦੇਸ਼ ਚੀਨ ਨਾਲ ਜੰਗ ਲੱਗੀ ਹੋਈ ਹੈ ਤੇ ਇਹ ਮਿਲਟਰੀ ਵਾਲੀਆਂ ਗੱਡੀਆਂ ਹਨ ਜੋ ਫਰੀਦਕੋਟ ਨੂੰ ਜਾ ਰਹੀਆਂ ਹਨ।

ਇਕ ਵਾਰ ਉਹਨਾਂ ਨੇ ਗੱਲ ਸਣਾਈ ਕਿ ਇਕ ਬਹੁਤ ਹੀ ਛੋਟੇ ਕੱਦ ਦਾ ਮਾਸਟਰ ਹੁੰਦਾ ਸੀ ਜੋ ਵੱਡੇ ਵੱਡੇ ਦਸਵੀਂ ਵਿਚ ਪੜ੍ਹਦੇ ਮੁੰਡਿਆਂ ਦੇ ਵੀ ਚਪੇੜਾਂ ਮਾਰ ਦਿੰਦਾ ਸੀ। ਲੰਮੇ ਕੱਦ ਵਾਲੇ ਮੁੰਡੇ ਦੇ ਚਪੇੜ ਉਹ ਸਟੂਲ 'ਤੇ ਖੜ੍ਹ ਕੇ ਮਾਰਦਾ ਸੀ ਤੇ ਸਟੂਲ ਵੀ ਓਸੇ ਵਿਦਿਆਰਥੀ ਤੋਂ ਮੰਗਵਾਉਂਦਾ ਸੀ ਜਿਸ ਦੇ ਚਪੇੜ ਮਾਰਨੀ ਹੁੰਦੀ ਸੀ। ਤੇ ਫਿਰ ਉਸ ਅਧਿਆਪਕ ਦਾ ਕਤਲ ਹੋ ਗਿਆ। ਨਹਿਰ ਦੀ ਪੱਟੜੀ ਪੱਟੜੀ ਸਾਈਕਲ 'ਤੇ ਜਾ ਰਹੇ ਉਸ ਅਧਿਆਪਕ ਨੂੰ ਕਿਸੇ ਨੇ ਬੇਰਹਿਮੀ ਨਾਲ ਵੱਢ-ਟੁੱਕ ਕੇ ਨਹਿਰ ਵਿਚ ਸਿੱਟ ਦਿੱਤਾ ਸੀ। ਸ਼ੱਕ ਕੀਤਾ ਜਾਂਦਾ ਸੀ ਕਿ ਇਹ ਕਾਰਾ ਉਸ ਦੇ ਕਿਸੇ ਵਿਦਿਆਰਥੀ ਨੇ ਹੀ ਕੀਤਾ ਹੋਵੇਗਾ।

000

ਹਵੇਲੀ ਦੇ ਨਾਲ ਦੀ ਦੂਸਰੀ ਗਲ਼ੀ ਦੇ ਕਿਸੇ ਚੁਬਾਰੇ ਵਿਚ ਕੋਈ ਹੋਰ ਸਕੂਲ ਮਾਸਟਰ ਇਕੱਲਾ ਹੀ ਰਹਿੰਦਾ ਸੀ। ਰੋਟੀ ਚਾਹ ਪਾਣੀ ਵਗੈਰਾ ਉਹ ਆਪ ਹੀ ਬਣਾਉਂਦਾ ਸੀ। ਸਕੂਲੋਂ ਆ ਕੇ ਅਗਲੇ ਦਿਨ ਪਾਉਣ ਵਾਲੇ ਕਪੜੇ ਵੀ ਉਹ ਧੋ ਕੇ ਤੇ ਪਰੈੱਸ ਕਰਕੇ ਕਿੱਲੀਆਂ 'ਤੇ ਟੰਗ ਦਿੰਦਾ ਸੀ। ਸ਼ਾਮ ਨੂੰ ਦਾਰਜੀ ਉਸ ਕੋਲ਼ ਗੱਲਾਂ ਮਾਰਨ ਚਲੇ ਜਾਂਦੇ ਤੇ ਕਦੇ ਕਦੇ ਮੈਂ ਵੀ ਨਾਲ ਚਲਾ ਜਾਂਦਾ ਸੀ। ਇਕ ਦੋ ਮਾਸਟਰ ਹੋਰ ਵੀ ਹੁੰਦੇ ਸਨ। ਸਾਰੇ ਗੱਲਾਂ ਕਰਦੇ ਠਹਾਕੇ ਮਾਰ ਮਾਰ ਉੱਚੀ ਉੱਚੀ ਹੱਸਦੇ। ਉਹ ਚੁਬਾਰੇ ਵਾਲਾ ਮਾਸਟਰ ਆਪਣੇ ਰੋਟੀ ਟੁੱਕ ਦਾ ਆਹਰ ਵੀ ਕਰਦਾ ਰਹਿੰਦਾ ਤੇ ਇਸੇ ਸਮੇਂ ਦੌਰਾਨ ਕੋਈ ਅਧਿਆਪਕ ਅੱਖ ਬਚਾ ਕੇ ਕਿੱਲੀ ਉੱਤੇ ਟੰਗਿਆ ਪਰੈੱਸ ਕੀਤਾ ਹੋਇਆ ਉਸਦਾ ਪਜਾਮਾ ਪੁੱਠਾ ਕਰ ਦਿੰਦਾ। ਅਗਲੇ ਦਿਨ ਉਹ ਵਿਚਾਰਾ ਪੁੱਠਾ ਪਜਾਮਾ ਪਾ ਕੇ ਹੀ ਸਕੂਲ ਪਹੁੰਚ ਜਾਂਦਾ ਤੇ ਮਜ਼ਾਕ ਦਾ ਪਾਤਰ ਬਣਦਾ।

000

ਉਸ ਸਮੇਂ ਮੁੱਦਕੀ ਦਾ ਹਾਈ ਸਕੂਲ ਪਿੰਡ ਦੇ ਉੱਤਰ ਵੱਲ ਨੀਵੇਂ ਥਾਂ 'ਤੇ ਸੀ। ਇਕ ਸਾਲ ਬਹੁਤੇ ਮੀਹਾਂ ਕਾਰਨ ਆਏ ਹੜ੍ਹਾਂ ਦਾ ਪਾਣੀ ਸਕੂਲ ਵਿਚ ਦਾਖਲ ਹੋ ਗਿਆ ਸੀ। ਮੇਰੇ ਪਿਤਾ ਜੀ ਬਹੁਤ ਹੀ ਅੱਛੇ ਤੈਰਾਕ ਸਨ। ਪਾਣੀ ਵਿਚ ਘਿਰ ਗਏ ਸਕੂਲ ਦੇ ਮੁੱਖ ਅਧਿਆਪਕ ਨੂੰ ਉਹ ਹੀ ਕੱਢ ਕੇ ਲਿਆਏ ਸਨ। ਫਿਰ ਕਈ ਚੱਕਰ ਲਾ ਕੇ ਉਹਨਾਂ ਸਕੂਲ ਦਾ ਰੀਕਾਰਡ ਅਤੇ ਕੀਮਤੀ ਸਮਾਨ ਵੀ ਸਹੀ ਸਲਾਮਤ ਕੱਢ ਕੇ ਲਿਆਂਦਾ ਸੀ।

000

ਇਕ ਦਿਨ ਕਮਰੇ ਵਿਚ ਮੰਜੇ 'ਤੇ ਪਿਆ ਮੈਂ ਉੱਚੀ ਆਵਾਜ਼ ਵਿਚ ਆਪਣਾ ਕਾਇਦਾ ਪੜ੍ਹ ਰਿਹਾ ਸਾਂ-

ਨਾਨੀ ਆਈ ਨਾਨੀ ਆਈ।
ਝੋਲ਼ੇ ਦੇ ਵਿਚ ਬਰਫ਼ੀ ਲਿਆਈ।

ਉਸੇ ਵਕਤ ਜਾਂ ਓਸੇ ਦਿਨ ਮੇਰੀ ਨਾਨੀ ਸਾਨੂੰ ਮਿਲਣ ਆ ਗਈ ਸੀ ਤੇ ਉਹ ਸੱਚ ਮੁੱਚ ਹੀ ਆਪਣੇ ਝੋਲੇ ਵਿਚ ਬਰਫ਼ੀ ਲਿਆਈ ਸੀ। ਉਸ ਤੋਂ ਬਾਅਦ ਨਾਨੀ ਕਈ ਸਾਲ ਜਿਉਂਦੀ ਰਹੀ ਪਰ ਉਹ ਸਾਨੂੰ ਕਦੇ ਵੀ ਮਿਲਣ ਨਾ ਆਈ। ਕਈ ਸਾਲ ਬਾਅਦ ਮੇਰੇ ਨਾਨਕਿਆਂ ਤੋਂ ਕੋਈ ਬੰਦਾ ਜਦੋਂ ਉਸ ਦੀ ਮੌਤ ਦੀ ਖ਼ਬਰ ਲੈ ਕੇ ਆਇਆ ਤਾਂ ਮੇਰੀ ਬੀਬੀ ਧਾਹਾਂ ਮਾਰ ਮਾਰ ਰੋਈ। ਉਸ ਸਮੇਂ

ਅਸੀਂ ਝੁੰਬੇ ਪਿੰਡ ਰਹਿੰਦੇ ਸਾਂ। ਪਲਾਂ ਵਿਚ ਆਂਢਣਾਂ ਗੁਆਂਢਣਾਂ ਇਕੱਠੀਆਂ ਹੋ ਕੇ ਮੇਰੀ ਬੀਬੀ ਨੂੰ ਦਿਲਾਸਾ ਦੇਣ ਲੱਗ ਪਈਆਂ ਸਨ। ਬੀਬੀ ਉਹਨਾਂ ਨੂੰ ਦੱਸ ਰਹੀ ਸੀ ਕਿ ਕੱਲ੍ਹ ਤੋਂ ਹੀ ਮੇਰਾ ਮਨ ਉਦਾਸ ਸੀ ਤੇ ਮੇਰਾ ਦਿਲ ਨਹੀਂ ਲੱਗ ਰਿਹਾ ਸੀ। ਕਿਸੇ ਵੱਡੀ ਉਮਰ ਦੀ ਔਰਤ ਨੇ ਕਿਹਾ ਸੀ- 'ਆਪਣਾ ਖ਼ੂਨ ਹੁੰਦਾ ਹੈ ਨਾ, ਇਸ ਲਈ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ।'

000

ਮੁੱਦਕੀ ਦੇ ਪੱਛਮ ਵੱਲ ਫਰੀਦਕੋਟ ਵਾਲੀ ਸੜਕ ਉੱਤੇ ਪਹਿਲਾ ਪਿੰਡ ਚੰਦ ਬਾਜਾ ਹੈ ਤੇ ਸੜਕ ਪਿੰਡ ਦੇ ਵਿਚਕਾਰ ਦੀ ਲੰਘਦੀ ਹੈ। ਇਹ ਦੋ ਪਿੰਡ ਹਨ ਚੰਦ ਅਤੇ ਬਾਜਾ ਜਿਨ੍ਹਾਂ ਨੂੰ ਵਿਚਕਾਰ ਦੀ ਜਾ ਰਹੀ ਸੜਕ ਹੀ ਨਿਖੇੜਦੀ ਹੈ। ਬਿਲਕੁਲ ਬੱਸ ਅੱਡੇ ਦੇ ਉੱਤੇ ਇਕ ਘਰੇ ਮੇਰੇ ਪਿਤਾ ਜੀ ਦੇ ਚਾਚੇ ਹਾਕਮ ਸਿੰਘ ਦੀ ਵੱਡੀ ਬੇਟੀ ਭੂਆ ਬਚਨੋ ਵਿਆਹੀ ਹੋਈ ਸੀ। ਉਸ ਦਾ ਸਾਕ ਇਹਨਾਂ ਹੀ ਘਰਾਂ ਵਿਚ ਵਿਆਹੀ ਉਸ ਦੀ ਮਾਸੀ ਲੈ ਆਈ ਸੀ। ਅਸੀਂ ਕਈ ਵਾਰ ਛੁੱਟੀ ਵਾਲੇ ਦਿਨ ਇੱਥੇ ਭੂਆ ਨੂੰ ਮਿਲਣ ਆ ਜਾਂਦੇ। ਉਹਨਾਂ ਦੇ ਘਰਾਂ ਕੋਲ਼ ਸੜਕ ਉੱਤੇ ਹੀ ਪੇਂਦੂ ਬੇਰੀਆਂ ਸਨ। ਮੈਂ ਤੇ ਭੂਆ ਦੇ ਦਿਉਰ ਜਾਂ ਜੇਠ ਦਾ ਮੇਰਾ ਹਾਣੀ ਮੁੰਡਾ ਬੇਰੀਆਂ ਤੋਂ ਹੇਠਾਂ ਡਿੱਗੇ ਬੇਰ ਭਾਲ਼ ਕੇ ਖਾਂਦੇ। ਓਦੋਂ ਇਸ ਸੜਕ 'ਤੇ ਕੋਈ ਵਿਰਲੀ ਟਾਵੀਂ ਬੱਸ ਹੀ ਚਲਦੀ ਸੀ ਤੇ ਆਮ ਤੌਰ 'ਤੇ ਫਰੀਦਕੋਟ ਲਈ ਟਾਂਗੇ ਹੀ ਚਲਦੇ ਸਨ।

000

ਉਹਨਾਂ ਸਮਿਆਂ ਵਿਚ ਔਰਤਾਂ ਛੋਟੇ ਮੁੰਡਿਆਂ ਦੇ ਦੋ ਦੋ ਗੁੱਤਾਂ ਤੇ ਕੁੜੀਆਂ ਦੇ ਸਿਰ 'ਤੇ ਜੂੜਾ ਕਰਕੇ ਭੇਸ ਦਵਾਰਾ ਬਾਹਰੀ ਤੌਰ 'ਤੇ ਉਹਨਾਂ ਦਾ ਲਿੰਗ ਬਦਲ ਦਿੰਦੀਆਂ ਸਨ। ਬੀਬੀ ਮੇਰੇ ਵੀ ਲਾਲ ਜਾਂ ਹਰਾ ਰਿਬਨ ਪਾ ਕੇ ਦੋ ਗੁੱਤਾਂ ਕਰ ਕੇ ਉਹਨਾਂ ਨੂੰ ਕੰਨਾਂ ਦੇ ਉਪਰ ਫੁੱਲ ਜਿਹਾ ਬਣਾ ਕੇ ਬੰਨ੍ਹ ਦਿੰਦੀ ਸੀ। ਇਕ ਵਾਰ ਅਸੀਂ ਕਿਸੇ ਪਿੰਡ ਰਿਸ਼ਤੇਦਾਰੀ ਵਿਚ ਵਿਆਹ ਗਏ ਸਾਂ। ਮੈਂ ਇਕ ਮੰਜੇ ਹੇਠਾਂ ਬਿੱਲੀ ਬਣ ਕੇ ਗੋਡਿਆਂ ਪਰਨੇ ਰੁੜ੍ਹਿਆ ਫਿਰਦਾ 'ਮਿਆਂਓਂ ਮਿਆਂਓਂ' ਕਰਦਾ ਖੇਡਦਾ ਫਿਰਦਾ ਸੀ।

ਇਕ ਵੱਡੇ ਸ਼ਰਾਰਤੀ ਬੱਚੇ ਨੇ ਵੀ ਮੰਜੇ ਹੇਠਾਂ ਵੜ ਕੇ ਆਪਣੇ ਹੱਥ ਮੇਰੀਆਂ ਦੋਵੇਂ ਗੁੱਤਾਂ ਵਿਚ ਪਾ ਲਏ ਤੇ ਰੌਲ਼ਾ ਪਾਉਣ ਲੱਗਿਆ,

'ਓਏ, ਮੈਂ ਬਿੱਲੀ ਫੜ ਲਈ।'

ਹੋਰ ਬੱਚੇ ਵੀ ਆ ਕੇ ਤਮਾਸ਼ਾ ਵੇਖਣ ਲੱਗੇ। ਉਹ ਮੈਨੂੰ ਗੁੱਤਾਂ ਫੜ ਕੇ ਖਿੱਚ ਕੇ ਮੰਜੇ ਹੇਠੋਂ ਬਾਹਰ ਕੱਢ ਲਿਆਇਆ। ਬਿੱਲੀ ਬਣਨਾ ਮੈਨੂੰ ਮਹਿੰਗਾ ਪੈ ਗਿਆ ਸੀ ਤੇ ਕੇਸ ਖਿੱਚੇ ਜਾਣ ਦੇ ਦਰਦ ਕਾਰਨ ਮੈਂ ਰੋ ਰਿਹਾ ਸੀ। ਇਸ ਘਟਨਾ ਤੋਂ ਮਗਰੋਂ ਫਿਰ ਕਦੇ ਮੇਰੇ ਦੋ ਗੁੱਤਾਂ ਨਾ ਕੀਤੀਆਂ ਗਈਆਂ।

000

ਹਵੇਲੀ ਦਾ ਬੂਹਾ ਪੱਛਮ ਵੱਲ ਗਲ਼ੀ ਵਿਚ ਸੀ ਤੇ ਇਸ ਗਲ਼ੀ ਦੀ ਹੋਂਦ ਉੱਤਰ ਵੱਲ ਹਵੇਲੀ ਦੇ ਨਾਲ ਨਾਲ ਜਾ ਕੇ ਖੁੱਲ੍ਹੇ ਥਾਂ ਵਿਚ ਸਮਾਪਤ ਹੋ ਜਾਂਦੀ ਸੀ। ਇਸ ਖੁੱਲ੍ਹੀ ਥਾਂ ਵਿਚ ਵਰਤੋਂ ਵਿਚ ਲਿਆਂਦਾ ਨਾ ਜਾਣ ਵਾਲਾ ਇਕ ਪੁਰਾਣਾ ਖੂਹ ਸੀ ਤੇ ਉਸ ਤੋਂ ਅੱਗੇ ਵੱਡਾ ਸਾਰਾ ਛੱਪੜ ਸੀ। ਇਸ ਖੁੱਲ੍ਹੇ ਥਾਂ ਵਿਚ ਕਈ ਘਰਾਂ ਦੀਆਂ ਸੁਆਣੀਆਂ ਆਪਣੀਆਂ ਪਾਥੀਆਂ ਪੱਥਦੀਆਂ ਸਨ ਤੇ ਪਾਥੀਆਂ ਸੁੱਕਣ 'ਤੇ ਉਨ੍ਹਾਂ ਨੂੰ ਗੀਰ੍ਹੇ ਵਿਚ ਚਿਣ ਦਿੰਦੀਆਂ ਸਨ। ਇੱਥੇ ਅਨੇਕਾਂ ਹੀ ਗੀਰ੍ਹੇ ਖੁੰਬਾਂ ਵਾਂਗ ਉੱਗੇ ਹੋਏ ਦਿੱਸਦੇ ਸਨ। ਇਸ ਖੁੱਲ੍ਹੀ ਪੱਥਕਣ ਅਤੇ ਗੀਰ੍ਹਿਆਂ ਵਿਚ ਇਕ ਟੁੱਟਿਆ ਜਿਹਾ ਲੱਕੜ ਦਾ ਪੁਰਾਣਾ ਉਪਰੋਂ ਖੁੱਲ੍ਹੇ ਮੂੰਹ ਵਾਲਾ ਸੰਦੂਕ ਪਿਆ ਹੁੰਦਾ ਸੀ। ਇਕ ਵਾਰ ਮੈਂ ਅਤੇ ਮੇਰੀ ਇਕ ਹਾਨਣ ਕੁੜੀ ਇਸ ਸੰਦੂਕ ਵਿਚ ਲੁਕੇ ਬੈਠੇ ਸਾਂ। ਪਾਥੀਆਂ ਪੱਥ ਰਹੀ ਇਕ ਔਰਤ ਨੇ ਸਾਨੂੰ ਸੰਦੂਕ ਵਿਚ

ਵੜਦਿਆਂ ਵੇਖ ਲਿਆ ਹੋਵੇਗਾ ਤੇ ਅਚਾਨਕ ਉਸ ਔਰਤ ਨੇ ਪੁਲਸ ਵਾਂਗ ਉੱਪਰੋਂ ਛਾਪਾ ਮਾਰ ਲਿਆ। ਉਸ ਨੇ ਸੋਚਿਆ ਹੋਣਾ ਕਿ ਇਹ ਰੰਗ ਰਲੀਆਂ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਹਨ। ਉਸ ਨੂੰ ਵੇਖ ਕੇ ਮੈਂ ਤਾਂ ਸੰਦੂਕ ਵਿਚੋਂ ਨਿਕਲ ਕੇ ਸ਼ੂਟ ਵੱਟ ਗਿਆ ਸੀ ਪਰ ਕੁੜੀ ਪਕੜੀ ਗਈ ਸੀ। ਔਰਤ ਨੇ ਉਸ ਦੀ ਗਿੱਚੀ ਵਿਚ ਤਿੰਨ ਚਾਰ ਧਰ ਦਿੱਤੀਆਂ ਤੇ ਉਹ ਡੁਸਕਦੀ ਹੋਈ ਆਪਣੇ ਘਰ ਨੂੰ ਤੁਰ ਗਈ ਸੀ। ਇਸ ਘਟਨਾ ਤੋਂ ਪਿੱਛੋਂ ਮੈਂ ਹਮੇਸ਼ਾ ਹੀ ਉਸ ਔਰਤ ਦੇ ਮੱਥੇ ਲੱਗਣੋਂ ਡਰਦਾ ਹੀ ਰਿਹਾ ਤੇ ਉਸ ਨੂੰ ਵੇਖ ਕੇ ਟਾਲ਼ਾ ਵੱਟ ਜਾਂਦਾ ਰਿਹਾ ਸੀ। ਉਹ ਹਾਨਣ ਕੁੜੀ ਕੌਣ ਸੀ? ਕੀ ਉਸ ਦਾ ਨਾਂ ਸੀ? ਉਹ ਔਰਤ ਕੌਣ ਸੀ? ਉਹਨਾਂ ਦੇ ਚਿਹਰੇ-ਮੁਹਰੇ ਕਿਹੋ ਜਿਹੇ ਸਨ? ਮੈਨੂੰ ਹੁਣ ਕੁੱਝ ਵੀ ਯਾਦ ਨਹੀ!

000

ਇਕ ਹੋਰ ਨਾਂ ਯਾਦ ਆ ਰਿਹਾ ਹੈ- ਸੁੱਖਾ! ਸੁੱਖਾ ਮੇਰਾ ਬਚਪਨ ਦਾ ਸਾਥੀ ਸੀ। ਉਹਨਾਂ ਦੇ ਖੁੱਲ੍ਹੇ ਵਿਹੜੇ ਵਿਚ ਅਸੀਂ ਇਕੱਠੇ ਖੇਡਦੇ ਹੁੰਦੇ ਸਾਂ। ਉਸ ਦਾ ਚਿਹਰਾ-ਮੁਹਰਾ ਵੀ ਕੋਈ ਯਾਦ ਨਹੀਂ। ਪੱਥਕਣ ਵਾਲੇ ਖੁੱਲ੍ਹੇ ਥਾਂ ਤੋਂ ਇਕ ਗ਼ਲ਼ੀ ਹਵੇਲੀ ਦੇ ਨਾਲ ਨਾਲ ਦੱਖਣ ਵੱਲ ਨਿਕਲ ਜਾਂਦੀ ਸੀ ਤੇ ਇਸ ਗ਼ਲ਼ੀ ਦੇ ਸ਼ੁਰੂ ਵਿਚ ਹੀ ਲੱਕੜ ਦੇ ਵੱਡੇ ਵੱਡੇ ਤਖਤਿਆਂ ਵਾਲਾ ਉਹਨਾਂ ਦਾ ਬਾਰ ਹਮੇਸ਼ਾ ਹੀ ਖੁੱਲ੍ਹਾ ਰਹਿੰਦਾ ਸੀ। ਸੁੱਖੇ ਦੀ ਮਾਤਾ ਨਾਲ ਮੇਰੀ ਬੀਬੀ ਦਾ ਸਹੇਲਪੁਣਾ ਸੀ। ਪਿਤਾ ਜੀ ਸਕੂਲ ਚਲੇ ਜਾਂਦੇ ਤਾਂ ਮੈਨੂੰ ਨਾਲ ਲੈ ਕੇ ਬੀਬੀ ਬਹੁਤਾ ਸਮਾਂ ਸੁੱਖੇ ਦੀ ਮਾਤਾ ਕੋਲ ਬਤੀਤ ਕਰਦੀ। ਅਸੀਂ ਦੋਵੇਂ ਖੇਡਦੇ ਰਹਿੰਦੇ। ਸਕੂਲ ਅਸੀਂ ਅਜੇ ਜਾਣ ਨਹੀਂ ਸਾਂ ਲੱਗੇ।

000

ਤੇ ਫਿਰ ਇਕ ਦਿਨ ਦਾਰਜੀ ਮੈਨੂੰ ਸਕੂਲ ਛੱਡ ਆਏ। ਸਕੂਲ ਬੱਸ ਅੱਡੇ ਕੋਲ ਬਣੀ ਵੱਡੀ ਸਾਰੀ ਧਰਮਸ਼ਾਲਾ ਵਿਚ ਸੀ ਤੇ ਸਾਡੇ ਕਲਾਸ ਪਹਿਲੀ ਮੰਜ਼ਿਲ ਉੱਪਰ ਲੱਗਦੀ ਸੀ। ਉੱਪਰ ਨੂੰ ਪੱਕੀਆਂ ਚੌੜੀਆਂ ਪੌੜੀਆਂ ਚੜ੍ਹਦੀਆਂ ਸਨ। ਆਪਣੇ ਅਧਿਆਪਕ ਦੀ ਧੁੰਧਲੀ ਜਿਹੀ ਆਕ੍ਰਿਤੀ ਚੇਤੇ ਵਿਚ ਆਉਂਦੀ ਹੈ। ਉਹ ਕਲੀਨ ਸ਼ੇਵ ਗੋਰੇ ਰੰਗ ਦਾ ਅਧਖੜ ਜਿਹਾ ਬੰਦਾ ਸੀ ਜੋ ਮਾਇਆ ਲੱਗੀ ਬਦਾਮੀ ਰੰਗ ਦੀ ਪੱਗ ਬੰਨ੍ਹਦਾ ਸੀ ਤੇ ਪੱਗ ਦਾ ਲੰਮਾ ਟੌਰਾ ਉਸ ਦੀ ਢੂਹੀ ਉਪਰ ਝੂਲਦਾ ਰਹਿੰਦਾ ਸੀ। ਸਕੂਲ ਬਾਰੇ ਜਾਂ ਆਪਣੇ ਜਮਾਤੀਆਂ ਬਾਰੇ ਹੋਰ ਕੁੱਝ ਵੀ ਯਾਦ ਨਹੀਂ। ਇਹ ਵੀ ਨਹੀਂ ਯਾਦ ਕਿ ਮੈਂ ਕਿੰਨੇ ਕੁ ਦਿਨ ਇਸ ਸਕੂਲ ਵਿਚ ਪੜ੍ਹਨ ਗਿਆ। ਪਿਤਾ ਜੀ ਨੇ ਆਪਣੀ ਬਦਲੀ ਸਾਡੇ ਨੇੜਲੇ ਪਿੰਡ ਹਰੀ ਕੇ ਕਲਾਂ ਦੀ ਕਰਵਾ ਲਈ ਸੀ। ਹੁਣ ਅਸੀਂ ਆਪਣੇ ਪਿੰਡ ਰਿਹਾ ਕਰਨਾ ਸੀ ਤੇ ਮੈਨੂੰ ਆਪਣੇ ਪਿੰਡ ਜਾਣ ਦਾ ਚਾਅ ਚੜ੍ਹਿਆ ਹੋਇਆ ਸੀ। ਮੁੱਦਕੀ ਤੋਂ ਪਿੰਡ ਆਉਣ ਵਾਲਾ ਇਕ ਸੀਨ ਮੇਰੇ ਚੇਤੇ ਵਿਚ ਵਸਿਆ ਹੋਇਆ ਹੈ-

ਪਿੰਡੋਂ ਮੇਰਾ ਚਾਚਾ ਹਰਨੇਕ ਸਿੰਘ ਅਪਣੇ ਦੋਸਤ ਗੁਰਜੰਟ ਸਿੰਘ ਜ਼ੈਲਦਾਰ ਨਾਲ ਉਹਨਾਂ ਦਾ ਟਰੈਕਟਰ ਟਰਾਲੀ ਲੈ ਕੇ ਸਾਡਾ ਸਮਾਨ ਲੈਣ ਆਇਆ ਸੀ। ਲਾਲ ਰੰਗ ਦੇ ਸਟਾਰ ਟਰੈਕਟਰ (ਉਹ ਟਰੈਕਟਰ ਅੱਜ ਕੱਲ ਨਹੀਂ ਆਉਂਦੇ ਤੇ ਉਹਨਾਂ ਦਾ ਨਾਂ ਵੀ ਸ਼ਾਇਦ ਸਟੀਅਰ ਜਾਂ ਕੁੱਝ ਹੋਰ ਹੁੰਦਾ ਸੀ ਪਰ ਪਿੰਡਾਂ ਵਾਲੇ ਸਾਰੇ ਸਟਾਰ ਹੀ ਕਹਿੰਦੇ ਸਨ) ਦੇ ਖੱਬੇ ਪਾਸੇ ਵਾਲੇ ਚੌੜੇ ਮਡਗਾਰਡ 'ਤੇ ਮੈਂ ਅਤੇ ਦਾਰਜੀ ਬੈਠੇ ਸਾਂ, ਚਾਚਾ ਟਰੈਕਟਰ ਚਲਾ ਰਿਹਾ ਸੀ। ਚਾਚਾ ਗੁਰਜੰਟ ਦੂਸਰੇ ਸੱਜੇ ਮਡਗਾਰਡ 'ਤੇ ਬੈਠਾ ਸੀ। ਮੇਰੀ ਬੀਬੀ ਟਰਾਲੀ ਵਿਚ ਪਏ ਸਮਾਨ ਦੇ ਨਾਲ ਰੱਖੇ ਮੰਜੇ ਉਪਰ ਬੈਠੀ ਸੀ । ਟਰੈਕਟਰ ਪੱਕੀ ਸੜਕ 'ਤੇ ਫਰੀਦਕੋਟ ਵੱਲ ਭੱਜਿਆ ਜਾ ਰਿਹਾ ਸੀ।

000

ਜਦੋਂ ਤੋਂ ਮੁੱਦਕੀ ਛੱਡਕੇ ਆਏ ਹਾਂ ਮੈਂ ਦੁਬਾਰਾ ਮੁੱਦਕੀ ਨਹੀਂ ਗਿਆ ਤੇ ਸ਼ਾਇਦ ਮੇਰੇ ਮਾਤਾ ਪਿਤਾ ਵੀ ਨਹੀਂ ਗਏ। ਮੁੱਦਕੀ ਸਾਡਾ ਹੁਣ ਕੀ ਸੀ? ਪਰ ਜਦੋਂ ਵੀ ਮੁੱਦਕੀ ਦੇ ਕੋਲ਼ੋਂ ਬੱਸ ਵਿਚ

ਬੈਠਾ ਲੰਘਦਾ ਤਾਂ ਇਕ ਖੋਹ ਜਿਹੀ ਪੈਂਦੀ। ਮੁੱਦਕੀ ਆਉਣ 'ਤੇ ਮੈਂ ਹਮੇਸ਼ਾ ਹੀ ਸ਼ੀਸ਼ੇ ਵਿਚੋਂ ਪਿੰਡ ਵੱਲ ਵੇਖਦਾ ਰਹਿੰਦਾ ਕਿ ਸ਼ਇਦ ਉਹ ਹਵੇਲੀ ਦਿਸ ਜਾਵੇ। ਵਰ੍ਹਿਆਂ ਬਾਅਦ ਕਿਤੇ ਇਧਰੋਂ ਲੰਘਣ ਦਾ ਸਬੱਬ ਬਣਦਾ ਤੇ ਹਰ ਵਾਰ ਮੁੱਦਕੀ ਦੇ ਬੱਸ ਅੱਡੇ 'ਤੇ ਦੁਕਾਨਾਂ ਦੀ ਗਿਣਤੀ ਹੋਰ ਵਧੀ ਦਿਸਦੀ। ਪਹਿਲਾਂ ਪਹਿਲ ਤਾਂ ਬੱਸ ਵਿਚ ਬੈਠਿਆਂ ਨੂੰ ਸਕੂਲ ਨਜ਼ਰੀਂ ਪੈ ਜਾਂਦਾ ਸੀ ਪਰ ਫਿਰ ਇਹ ਵੀ ਦਿਸਣੋਂ ਹਟ ਗਿਆ ਸੀ। ਕਦੇ ਏਨਾ ਸਮਾਂ ਹੀ ਨਹੀਂ ਸੀ ਹੁੰਦਾ ਕਿ ਬੱਸ ਵਿਚੋਂ ਉੱਤਰ ਕੇ ਪਿੰਡ ਵਿਚ ਜਾਇਆ ਜਾ ਸਕੇ। ਹਰ ਵਾਰ ਇਕ ਹਸਰਤ ਜਿਹੀ ਦੱਬੀ ਰਹਿ ਜਾਂਦੀ।

ਇਕ ਵਾਰ ਤਿੰਨ ਸਾਥੀ ਅਧਿਆਪਕਾਂ ਨਾਲ ਕਾਰ ਰਾਹੀਂ ਇੱਥੋਂ ਦੀ ਲੰਘ ਰਿਹਾ ਸਾਂ ਤਾਂ ਹਵੇਲੀ ਵੇਖਣ ਦੀ ਇੱਛਾ ਜਾਗ ਪਈ। ਕਾਰ ਚਲਾ ਰਹੇ ਸਾਥੀ ਨੂੰ ਕਾਰ ਪਿੰਡ ਵਿਚ ਮੋੜਨ ਨੂੰ ਕਿਹਾ। ਮੇਰੇ ਦਿਮਾਗ਼ ਵਿਚ ਸੀ ਕਿ ਬੱਸ ਅੱਡੇ ਤੋਂ ਸਿੱਧਾ ਰਸਤਾ ਅੱਗੇ ਸੱਜੇ ਮੁੜੇਗਾ ਤੇ ਅੱਗੇ ਓਸੇ ਗ਼ਲ਼ੀ ਵਿਚ ਹਵੇਲੀ ਹੋਵੇਗੀ। ਅੱਗੇ ਜਾ ਕੇ ਇਕ ਗ਼ਲ਼ੀ ਸੱਜੇ ਪਾਸੇ ਵੱਲ ਜਾ ਰਹੀ ਸੀ ਤੇ ਮੈਂ ਕਾਰ ਰੁਕਵਾ ਕੇ ਬਾਰੀ ਖੋਲ੍ਹ ਕੇ ਬਾਹਰ ਆਇਆ ਤੇ ਆਸੇ ਪਾਸੇ ਵੇਖਿਆ। ਫਿਰ ਗ਼ਲ਼ੀ ਵਿਚ ਕੁੱਝ ਕਦਮ ਅੱਗੇ ਜਾ ਕੇ ਆਇਆ। ਕੋਈ ਚਾਰ ਦਹਾਕਿਆਂ ਬਾਅਦ ਮੈਂ ਇਸ ਸਥਾਨ 'ਤੇ ਆਇਆ ਸਾਂ ਤੇ ਚਾਲ਼ੀ ਸਾਲ ਪਹਿਲਾਂ ਵਾਲੀ ਮਨ ਵਿਚ ਵਸੀ ਧੁੰਧਲੀ ਜਿਹੀ ਤਸਵੀਰ ਵਰਗਾ ਇੱਥੇ ਕੁੱਝ ਵੀ ਨਹੀਂ ਸੀ। ਕਿਸੇ ਤੋਂ ਕੁੱਝ ਪੁੱਛਣ ਦਾ ਹੀਆ ਹੀ ਨਾ ਪਿਆ। ਕਾਰ ਦਾ ਡਰਾਈਵਰ ਮਾਸਟਰ ਅੱਚਵੀ ਜਿਹੀ ਮਹਿਸੂਸ ਕਰ ਰਿਹਾ ਸੀ ਤੇ ਮੈਂ ਫਿਰ ਕਾਰ ਵਿਚ ਜਾ ਬੈਠਾ।

ਘਰ ਆ ਕੇ ਮੈਂ ਬੀਬੀ ਨੂੰ ਮੁੱਦਕੀ ਜਾਣ ਬਾਰੇ ਦੱਸਿਆ ਤਾਂ ਉਹ ਬੋਲੀ, 'ਲਾਲਾ ਹਰਬਿਲਾਸ ਦੀ ਹਵੇਲੀ ਪੁੱਛ ਲੈਣੀ ਸੀ।'

...ਓਥੇ ਭਰੀ ਸੀ ਪਾਣੀ ਦੀ ਖੱਡ ਮੀਆਂ

ਖੂਹਾਂ ਨੂੰ ਖੂਹ ਨਹੀਂ ਮਿਲਦੇ,
ਬੰਦੇ ਨੂੰ ਬੰਦਾ ਮਿਲ ਜਾਂਦੈ।

ਉਨੱਤੀ ਸਤੰਬਰ ਦੋ ਹਜ਼ਾਰ ਅਠਾਰਾਂ ਨੂੰ ਅਮ੍ਰਿਤਸਰ ਖਾਲਸਾ ਕਾਲਿਜ ਵਿਚ 'ਇਕੀਵੀਂ ਸਦੀ ਦੀ ਪੰਜਾਬੀ ਕਹਾਣੀ- ਸਰੋਕਾਰ ਅਤੇ ਸੰਵਾਦ' ਦੇ ਕੌਮੀ ਸੈਮੀਨਾਰ ਵਿਚ ਭਾਗ ਲੈਣ ਗਏ। ਮੇਰੇ ਨਾਲ ਬਠਿੰਡੇ ਤੋਂ ਕਹਾਣੀਕਾਰ ਮਿੱਤਰ ਜਸਪਾਲ ਮਾਨਖੇੜਾ, ਗ਼ਜ਼ਲਗੋ ਸੁਰਿੰਦਰ ਪ੍ਰੀਤ ਘਣੀਆ ਅਤੇ ਰਣਬੀਰ ਰਾਣਾ ਵੀ ਸਨ। ਦਸ ਵਜੇ ਤੋਂ ਲੈ ਕੇ ਸ਼ਾਮ ਦੇ ਛੇ ਵਜੇ ਤਕ ਕਹਾਣੀ ਸੰਬੰਧੀ ਵਿਚਾਰ ਚਰਚਾ ਹੁੰਦੀ ਰਹੀ। ਉਸ ਤੋਂ ਬਾਅਦ ਕਵੀ ਦਰਬਾਰ ਅੱਠ ਵਜੇ ਤਕ ਚੱਲਿਆ। ਰਾਤ ਖਾਲਸਾ ਕਾਲਿਜ ਦੇ ਸ਼ਾਨਦਾਰ ਗੈੱਸਟ ਹਾਊਸ ਵਿਚ ਗੁਜ਼ਾਰੀ। ਸੁਬ੍ਹਾ ਓਥੋਂ ਨਾਸ਼ਤਾ ਕਰਕੇ ਦਰਬਾਰ ਸਾਹਿਬ ਮੱਥਾ ਟੇਕ ਕੇ ਤੇ ਜਲ੍ਹਿਆਂ ਵਾਲੇ ਬਾਗ ਦਾ ਚੱਕਰ ਕੱਢ ਕੇ ਵਾਪਸੀ ਲਈ ਚਾਲੇ ਪਾ ਦਿੱਤੇ। ਅਮ੍ਰਿਤਸਰ ਬਠਿੰਡਾ ਨਵੀਂ ਬਣੀ ਸਿਕਸ ਲੇਨ ਸੜਕ 'ਤੇ ਫੋਕਸ ਵੈਗਨ ਕਾਰ ਸੌ, ਇਕ ਸੌ ਵੀਹ ਦੀ ਸਪੀਡ 'ਤੇ ਭੱਜੀ ਜਾ ਰਹੀ ਸੀ। ਇਸੇ ਦਿਨ ਹੀ ਸ਼ਾਮ ਦੇ ਤਿੰਨ ਵਜੇ ਮੁਕਤਸਰ ਇਕ ਸਾਹਿਤਕ ਸਮਾਗਮ ਹੋਣਾ ਸੀ ਜਿਸ ਵਿਚ ਹਾਜ਼ਰੀ ਲਵਾਉਣੀ ਵੀ ਜਰੂਰੀ ਸੀ। ਜ਼ੀਰੇ ਦੀ ਸਾਹਿਤ ਸਭਾ ਵੱਲੋਂ ਵੀ ਚਮਕ ਸੁਰਜੀਤ ਵੱਲੋਂ ਸੰਪਾਦਤ ਕੀਤਾ ਪੰਜਾਹ-ਪਚਵੰਜਾ ਲੇਖਕਾਂ ਦਾ ਸਾਂਝਾ ਕਾਵਿ ਸੰਗ੍ਰਹਿ ਰੀਲੀਜ਼ ਕੀਤਾ ਜਾਣਾ ਸੀ। ਮਾਨਖੇੜੇ ਦੀ ਇੱਛਾ ਸੀ ਕਿ ਇਸ ਸਮਾਗਮ ਵਿਚ ਵੀ ਹਾਜ਼ਰੀ ਲਵਾ ਲਈ ਜਾਵੇ। ਸੰਪਾਦਤ ਪੁਸਤਕ ਵਿਚ ਉਸਦਾ ਵੀ ਇਕ ਗੀਤ ਸ਼ਾਮਲ ਸੀ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ ਵਿਚ ਇਹ ਸਹਿਤਕ ਸਮਾਗਮ ਚੱਲ ਰਿਹਾ ਸੀ ਜਿਸਦੀ ਸਟੇਜ ਸਕੱਤਰੀ ਗੁਰਚਰਨ ਨੂਰਪੁਰ ਕਰ ਰਿਹਾ ਸੀ। ਇਸ ਦਿਨ ਪੱਤਰਕਾਰ ਜੋਗਿੰਦਰ ਸੰਧੂ ਦੀ ਪੁਸਤਕ

ਵੀ ਰੀਲੀਜ਼ ਕੀਤੀ ਜਾ ਰਹੀ ਸੀ। ਇਹਨਾਂ ਰਸਮਾਂ ਵਿਚ ਸ਼ਾਮਲ ਹੋ ਕੇ ਤੇ ਤਸਵੀਰਾਂ ਲੁਹਾ ਕੇ ਅਸੀਂ ਕਹਾਣੀਕਾਰ ਮਿਤਰ ਗੁਰਮੀਤ ਕੜਿਆਲਵੀ ਤੋਂ ਇਜਾਜ਼ਤ ਲੈ ਕੇ ਫਿਰ ਚਾਲੇ ਪਾ ਦਿੱਤੇ।

ਤਲਵੰਡੀ ਭਾਈ ਕਦੋਂ ਪਿੱਛੇ ਰਹਿ ਗਿਆ ਸੀ ਇਸ ਦਾ ਪਤਾ ਹੀ ਨਾ ਚੱਲਿਆ ਤੇ ਕਾਰ ਹੁਣ ਕਸਬਾ ਮੁੱਦਕੀ ਕੋਲ਼ ਦੀ ਲੰਘ ਰਹੀ ਸੀ। ਇਹ ਓਹੀ ਮੁੱਦਕੀ ਸੀ ਜਿੱਥੇ ਮੈਨੂੰ ਸੁਰਤ ਆਈ ਸੀ, ਮੈਂ ਤੁਰਨਾ ਸਿਖਿਆ ਸੀ, ਬੋਲਣਾ ਸਿਖਿਆ ਸੀ ਤੇ ਪਹਿਲੀ ਵਾਰ ਕਿਸੇ ਸਕੂਲ ਵਿਚ ਕਦਮ ਰੱਖੇ ਸਨ। ਮੈਨੂੰ ਮੇਰੇ ਚੇਤਿਆਂ ਵਿਚ ਵਸੀ ਹਵੇਲੀ ਯਾਦ ਆ ਰਹੀ ਸੀ- ਲਾਲਾ ਹਰਬਿਲਾਸ ਦੀ ਹਵੇਲੀ! ਅੱਜ ਤੋਂ ਡੇਢ ਦਹਾਕਾ ਪਹਿਲਾਂ ਵੀ ਮੈਂ ਹਵੇਲੀ ਵੇਖਣ ਆਇਆ ਸਾਂ ਪਰ ਨਿਰਾਸ ਮੁੜ ਗਿਆ ਸਾਂ। ਕਾਰ ਦਾ ਸਟੇਰਿੰਗ ਮੇਰੇ ਹੱਥ ਸੀ ਤੇ ਮੈਂ ਕਾਰ ਵਾਪਸ ਮੁੱਦਕੀ ਨੂੰ ਮੋੜ ਲਈ। ਪਹਿਲਾਂ ਵਾਂਗ ਹੀ ਅੱਗੇ ਜਾ ਕੇ ਟੀ ਪੁਆਇੰਟ ਤੋਂ ਕਾਰ ਵਿਚੋਂ ਅਸੀਂ ਸਾਰੇ ਹੀ ਬਾਹਰ ਆ ਗਏ। ਆਸੇ ਪਾਸੇ ਦੇ ਘਰ ਮਹਾਜਨਾਂ ਦੇ ਹੀ ਜਾਪ ਰਹੇ ਸਨ। ਪਿਛਲੀ ਵਾਰ ਇੱਥੋਂ ਹੀ ਕਿਸੇ ਤੋਂ ਬਿਨਾਂ ਪੁੱਛੇ ਵਾਪਸ ਮੁੜ ਗਏ ਸਾਂ। ਇਕ ਪੈਂਹਟ ਸੱਤਰ ਸਾਲ ਦਾ ਬਨੈਣ ਤੇ ਕਮੀਜ਼ ਪਾਈ ਕਲੀਨ ਸ਼ੇਵ ਬੰਦਾ ਕੋਲ ਦੀ ਲੰਘਣ ਲੱਗਿਆ ਤਾਂ ਮੈਂ ਪੁੱਛਿਆ,'ਲਾਲਾ ਹਰਬਿਲਾਸ ਦੀ ਹਵੇਲੀ ਕਿੱਥੇ ਹੈ?' ਉਸ ਨੇ ਸਾਨੂੰ ਗਹੁ ਨਾਲ ਵੇਖਿਆ ਤੇ ਜਵਾਬ ਦਿੱਤਾ,'ਉਹ ਤਾਂ ਹੁਣ ਇੱਥੇ ਨਹੀਂ ਰਹਿੰਦੇ।'

'ਅਸੀਂ ਤਾਂ ਹਵੇਲੀ ਹੀ ਵੇਖਣੀ ਹੈ।' ਮੈਂ ਕਿਹਾ ਤਾਂ ਉਹ ਸਾਡੇ ਮੂਹਰੇ ਤੁਰ ਪਿਆ, ਸੱਜੇ ਹੱਥ ਥੋੜ੍ਹਾ ਜਿਹਾ ਅੱਗੇ ਜਾ ਕੇ ਛੇ ਛੇ ਫੁੱਟ ਉੱਚੀ ਚਾਰ ਦਿਵਾਰੀ ਵੱਲ ਇਸ਼ਾਰਾ ਕਰਕੇ ਬੋਲਿਆ ਕਿ ਉਹ ਹਵੇਲੀ ਤਾਂ ਇੱਥੇ ਹੁੰਦੀ ਸੀ।

ਮੈਨੂੰ ਨਿਰਾਸ਼ਾ ਹੋਈ। ਹਵੇਲੀ ਦਾ ਤਾਂ ਨਾਮੋ ਨਿਸ਼ਾਨ ਹੀ ਨਹੀਂ ਸੀ। ਹਵੇਲੀ ਵਾਲੀ ਥਾਂ ਦੇ ਨਾਲ ਹੀ ਅੱਗੇ ਖੁੱਲ੍ਹਾ ਥਾਂ ਸੀ। ਇਸ ਸਾਰੇ ਥਾਂ 'ਤੇ ਵੀ ਗਲ਼ੀਆਂ ਵਾਂਗ ਇੰਟਰਲਾਕਿੰਗ ਟਾਇਲਾਂ ਲੱਗੀਆਂ ਹੋਈਆਂ ਸਨ। ਇਕ ਪਿੱਪਲ਼ ਦੇ ਦੁਆਲ਼ੇ ਪੱਕਾ ਥੜ੍ਹਾ ਬਣਿਆ ਹੋਇਆ ਸੀ। ਪਿੱਪਲ਼ ਤੋਂ ਅੱਗੇ ਖੂਹ ਦੀ ਨਿਸ਼ਾਨੀ ਸੰਭਾਲ਼ੀ ਹੋਈ ਸੀ। ਓਥੇ ਖੜ੍ਹੇ ਨੇ ਜਦੋਂ ਮੈਂ ਪੂਰਬ ਵੱਲ ਨਿਗ੍ਹਾ ਮਾਰੀ ਤਾਂ ਸਾਹਮਣੇ ਕਿਸੇ ਘਰ ਦਾ ਲੋਹੇ ਦਾ ਗੇਟ ਨਜ਼ਰੀਂ ਪਿਆ ਜੋ ਬੰਦ ਸੀ। ਓਸੇ ਵਕਤ ਮੈਨੂੰ ਸੁੱਖਾ ਯਾਦ ਆ ਗਿਆ।

'ਇੱਥੇ ਸੁੱਖੇ ਕਾ ਘਰ ਹੁੰਦਾ ਸੀ?' ਮੈਂ ਉਸ ਨੂੰ ਪੁੱਛਿਆ।

'ਉਹ ਸਾਹਮਣੇ ਹੀ ਹੈ...' ਉਸ ਨੇ ਦੱਸਿਆ। ਮੇਰਾ ਅੰਦਾਜ਼ਾ ਸਹੀ ਸੀ।

'ਪਰ ਉਹ ਵੀ ਹੁਣ ਇੱਥੇ ਨਹੀਂ ਰਹਿੰਦੇ, ਅਗਾਂਹ ਰਹਿੰਦੇ ਹਨ। ਆਓ ਮੈਂ ਲੈ ਚੱਲਦਾ ਹਾਂ। ਉਸ ਨੇ ਕਿਹਾ ਤੇ ਸਾਡੇ ਮੂਹਰੇ ਤੁਰ ਪਿਆ। ਕਾਰ ਮੈਂ ਓਥੇ ਪਿੱਪਲ ਅਤੇ ਖੂਹ ਦੇ ਵਿਚਕਾਰ ਖਾਲੀ ਥਾਂ 'ਤੇ ਹੀ ਖੜ੍ਹੀ ਰਹਿਣ ਦਿੱਤੀ। ਉਤਰ ਪੱਛਮ ਵੱਲ ਜਾਂਦੀ ਇਸ ਗਲ਼ੀ ਦੇ ਸੱਜੇ ਹੱਥ ਇਕ ਪਾਰਕ ਨਜ਼ਰ ਆਇਆ। ਸਾਰੇ ਘਰ ਪੱਕੇ ਸਨ, ਗਲ਼ੀਆਂ ਵਿਚ ਪੱਕੀਆਂ ਟਾਇਲਾਂ ਲੱਗੀਆਂ ਹੋਈਆਂ ਸਨ। ਸਾਡਾ ਰਾਹ ਦਸੇਰਾ ਅੱਗੇ ਜਾ ਕੇ ਸੱਜੇ ਹੱਥ ਇਕ ਖੁੱਲ੍ਹੇ ਵਿਹੜੇ ਵਾਲੀ ਕੋਠੀ ਵਿਚ ਗਿਆ ਤੇ ਉਹਨਾਂ ਤੋਂ ਕੁੱਝ ਪੁੱਛ ਕੇ ਵਾਪਸ ਮੁੜ ਆਇਆ ਤੇ ਫਿਰ ਅੱਗੇ ਚੱਲ ਪਿਆ। ਇਸੇ ਪਾਸੇ ਇਕ ਘਰ ਛੱਡ ਕੇ ਉਹ ਅਗਲੇ ਘਰ ਜਾ ਵੜਿਆ। ਅਸੀਂ ਗਲ਼ੀ ਵਿਚ ਖੱਬੇ ਪਾਸੇ ਵਾਲੇ ਮਕਾਨ ਦੀ ਕੰਧ ਦੀ ਛਾਂ ਵਿਚ ਖਲੋਤੇ ਰਹੇ। ਕੁਝ ਦੇਰ ਬਾਅਦ ਉਹ ਇਸ ਕੋਠੀ ਵਿਚੋਂ ਇਕ ਆਦਮੀ ਨੂੰ ਨਾਲ ਲਈ ਆਉਂਦਾ ਨਜ਼ਰ ਆਇਆ। ਉਸ ਦੇ ਨਾਲ ਆਉਣ ਵਾਲਾ ਕਾਲੀ ਦਾੜ੍ਹੀ ਤੇ ਲੰਮੇ ਕੱਦ ਦਾ ਬੰਦਾ ਸੀ। ਉਸ ਦੀ ਢਿੱਲੀ ਜਿਹੀ ਚਾਲ ਵੇਖ ਮੇਰੀ ਸੁਰਤੀ ਬਚਪਨ ਵਿਚ ਚਲੀ ਗਈ, ਮੈਂ ਜਾਣ ਗਿਆ ਸੀ ਕਿ ਇਹ ਤਾਂ ਸੁੱਖਾ ਹੀ ਹੈ।

ਅਸੀਂ ਜੱਫੀ ਪਾ ਕੇ ਮਿਲੇ ਤੇ ਕੋਠੀ ਦੇ ਡਰਾਇੰਗ ਰੂਮ ਵਿਚ ਆ ਬੈਠੇ। ਸੁੱਖੇ ਦੇ ਸੱਜਰੀ ਕਲਫ ਲੱਗੀ ਹੋਈ ਸੀ ਤੇ ਸਿਰ 'ਤੇ ਉਸ ਨੇ ਚਿੱਟਾ ਸਾਫਾ ਬੰਨ੍ਹਿਆ ਹੋਇਆ ਸੀ। ਉਸ ਨੂੰ ਹੈਰਾਨੀ

ਭਰਿਆ ਚਾਅ ਚੜ੍ਹਿਆ ਹੋਇਆ ਸੀ। ਮੈਨੂੰ ਤਾਂ ਪਹਿਲਾਂ ਧੁੜਕੂ ਸੀ ਕਿ ਹੋ ਸਕਦਾ ਹੈ ਉਹ ਮੈਨੂੰ ਭੁੱਲ ਗਿਆ ਹੋਵੇਗਾ ਪਰ ਉਸ ਨੂੰ ਤਾਂ ਸਾਡੇ ਬਾਰੇ ਅਨੇਕਾਂ ਗੱਲਾਂ ਯਾਦ ਸਨ। ਉਸ ਨੇ ਦੱਸਿਆ ਕਿ ਉਸ ਤੋਂ ਛੋਟਾ ਭਰਾ ਪੱਪੂ ਦੋ ਕੁ ਮਹੀਨੇ ਪਹਿਲਾਂ ਹੀ ਸੂਰੇਵਾਲੇ ਹੱਡੀਆਂ ਜੋੜਾਂ ਦੇ ਮਾਹਰ ਮੰਨੇ ਜਾਂਦੇ ਮਿਸਤਰੀ ਭਰਾਵਾਂ ਕੋਲ ਕਿਸੇ ਯਾਰ ਦੋਸਤ ਨੂੰ ਲੈ ਕੇ ਗਿਆ ਸੀ। ਉਹਨਾਂ ਤੋਂ ਉਸ ਨੇ ਤੇਰੇ ਬਾਰੇ ਪੁੱਛਿਆ ਸੀ ਤੇ ਉਹਨਾਂ ਦੱਸਿਆ ਸੀ ਕਿ ਉਹ ਤਾਂ ਹੁਣ ਮੁਕਤਸਰ ਹੀ ਰਹਿਣ ਲੱਗ ਪਏ ਹਨ ਤੇ ਉਸ ਦੇ ਮਾਤਾ ਪਿਤਾ ਦੀ ਬਹੁਤ ਦੇਰ ਪਹਿਲਾਂ ਮੌਤ ਹੋ ਗਈ ਸੀ। ਉਹ ਦੱਸਦੇ ਸਨ ਕਿ ਇਸੇ ਫਿਰਨੀ 'ਤੇ ਥੋੜ੍ਹੀ ਅੱਗੇ ਉਸ ਦੀ ਕੋਠੀ ਸੀ।

ਮੇਰੇ ਤਾਂ ਇਹ ਵੀ ਯਾਦ ਨਹੀਂ ਸੀ ਕਿ ਸੁੱਖੇ ਦੇ ਕੋਈ ਹੋਰ ਭੈਣ ਭਰਾ ਵੀ ਸਨ। ਇਸ ਸੰਬੰਧੀ ਕਦੇ ਬੀਬੀ ਨਾਲ ਵੀ ਗੱਲ ਨਹੀਂ ਸੀ ਹੋਈ। ਸੁੱਖੇ ਨੇ ਦੱਸਿਆ ਕਿ ਉਸ ਤੋਂ ਛੋਟੇ ਦੋ ਭਰਾ ਹਨ ਤੇ ਇਕ ਭੈਣ ਹੈ ਜੋ ਉਸ ਤੋਂ ਚਾਰ ਸਾਲ ਵੱਡੀ ਹੈ। ਪਿਤਾ ਕਰਤਾਰ ਸਿੰਘ ਨੰਬਰਦਾਰ ਸੀ ਤੇ ਪਿਛਲੇ ਸਾਲ ਹੀ ਉਹਨਾਂ ਦੀ ਮੌਤ ਹੋਈ ਹੈ। ਵੱਡਾ ਪੁੱਤ ਹੋਣ ਦੇ ਨਾਤੇ ਨੰਬਰਦਾਰੀ ਹੁਣ ਉਸ ਕੋਲ ਹੈ। ਅੱਜ ਕੱਲ ਉਹ ਸੁਖਦੀਪ ਸਿੰਘ ਨੰਬਰਦਾਰ ਹੈ ਤੇ ਗੋਤ ਉਹਨਾਂ ਦਾ ਬਰਾੜ ਹੈ। ਮਾਤਾ ਜਿੰਦਾ ਹੈ ਪਰ ਮੰਜਾ ਮੱਲੀ ਪਈ ਹੈ। ਭੈਣ ਵੀ ਕੱਲ੍ਹ ਦੀ ਪਤਾ ਲੈਣ ਆਈ ਹੋਈ ਹੈ।

'ਪੱਪੂ ਨੂੰ ਵੀ ਸੱਦ ਲੈਂਦੇ ਹਾਂ।' ਉਸ ਨੇ ਕਿਹਾ ਤੇ ਫੋਨ ਮਿਲਾਉਣ ਲੱਗ ਪਿਆ। ਅਗਲੇ ਪਲ ਹੀ ਇਕ ਉੱਚਾ ਲੰਮਾ ਪਤਲਾ ਕਾਲ਼ੀ ਚਿੱਟੀ ਖੁੱਲ੍ਹੀ ਦਾੜ੍ਹੀ ਵਾਲਾ ਬੰਦਾ ਸਾਡੇ ਸਾਹਮਣੇ ਸੀ । ਉਹ ਜਸਵਿੰਦਰ ਸਿੰਘ ਉਰਫ ਪੱਪੂ ਹੀ ਸੀ। ਉਹ ਵੀ ਸਾਨੂੰ ਮਿਲ ਕੇ ਬਹੁਤ ਖੁਸ਼ ਹੋਇਆ ਤੇ ਉਸ ਨੇ ਸਾਡੇ ਪਿੰਡ ਜਾਣ ਦਾ ਸਾਰਾ ਵਾਕਿਆ ਸੁਣਾ ਦਿੱਤਾ।

'ਸਾਥੋਂ ਗ਼ਲਤੀ ਇਹ ਹੋ ਗਈ ਸੀ ਕਿ ਅਸੀਂ ਉਹਨਾਂ ਤੋਂ ਤੇਰਾ ਨੰਬਰ ਲੈਣਾ ਭੁੱਲ ਗਏ।' ਪੱਪੂ ਨੇ ਦੱਸਿਆ। ਉਹ ਵੀ ਖੁਸ਼ ਅਤੇ ਹੈਰਾਨ ਹੋ ਰਿਹਾ ਸੀ ਕਿ ਜਿਸ ਬੰਦੇ ਬਾਰੇ ਉਹ ਜਾਣਕਾਰੀ ਲੈਣੀ ਚਾਹੁੰਦੇ ਸਨ ਉਹ ਆਪ ਹੀ ਉਹਨਾਂ ਦੇ ਘਰ ਆ ਪਹੁੰਚਾ ਸੀ। ਸ਼ਾਇਦ ਏਸੇ ਨੂੰ ਹੀ ਕਹਿੰਦੇ ਹਨ ਕਿ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਆ। ਸੁਖਦੀਪ ਸਿੰਘ ਘੱਟ ਬੋਲਦਾ ਸੀ ਤੇ ਹੁਣ ਬਹੁਤੀਆਂ ਗੱਲਾਂ ਜਸਵਿੰਦਰ ਹੀ ਕਰ ਰਿਹਾ ਸੀ।

'ਅਸੀਂ ਤਾਂ ਤਹਾਨੂੰ ਬਹੁਤ ਯਾਦ ਕਰਦੇ ਰਹਿੰਦੇ ਹਾਂ। ਮੇਰੀ ਬੇਬੇ ਤੇ ਭੈਣ ਦੱਸਦੀਆਂ ਹੁੰਦੀਆਂ ਐ ਬਈ ਮੈਨੂੰ ਤਾਂ ਤੇਰੀ ਬੀਬੀ ਗੋਦੀ ਚੁੱਕ ਕੇ ਹਵੇਲੀ ਲੈ ਜਾਂਦੀ ਸੀ ਤੇ ਮੈਂ ਓਥੇ ਖੇਡਦਾ ਰਹਿੰਦਾ ਸੀ।' ਜਸਵਿੰਦਰ ਨੇ ਦੱਸਿਆ।

'ਆਪਾਂ ਸਕੂਲ ਵੀ ਇਕੱਠੇ ਹੀ ਜਾਂਦੇ ਸੀ ਤੇ ਇਕੱਠੇ ਹੀ ਆਉਂਦੇ ਸੀ...' ਫਿਰ ਸੁੱਖਾ ਵੀ ਖੁੱਲ੍ਹ ਗਿਆ ਤੇ ਉਹ ਦੱਸਣ ਲੱਗਿਆ-

'ਮੈਂ ਤਾਂ ਟਰੈਕਟਰ 'ਤੇ ਤੁਹਾਡਾ ਸਮਾਨ ਵੀ ਰਖਾਇਆ ਸੀ। ਤੇਰੇ ਕੋਲ਼ ਤਿੰਨ ਪਹੀਆਂ ਵਾਲਾ ਹਰੇ ਰੰਗ ਦਾ ਸਾਈਕਲ ਹੁੰਦਾ ਸੀ। ਸਾਈਕਲ ਚੁੱਕ ਕੇ ਮੈਂ ਹੀ ਟਰਾਲੀ ਵਿਚ ਰੱਖਿਆ ਸੀ ਤੇ ਫੇਰ ਮੈਂ ਤੁਹਾਨੂੰ ਤੋਰਨ ਵੀ ਗਿਆ ਸੀ, ਅੱਡੇ ਤੋਂ ਮੁੜ ਕੇ ਆਇਆ ਸੀ।'

ਮੇਰੇ ਤਾਂ ਸਿਰਫ ਉਸ ਦਾ ਇਕ ਨਾਂ ਹੀ ਯਾਦ ਸੀ ਪਰ ਉਸ ਦੇ ਤਾਂ ਬਹੁਤ ਸਾਰੀਆਂ ਗੱਲਾਂ ਯਾਦ ਸਨ। ਮਾਨਖੇੜਾ ਸਾਡੀਆਂ ਗੱਲਾਂ ਕਰਦਿਆਂ ਦੀਆਂ ਮੋਬਾਈਲ ਨਾਲ ਤਸਵੀਰਾਂ ਖਿੱਚਦਾ ਰਿਹਾ।

'ਆ ਜੋ ਮਾਤਾ ਨੂੰ ਵੀ ਮਿਲ ਹੀ ਲਵੋ, ਨਾਲੇ ਭੈਣ ਵੀ ਆਈ ਹੈ।' ਜਸਵਿੰਦਰ ਨੇ ਕਿਹਾ ਤਾਂ ਮੈਂ ਤੇ ਸੁਖਦੀਪ ਉਸ ਦੇ ਪਿੱਛੇ ਤੁਰ ਪਏ। ਨਾਲ ਦੀ ਕੋਠੀ ਉਹਨਾਂ ਦੇ ਛੋਟੇ ਭਰਾ ਦੀ ਸੀ ਤੇ ਵਿਚਕਾਰਲੀ ਕੰਧ ਵਿਚਲੇ ਰਸਤੇ ਰਾਹੀਂ ਉਸ ਕੋਠੀ ਵਿਚ ਦਾਖਲ ਹੋਏ। ਮਾਤਾ ਦਾ ਮੰਜਾ ਲੌਬੀ ਵਿਚ ਹੀ ਡਹਿਆ ਹੋਇਆ ਸੀ ਤੇ ਉਹਨਾਂ ਦੀ ਵੱਡੀ ਭੈਣ ਉਸ ਦੇ ਸਰ੍ਹਾਣੇ ਖੜ੍ਹੀ ਸੀ ਤੇ ਛੋਟਾ ਭਰਾ

ਪੈਂਦ ਵਾਲੇ ਪਾਸੇ ਸੀ। ਉਹਨਾਂ ਨੂੰ ਮੇਰੀ ਆਮਦ ਦਾ ਪਤਾ ਲੱਗ ਗਿਆ ਸੀ। ਮੈਨੂੰ ਵੇਖ ਕੇ ਮਾਤਾ ਦੇ ਚਿਹਰੇ ਉਪਰ ਮਾਮੂਲੀ ਜਿਹੀ ਮੁਸਕਰਾਹਟ ਆਈ, ਮੈਂ ਮਾਤਾ ਦੇ ਪੈਰਾਂ ਵੱਲ ਝੁਕਿਆ ਤਾਂ ਉਸ ਨੇ ਸੱਜੀ ਬਾਂਹ ਉਤਾਂਹ ਚੁੱਕ ਕੇ ਮੇਰੇ ਮੋਢੇ 'ਤੇ ਹੱਥ ਰੱਖ ਦਿੱਤਾ। ਮੈਂ ਭੈਣ ਨੂੰ ਵੀ ਸਤਿ ਸ੍ਰੀ ਅਕਾਲ ਬੁਲਾਈ ਤੇ ਛੋਟੇ ਭਰਾ ਨਾਲ ਹੱਥ ਮਿਲਾ ਕੇ ਉਸ ਪਲ ਵਾਪਸ ਮੁੜ ਪਿਆ। ਮਾਤਾ ਵਿਚਾਰੀ ਤਾਂ ਕੁੱਝ ਦਿਨਾਂ ਦੀ ਪ੍ਰਾਹੁਣੀ ਲੱਗ ਰਹੀ ਸੀ।

ਬਾਅਦ ਵਿਚ ਮੇਰੇ ਦਿਮਾਗ਼ ਵਿਚ ਆਇਆ ਕਿ ਪਏ ਬੰਦੇ ਦੇ ਪੈਰੀਂ ਹੱਥ ਨਹੀਂ ਲਾਈਦੇ ਹੁੰਦੇ, ਇਹ ਅਸ਼ੁਭ ਮੰਨਿਆ ਜਾਂਦਾ ਹੈ ਕਿਉਂਕਿ ਮਰੇ ਪਏ ਬੰਦੇ ਦੇ ਹੀ ਪੈਰੀਂ ਹੱਥ ਲਾਏ ਜਾਂਦੇ ਹਨ। ਜੇ ਇਹ ਪਰਿਵਾਰ ਵੀ ਅੰਧਵਿਸ਼ਵਾਸੀ ਹੋਇਆ ਤਾਂ? ਪਰ ਹੁਣ ਤਾਂ ਕੁੱਝ ਹੋ ਨਹੀਂ ਸਕਦਾ ਸੀ।

'ਚਲੋ ਤਹਾਨੂੰ ਪੁਰਾਣਾ ਘਰ ਵੀ ਵਿਖਾ ਦੇਈਏ,' ਜਸਵਿੰਦਰ ਨੇ ਕਿਹਾ। ਸਾਡੀ ਗੱਡੀ ਓਥੇ ਹੀ ਤਾਂ ਖੜ੍ਹੀ ਸੀ। ਦੋਨੇ ਭਰਾ ਸਾਡੇ ਨਾਲ ਤੁਰ ਪਏ। ਲੋਹੇ ਦਾ ਗੇਟ ਖੋਲ੍ਹਿਆ ਗਿਆ। ਬਾਰ ਦੇ ਨਾਲ ਹੀ ਅੱਗੇ ਸੱਜੇ ਹੱਥ ਛੋਟੇ ਛੋਟੇ ਟੁਆਇਲਟ ਬਾਥ ਰੂਮ ਅਲੱਗ ਅਲੱਗ ਬਣੇ ਹੋਏ ਸਨ। ਸਾਹਮਣੇ ਤਿੰਨ ਚਾਰ ਪੱਕੇ ਕਮਰੇ ਜਾਂ ਸਵਾਤਾਂ ਸਨ। ਵਿਹੜਾ ਸਾਰਾ ਹੀ ਕੱਚਾ ਸੀ। ਡੇਢ ਦੋ ਕਨਾਲਾਂ ਦਾ ਖੁੱਲ੍ਹਾ ਘਰ ਸੀ। ਬਾਰ ਤੋਂ ਦਸ ਕੁ ਫੁੱਟ ਅਗਾਂਹ ਇਕ ਪੱਕੀ ਥੜ੍ਹੀ ਬਣੀ ਨਜ਼ਰ ਆਈ।

ਜਸਵਿੰਦਰ ਬੜੇ ਉਤਸ਼ਾਹ ਵਿਚ ਹੰਢੇ ਹੋਏ ਗਾਈਡ ਵਾਂਗ ਜਾਣਕਾਰੀ ਦੇਣ ਲੱਗਾ-

'ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ ਇੱਥੋਂ ਸ਼ੁਰੂ ਹੋਈ ਸੀ। ਆਹ ਨਾਲ ਦੇ ਘਰ ਮਿਸਤਰੀਆਂ ਦੇ ਹਨ, ਇੱਥੇ ਛੋਟਾ ਜਿਹਾ ਪੱਕੀਆਂ ਇੱਟਾਂ ਦਾ ਕਿਲ੍ਹਾ ਹੁੰਦਾ ਸੀ। ਇਸ ਕਿਲ੍ਹੇ ਵਿਚ ਅੰਗਰੇਜ਼ ਫੌਜ ਠਹਿਰੀ ਹੋਈ ਸੀ। ਮਿਸਤਰੀਆਂ ਨੇ ਕਿਲ੍ਹਾ ਢਾਹ ਕੇ ਆਪਣੇ ਥਾਂ ਵਿਚ ਰਲਾ ਲਿਆ ਹੈ। ਆਪਣੇ ਵਿਹੜੇ ਵਿਚ ਆਹ ਜਿਹੜੀ ਪੱਕੀ ਥੜ੍ਹੀ ਹੈ ਨਾ, ਇਹ ਮੇਜਰ ਜਨਰਲ ਸਰ ਰੋਬਰਟ ਸੇਲ ਦੀ ਕਬਰ ਹੈ। ਇਸ ਥਾਂ 'ਤੇ ਉਹ ਲੜਾਈ ਵਿਚ ਮਾਰਿਆ ਗਿਆ ਸੀ। ਇਹ ਕਬਰ ਨਿੱਕੀਆਂ ਇੱਟਾਂ ਦੀ ਬਣੀ ਹੋਈ ਹੈ। ਆਪਾਂ ਇਸ ਦੇ ਉੱਤੇ ਖੇਡਦੇ ਰਹੇ ਹਾਂ। ਇਕ ਵਾਰ ਇਸ ਦੇ ਉੱਤੇ ਸਰ ਉੱਗ ਆਏ ਸਨ ਤਾਂ ਬਾਪੂ ਨੇ ਸਰ ਵੱਢ ਕੇ ਇਸ ਦੇ ਆਲ਼ੇ ਦੁਆਲ਼ੇ ਪੱਕੀਆਂ ਇੱਟਾਂ ਲਾ ਕੇ ਪਲੱਸਤਰ ਕਰਵਾ ਦਿੱਤਾ ਸੀ...।

ਘਰ ਆ ਕੇ ਨੈੱਟ ਤੋਂ ਮੁੱਦਕੀ ਦੀ ਲੜਾਈ ਬਾਰੇ ਹੋਰ ਜਾਣਕਾਰੀ ਹਾਸਲ ਕੀਤੀ ਤੇ ਮੇਜਰ ਜਨਰਲ ਸਰ ਰੋਬਰਟ ਸੇਲ ਬਾਰੇ ਵੀ ਸਰਚ ਕੀਤੀ। ਜਸਵਿੰਦਰ ਦਵਾਰਾ ਦਿੱਤੀ ਗਈ ਜਾਣਕਾਰੀ ਬਿਲਕੁਲ ਠੀਕ ਸੀ। ਇਸ ਜਰਨੈਲ ਦਾ ਪੂਰਾ ਨਾਂ ਮੇਜਰ ਜਨਰਲ ਸਰ ਰੋਬਰਟ ਹੈਨਰੀ ਸੇਲ ਸੀ ਜਿਸ ਨੂੰ ਫਾਈਟਿੰਗ ਬੋਬ ਕਿਹਾ ਜਾਂਦਾ ਸੀ। ਉਹ ਅਠਾਰਾਂ ਦਸੰਬਰ ਵਾਲੇ ਦਿਨ ਮੁੱਦਕੀ ਤੋਂ ਸ਼ੁਰੂ ਹੋਈ ਜੰਗ ਦੇ ਪਹਿਲੇ ਦਿਨ ਹੀ ਸਖਤ ਜ਼ਖਮੀ ਹੋ ਗਿਆ ਸੀ ਤੇ ਇਕੀ ਦਸੰਬਰ ਨੂੰ ਉਸ ਦੀ ਮੌਤ ਹੋ ਗਈ ਸੀ। ਉਸ ਦੀ ਯਾਦ ਵਿਚ 1951 ਵਿਚ ਆਸਟਰੇਲੀਆ ਦੀ ਵਿਕਟੋਰੀਆ ਸਟੇਟ ਦੇ ਇਕ ਸ਼ਹਿਰ ਦਾ ਨਾਂ ਉਸ ਦੇ ਨਾਂ ਉਪਰ 'ਸੇਲ' ਰੱਖਿਆ ਗਿਆ।

ਜਸਵਿੰਦਰ ਫਿਰ ਦੱਸਣ ਲੱਗਿਆ-

'ਆਹ ਬਾਹਰਲੇ ਬਾਰ ਦੀ ਕੰਧ ਨਾਲ ਬਣੀ ਕਬਰ ਸਰ ਜੌਹਨ ਮੈਕਗਾਸਕਲ ਦੀ ਹੈ ਤੇ ਆਹ ਨਾਲ ਦੀ ਕਬਰ ਬਰਗੇਡੀਅਰ ਬੁਲਟਨ ਦੀ ਹੈ। ਇੱਥੇ ਸਾਡੀ ਖੁਰਲੀ ਹੁੰਦੀ ਸੀ...।'

ਨਿੱਕੀਆਂ ਇੱਟਾਂ ਦੀਆਂ ਬਣੀਆਂ ਕਬਰਾਂ ਦੀਆਂ ਹੁਣ ਇੱਟਾਂ ਉਖੜੀਆਂ ਪਈਆਂ ਸਨ। ਸੁਖਦੀਪ ਚੁੱਪ ਚਾਪ ਵਿਹੜੇ ਵਿਚ ਚੱਕਰ ਕੱਢ ਰਿਹਾ ਸੀ ਤੇ ਜਸਵਿੰਦਰ ਸਾਨੂੰ ਫਿਰ ਦੱਸਣ ਲੱਗਿਆ-

'ਜੀਂਦ ਰਿਆਸਤ ਦਾ ਰਾਜਾ ਗਜਪਤ ਮੁੱਦਕੀ ਵਿਆਹਿਆ ਹੋਇਆ ਸੀ। ਉਸ ਦੀ ਘਰ ਵਾਲੀ ਦਾ ਨਾਂ ਸਲੱਖੋਂ ਸੀ। ਇਹ ਪਿੰਡ ਉਸ ਦੀ ਰਿਆਸਤ ਦਾ ਹੀ ਹਿੱਸਾ ਸੀ। ਇੱਥੇ ਜਿਹੜਾ

ਛੋਟਾ ਜਿਹਾ ਕਿਲ੍ਹਾ ਸੀ, ਉਹ ਵੀ ਉਸ ਨੇ ਹੀ ਬਣਾਇਆ ਹੋਇਆ ਸੀ। ਉਸ ਕਿਲ੍ਹੇ ਵਿਚ ਹੀ ਅੰਗਰੇਜ਼ ਫੌਜ ਠਹਿਰੀ ਹੋਈ ਸੀ। ਕਈ ਵਾਰ ਅੰਗਰੇਜ਼ ਅਫ਼ਸਰ ਹੁਣ ਵੀ ਇਹਨਾਂ ਕਬਰਾਂ ਨੂੰ ਵੇਖਣ ਆ ਜਾਂਦੇ ਹਨ। ਉਹ ਕਬਰਾਂ 'ਤੇ ਸਿਜਦਾ ਕਰਦੇ ਹਨ ਤੇ ਸਾਡੇ ਤੋਂ ਮੁਆਫੀ ਮੰਗਦੇ ਹਨ ਕਿ ਅਸੀਂ ਭਾਰਤੀਆਂ 'ਤੇ ਜ਼ੁਲਮ ਕਰਦੇ ਰਹੇ ਹਾਂ...।'

ਮੈਂ ਵਿਹੜੇ ਵਿਚ ਖੜ੍ਹਾ ਸੋਚ ਰਿਹਾ ਸੀ ਕਿ ਕੀ ਇਹ ਉਹੀ ਮਿੱਟੀ ਹੈ ਜਿਸ ਵਿਚ ਮੈਂ ਖੇਡਦਾ ਰਿਹਾ ਹਾਂ? ਉਹ ਮਿੱਟੀ ਤਾਂ ਕਿੱਧਰੇ ਉੱਡ ਗਈ ਹੋਵੇਗੀ! ਉੱਡ ਕੇ ਕਿੱਥੇ ਗਈ ਹੋਵੇਗੀ? ਇੱਥੇ ਆਸੇ ਪਾਸੇ ਹੀ ਉੱਡੀ ਹੋਵੇਗੀ ਤੇ ਫਿਰ ਏਥੇ ਆ ਗਈ ਹੋਵੇਗੀ। ਹਾਂ ਇਹ ਉਹੀ ਮਿੱਟੀ ਹੈ ਜਿੱਥੇ ਅੰਗਰੇਜ਼ਾਂ ਅਤੇ ਸਿੱਖ ਸੈਨਿਕਾਂ ਦਾ ਖੂਨ ਡੁੱਲ੍ਹਿਆ ਸੀ। ਕਬਰਾਂ ਵੇਖ ਕੇ ਤਾਂ ਲੱਗਦਾ ਹੈ ਕਿ ਇੱਥੇ ਤਾਂ ਅੰਗਰੇਜਾਂ ਦਾ ਹੀ ਖੂਨ ਡੁਲ੍ਹਿਆ ਸੀ! ਖੂਨ ਚਾਹੇ ਸਿੱਖਾਂ ਦਾ ਸੀ ਚਾਹੇ ਅੰਗਰੇਜ਼ਾਂ ਦਾ, ਪਰ ਖੂਨ ਤਾਂ ਖੂਨ ਹੀ ਸੀ! ਮਨੁੱਖਾਂ ਦਾ ਖੂਨ-ਲਾਲ ਰੰਗ ਦਾ ਖੂਨ! ਮੈਨੂੰ ਹੁਣ ਵੀ ਜਾਪ ਰਿਹਾ ਸੀ ਜਿਵੇਂ ਇਹ ਮਿੱਟੀ ਲਾਲ ਰੰਗ ਦੀ ਭਾਅ ਮਾਰ ਰਹੀ ਹੋਵੇ! ਜਦੋਂ ਮੈਂ ਤੁਰਨਾ ਸਿੱਖਿਆ ਸੀ ਤਾਂ ਮੇਰੇ ਪੈਰ ਲਾਲ ਰੰਗ ਦੀ ਭਾਅ ਮਾਰਨ ਵਾਲੀ ਮਿੱਟੀ 'ਤੇ ਤੁਰਦੇ ਰਹੇ ਸਨ ਤੇ ਮੇਜਰ ਜਨਰਲ ਸਰ ਰੋਬਰਟ ਜੋਹਨ ਸੇਲ ਦੀ ਕਬਰ 'ਤੇ ਵੀ ਮੇਰੇ ਪੈਰ ਟਿਕਦੇ ਰਹੇ ਹਨ!

ਕਿੰਨੀ ਵੱਡੀ ਇਤਿਹਾਸਕ ਥਾਂ 'ਤੇ ਮੈਂ ਚੱਲਣਾ ਤੇ ਖੇਡਣਾ ਸਿਖਿਆ! ਸਾਰੀ ਜ਼ਿੰਦਗੀ ਮੈਨੂੰ ਇਸ ਗੱਲ ਦਾ ਪਤਾ ਹੀ ਨਹੀਂ ਚੱਲਿਆ।

ਉਦਾਸੇ ਜਿਹੇ ਮਨਾਂ ਨਾਲ ਅਸੀਂ ਘਰੋਂ ਨਿਕਲੇ ਤੇ ਫਿਰ ਖੁੱਲ੍ਹੀ ਥਾਂ ਵਿਚ ਆ ਗਏ ਜਿੱਥੇ ਕਾਰ ਖੜ੍ਹੀ ਸੀ। ਮੈਂ ਕਾਰ ਦੀ ਡਰਾਈਵਰ ਵਾਲੀ ਬਾਰੀ ਖੋਲ੍ਹ ਲਈ ਪਰ ਜਾਣ ਨੂੰ ਅਜੇ ਦਿਲ ਨਹੀਂ ਸੀ ਮੰਨ ਰਿਹਾ। ਪਚਵੰਜਾ ਸਾਲਾਂ ਬਾਅਦ ਮੈਂ ਇਸ ਥਾਂ 'ਤੇ ਆਇਆ ਸਾਂ ਤੇ ਇਹ ਓਹੀ ਥਾਂ ਸੀ ਜਿੱਥੇ ਕਦੇ ਪੱਥਕਣ ਹੁੰਦੀ ਸੀ, ਗੀਰ੍ਹੇ ਹੁੰਦੇ ਸਨ ਤੇ ਇਨਾਂ ਗੀਰ੍ਹਿਆਂ ਅਤੇ ਪਥੱਕਣਾਂ ਵਿਚ ਇਕ ਟੁੱਟਿਆ ਜਿਹਾ ਲੱਕੜ ਦਾ ਸੰਦੂਕ ਪਿਆ ਹੁੰਦਾ ਸੀ ਤੇ....।

ਤੇ ਮੈਂ ਹੁਣ ਓਥੇ ਹੀ ਖੜ੍ਹਾ ਸੀ ਜਿੱਥੇ ਲੱਕੜ ਦਾ ਟੁੱਟਿਆ ਸੰਦੂਕ ਪਿਆ ਹੁੰਦਾ ਸੀ। ਉਹ ਹਾਣਣ ਕੁੜੀ ਹੁਣ ਕਿੱਥੇ ਹੋਵੇਗੀ? ਉਹ ਤਾਂ ਅਕਸਰ ਹੀ ਇੱਥੇ ਆਪਣੇ ਪੇਕੇ ਪਿੰਡ ਆਉਂਦੀ ਹੋਊ? ਉਹ ਵੀ ਹੁਣ ਤਾਂ ਦਾਦੀ ਅੰਮਾਂ ਬਣ ਗਈ ਹੋਵੇਗੀ! ਕੀ ਉਸ ਦੇ ਵੀ ਇਹ ਸੰਦੂਕ ਵਾਲੀ ਘਟਨਾ ਯਾਦ ਹੋਵੇਗੀ? ਜਿਵੇਂ ਮੈਂ ਉਸ ਦਾ ਨਾਂ ਭੁੱਲ ਗਿਆ ਹਾਂ ਤੇ ਕੀ ਉਹ ਵੀ ਮੇਰਾ ਨਾਂ ਭੁੱਲ ਗਈ ਹੋਵੇਗੀ? ਵਕਤ ਦਾ ਪਹੀਆ ਕਿੰਨਾ ਅੱਗੇ ਘੁੰਮ ਗਿਆ ਹੈ!

ਜਸਵਿੰਦਰ ਨੇ ਮੇਰੀ ਬਿਰਤੀ ਭੰਗ ਕਰ ਦਿੱਤੀ, ਉਹ ਉੱਤਰ ਵੱਲ ਹੱਥ ਦਾ ਇਸ਼ਾਰਾ ਕਰ ਕੇ ਦੱਸ ਰਿਹਾ ਸੀ,

'ਇੱਥੇ ਵੱਡਾ ਸਾਰਾ ਛੱਪੜ ਹੁੰਦਾ ਸੀ। ਇਸੇ ਛੱਪੜ ਨੂੰ ਸ਼ਾਹ ਮੁਹੰਮਦ ਨੇ ਖੱਡ ਲਿਖਿਆ ਹੈ- ਓਥੇ ਭਰੀ ਸੀ ਪਾਣੀ ਦੀ ਖੱਡ ਮੀਆਂ।' 000

(ਸੁਰੇਵਾਲੀਆ ਕੰਪਲੈਕਸ, ਬਠਿੰਡਾ ਰੋਡ ਬਾਈਪਾਸ. ਮੁਕਤਸਰ - 152 026
harjinder.surewalia@yahoo.com ; ਫੋਨ: 95010-50016)

ਖ਼ੂਨੀ ਵਿਸਾਖੀ: ਇਤਿਹਾਸਕ ਅਤੇ ਮਾਨਵੀ ਸਰੋਕਾਰ

ਹਰਿਭਜਨ ਸਿੰਘ ਭਾਟੀਆ

ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਾਨਕ ਸਿੰਘ (4 ਜੁਲਾਈ 1897- 28 ਦਸੰਬਰ 1971) ਦਾ ਯੋਗਦਾਨ ਮੋਢੀ ਅਤੇ ਪ੍ਰਥਮਕਾਰ (Pioneer) ਲੇਖਕ ਵਾਲਾ ਹੈ। ਉਹ ਬਹੁਪੱਖੀ ਪ੍ਰਤਿਭਾ ਦਾ ਸਵਾਮੀ ਲੇਖਕ ਸੀ। ਨਾਨਕ ਸਿੰਘ ਜਿਸ ਨੇ ਇਕ ਤੋਂ ਵਧੇਰੇ ਖੇਤਰਾਂ ਵਿਚ ਪਹਿਲਕਦਮੀਆਂ ਕੀਤੀਆਂ ਅਤੇ ਆਪਣਾ ਯਾਦਗਾਰੀ ਯੋਗਦਾਨ ਪਾਇਆ। ਉਸ ਦਾ ਸਥਾਪਤ, ਪ੍ਰਵਾਨਤ ਅਤੇ ਲੋਕਪ੍ਰਿਯ ਬਿੰਬ ਇਕ ਗਲਪਕਾਰ ਜਾਂ ਨਾਵਲਕਾਰ ਦਾ ਹੈ। ਨਿਰਸੰਦੇਹ ਜੀਵਨ-ਅਨੁਭਵ ਦੀ ਪੇਸ਼ਕਾਰੀ, ਰੂਪ ਚੇਤਨਾ ਅਤੇ ਮਾਨਵੀ, ਲੋਕ-ਪੱਖੀ ਤੇ ਇਹ-ਲੌਕਿਕ ਜੀਵਨ ਨਜ਼ਰੀਏ ਨਾਲ ਉਸ ਨੇ ਨਾਵਲ ਰਚਨਾ ਕਰ ਕੇ ਗਿਣਾਤਕ ਅਤੇ ਗੁਣਾਤਮਕ ਪੱਖ ਤੋਂ ਵੱਡਾ ਯੋਗਦਾਨ ਪਾਇਆ। ਉਸਦੀ ਗਲਪ ਰਚਨਾ ਦੇ ਇਨ੍ਹਾਂ ਗੁਣਾਂ ਕਰਕੇ ਹੀ ਉਸ ਨੂੰ ਸਹੀ ਅਰਥਾਂ ਵਿਚ 'ਪੰਜਾਬੀ ਨਾਵਲ ਦਾ ਪਿਤਾਮਾ' ਦਾ ਖ਼ਿਤਾਬ ਹਾਸਲ ਹੋਇਆ। ਉਸ ਦੀ ਗਲਪ-ਰਚਨਾ ਦੇ ਰਚਨਾਤਮਕ ਗੁਣਾਂ ਦੀ ਗੌਰਵਤਾ ਕਰਕੇ ਉਸ ਦੇ ਸਮਕਾਲੀ ਅਤੇ ਉੱਤਰਕਾਲੀ ਲੇਖਕਾਂ ਨੇ ਉਸ ਦਾ ਪ੍ਰਭਾਵ ਕਬੂਲਿਆ। ਉਹ ਖ਼ੁਦ ਜਨ-ਜੀਵਨ ਦੇ ਅਤਿ ਕਰੀਬ ਵਿਚਰਿਆ ਅਤੇ ਉਸਨੇ ਪੰਜਾਬੀ ਬੰਦੇ ਨੂੰ ਧਾਰਮਿਕ ਦਾਇਰੇ ਅਤੇ ਸੰਪਰਦਾਇਕ ਦ੍ਰਿਸ਼ਟੀ ਵਿਚੋਂ ਕੱਢ ਕੇ ਰੋਜ਼ਮੱਰਾ ਜੀਵਨ, ਲੌਕਿਕ ਦ੍ਰਿਸ਼ਟੀ ਅਤੇ ਮਾਨਵੀ ਮੁੱਲਾਂ ਦੇ ਅਤਿ ਨਜ਼ਦੀਕ ਲੈ ਆਂਦਾ। ਪਿਆਰ, ਰੁਮਾਂਸ ਅਤੇ ਤ੍ਰਾਸਦੀ ਨੂੰ ਜੁਗਤ ਵਜੋਂ ਵਰਤਦੇ ਹੋਏ ਉਹ ਲੋਕ ਹਿਰਦਿਆਂ ਦੇ ਧੁਰ ਤਕ ਲਹਿ ਗਿਆ। ਪੰਜਾਬੀ ਬੰਦੇ ਦੇ ਹੱਥ ਵਿਚ ਕਿਤਾਬ ਦੇਣ ਵਾਲਾ ਉਹ ਪਹਿਲਾ ਅਦੀਬ ਸੀ ਅਤੇ ਬਹੁਤ ਸਾਰੇ ਪਾਠਕਾਂ ਨੇ ਤਾਂ ਉਸਦੀ ਰਚਨਾ ਨਾਲ ਨਾਤਾ ਜੋੜਨ ਹਿਤ ਹੀ ਗੁਰਮੁਖੀ ਲਿੱਪੀ ਅਤੇ ਪੰਜਾਬੀ ਭਾਸ਼ਾ ਸਿੱਖੀ। ਉਸਦੀ ਸਮਾਜ-ਪੱਖੀ ਰਚਨਾ ਨੇ ਪੰਜਾਬੀਆਂ ਨੂੰ ਆਪਣੀ ਤਾਕਤ ਦਾ ਸਿੱਕਾ ਮੰਨਵਾਇਆ।

ਆਪਣੀ ਗਲਪ ਰਚਨਾ ਵਿਚ ਉਸ ਨੇ ਆਪਣੇ ਸਮਕਾਲੀ ਸਮਾਜ ਦੀ ਹਰ ਭੈੜ ਬਾਰੇ ਜੁਰੱਅਤ ਨਾਲ ਕਲਮ ਚਲਾਈ ਅਤੇ ਸਾਹਿਤ ਅੰਦਰਲੇ ਸਦੀਵੀ ਤੱਤ ਨੂੰ ਵੀ ਮਨੋਂ ਨਾ ਵਿਸਾਰਿਆ। ਉਹ ਅਦਬ ਦੀ ਮੂਲ ਧੁਨ (ਮਾਨਵੀ ਸਰੋਕਾਰ ਤੇ ਨਾਬਰੀ) ਨੂੰ ਖ਼ੂਬ ਪਛਾਣਦਾ ਸੀ ਅਤੇ ਆਪਣੀ ਲਿਖਤ ਰਾਹੀਂ ਪੰਜਾਬੀ ਬੰਦੇ ਨੂੰ ਇਨਸਾਨੀਅਤ ਦਾ ਦਰਸ ਦੇਣਾ ਲੋਚਦਾ ਸੀ, ਹਰ ਪ੍ਰਕਾਰ ਦੀ ਸੰਕੀਰਣਤਾ ਤੋਂ ਮੁਕਤ ਕਰਕੇ। ਉਸਦੀ ਗਲਪ ਰਚਨਾ ਦੀ ਘੋਖ ਕਰਨ ਵਾਲੇ ਚਿੰਤਕਾਂ ਨੇ ਉਪਭਾਵੁਕਤਾ ਨੂੰ ਉਸ ਦੀ ਰਚਨਾ ਦੀ ਕਮਜ਼ੋਰੀ ਦੱਸਿਆ ਅਤੇ ਨਾਲ ਹੀ ਉਸ ਦੀ ਦ੍ਰਿਸ਼ਟੀ ਨੂੰ ਮੱਧਵਰਗੀ ਸੁਧਾਰਵਾਦੀ ਆਦਰਸ਼ਵਾਦੀ ਗਰਦਾਨਿਆ। ਉਹਨਾਂ ਦਾ ਇਹ ਵੀ ਦੋਸ਼ ਸੀ ਕਿ ਨਾਨਕ ਸਿੰਘ ਪਾਤਰਾਂ ਦੇ ਸੁਧਾਰ ਤਕ ਤਾਂ ਪਹੁੰਚਦਾ ਹੈ ਪਰੰਤੂ ਸੰਕਟ ਨੂੰ ਪੈਦਾ ਕਰਨ ਵਾਲੀਆਂ ਪਰਿਸਥਿਤੀਆਂ ਅਤੇ ਉਨ੍ਹਾਂ ਨੂੰ ਬਦਲਣ ਦੀ ਆਵੱਸ਼ਕਤਾ ਉਸਦੀ ਪਹੁੰਚ ਦੇ ਘੇਰੇ ਵਿਚੋਂ ਬਾਹਰ ਹੀ ਰਹਿ ਜਾਂਦੀ ਹੈ। ਦੋਸ਼ਾਂ 'ਤੇ ਉਂਗਲਾਂ ਧਰਨ ਦੇ ਬਾਵਜੂਦ ਕੋਈ ਵੀ ਚਿੰਤਕ ਉਸ ਦੀ ਦੇਣ ਤੋਂ ਮੁਨਕਰ ਨਹੀਂ ਹੋ ਸਕਿਆ। ਇਸੇ ਪ੍ਰਸੰਗ ਵਿਚ ਮੈਨੂੰ ਡਾ. ਹਰਿਭਜਨ ਸਿੰਘ ਦਾ ਇਹ ਕਥਨ ਬਹੁਤ ਪ੍ਰਸੰਗਕ ਜਾਪਦਾ ਹੈ ਕਿ:'ਨਾਨਕ ਸਿੰਘ ਨੂੰ... ਪੰਜਾਬੀ ਪਾਠਕਾਂ ਨੇ ਰੱਜ-ਰੱਜ ਕੇ ਹੰਢਾਇਆ ਹੈ, ਭਾਵੇਂ ਉਸ ਨੂੰ ਪੂਰੀ ਤਰ੍ਹਾਂ ਗੌਲ਼ਿਆ ਨਹੀਂ। ਮੈਂ ਸਮਝਦਾ ਹਾਂ ਇਹ ਵੀ ਚੰਗਾ ਹੀ ਹੋਇਆ। ਪੰਜਾਬੀ ਵਿਚ ਬਹੁਤੇ ਲੇਖਕ ਅਜਿਹੇ ਹਨ ਜੋ ਗੌਲ਼ੇ ਜਾਂਦੇ ਹਨ, ਹੰਢਾਏ ਨਹੀਂ ਜਾਂਦੇ' *(ਨਾਨਕ ਸਿੰਘ ਅਭਿਨੰਦਨ ਗ੍ਰੰਥ, ਪੰਨਾ 57)।*

ਨਾਨਕ ਸਿੰਘ ਦਾ ਜੀਵਨ ਅਨੁਭਵ, ਰੂਪ ਦ੍ਰਿਸ਼ਟੀ ਅਤੇ ਜੀਵਨ ਨਜ਼ਰੀਆ ਅੱਜੋਕੀਆਂ

ਬਦਲੀਆਂ ਪਰਿਸਥਿਤੀਆਂ ਵਿਚ ਨਿੱਠ ਕੇ ਮੁੜ ਗੌਲ਼ੇ ਜਾਣ ਦੀ ਮੰਗ ਕਰਦੇ ਹਨ।

(1)

ਨਾਨਕ ਸਿੰਘ ਦੀ ਨਾਵਲਕਾਰੀ ਦਾ ਸਫ਼ਰ 'ਮਤਰੇਈ ਮਾਂ' (1924) ਤੋਂ ਆਰੰਭ ਹੋ ਕੇ 'ਗਗਨ ਦਮਾਮਾ ਬਾਜਿਆ' (1967) ਤਕ ਫੈਲਿਆ। ਇਨ੍ਹਾਂ ਦੋ ਸਿਰਿਆਂ ਦੇ ਵਿਚ-ਵਿਚਾਲੇ ਉਸ ਤਿੰਨ ਦਰਜਨ ਨਾਵਲਾਂ ਦੀ ਰਚਨਾ ਕੀਤੀ। ਭਾਰਤੀ ਸਾਹਿਤ ਅਕਾਦਮੀ ਦਿੱਲੀ ਨੇ 1961 ਵਿਚ ਉਸ ਦੇ ਨਾਵਲ 'ਇਕ ਮਿਆਨ ਦੋ ਤਲਵਾਰਾਂ' (1960) ਉੱਪਰ ਰਾਸ਼ਟਰੀ ਪੁਰਸਕਾਰ ਦੇ ਕੇ ਉਸ ਨੂੰ ਪੰਜਾਬੀ ਦਾ ਮਕਬੂਲ ਅਤੇ ਗੌਲਣਯੋਗ ਨਾਵਲਕਾਰ ਮੰਨਿਆ। ਨਾਨਕ ਸਿੰਘ ਤਾਂ ਬਹੁਪੱਖੀ ਤੇ ਬਹੁਪਾਸਾਰੀ ਪ੍ਰਤਿਭਾ ਵਾਲਾ ਲੇਖਕ ਸੀ ਅਤੇ ਬਤੌਰ ਨਾਵਲਕਾਰ ਉਸ ਦੇ ਬਿੰਬ ਦੀ ਲਿਸ਼ਕੋਰ ਹੇਠ ਉਸ ਦੀ ਆਪਣੀ ਹੀ ਪ੍ਰਤਿਭਾ ਦੇ ਦੂਸਰੇ ਰੰਗ ਮੱਧਮ ਜਾਂ ਅਣਪਛਾਤੇ ਹੀ ਰਹਿ ਗਏ। ਨਾਵਲਕਾਰ ਵਜੋਂ ਅਦਬੀ ਮੰਚ ਉੱਪਰ ਪ੍ਰਵੇਸ਼ ਤੋਂ ਪਹਿਲਾਂ ਉਹ ਸ਼ਾਇਰ ਵਜੋਂ ਪੰਜਾਬੀ ਪਾਠਕਾਂ ਵਿਚ ਖਾਸਾ ਆਦਰਯੋਗ ਸਥਾਨ ਹਾਸਲ ਕਰ ਚੁੱਕਾ ਸੀ। ਸੀਹਰਫ਼ੀ ਹੰਸ ਰਾਜ ਤੋਂ ਆਰੰਭ ਕਰ ਕੇ ਉਸ 'ਸਤਿਗੁਰ ਮਹਿਮਾ', 'ਖ਼ੂਨੀ ਵਿਸਾਖੀ' (1920), 'ਜ਼ਖ਼ਮੀ ਦਿਲ' (1923), 'ਗੁਰਕੀਰਤ' ਜਿਹੀਆਂ ਮਕਬੂਲ ਰਚਨਾਵਾਂ ਦੀ ਸਿਰਜਣਾ ਕੀਤੀ। ਇੰਝ ਹੀ ਨਾਨਕ ਸਿੰਘ ਦਾ ਪੂਰਾ ਨਾਟਕ 'ਬੀ.ਏ. ਪਾਸ' 1944 ਵਿਚ ਪ੍ਰਕਾਸ਼ਤ ਹੋਇਆ ਅਤੇ ਪ੍ਰਕਾਸ਼ਨ ਤੋਂ ਵੀ ਦੋ ਵਰ੍ਹੇ ਪਹਿਲਾਂ ਇਸ ਨਾਟਕ ਨੂੰ ਮੰਚ ਉੱਪਰ ਪੇਸ਼ ਕੀਤਾ ਗਿਆ। ਪੁਸਤਕ 'ਨਾਨਕ ਸਿੰਘ ਦਾ ਸੰਪੂਰਨ ਨਾਟ-ਸੰਗ੍ਰਹਿ' (2012) ਵਿਚ ਦਰਜ ਨਾਨਕ ਸਿੰਘ ਦੇ ਹੀ ਕਥਨ ਤੋਂ ਇਹ ਜਾਣਕਾਰੀ ਵੀ ਹਾਸਲ ਹੁੰਦੀ ਹੈ ਕਿ "ਇਸ ਤੋਂ ਬਾਅਦ (ਬੀ.ਏ. ਪਾਸ) ਮੈਂ ਸਮੇਂ-ਸਮੇਂ ਕਈ ਹੋਰ ਡਰਾਮੇ ਤੇ ਇਕਾਂਗੀ 'ਵਰ੍ਹੇਗੰਢ', 'ਚੌੜ ਚਾਨਣ', 'ਪੜ੍ਹਾਕੂ ਦੀ ਵਹੁਟੀ', 'ਦੇਸੀ ਸ਼ਰਾਬ', 'ਚਾਰ ਸੌ ਵੀਹ', 'ਬੇਰੁਜ਼ਗਾਰੀ', 'ਸ਼ੇਖ ਚਿਲੀ', 'ਖੜਪੈਂਚ', 'ਧੋਬੀ ਦਾ ਕੁੱਤਾ' ਆਦਿ ਲਿਖੇ ਤੇ ਸਟੇਜ ਕਰਾਂਦਾ ਰਿਹਾ" (ਪੰਨਾ 17)। ਇੰਝ ਹੀ ਨਾਵਲ ਰਚਨਾ ਦੇ ਦੌਰਾਨ ਹੀ ਉਸ ਦੀ ਸਵੈ-ਜੀਵਨੀ 'ਮੇਰੀ ਦੁਨੀਆਂ' (1949) ਵੀ ਸਾਹਮਣੇ ਆਈ। ਉਸ ਦੀ ਕਹਾਣੀ ਰਚਨਾ, ਅਨੁਵਾਦਤ ਰਚਨਾਵਾਂ ਅਤੇ ਨਿਬੰਧ ਲਿਖਣ ਦਾ ਕਾਰਜ ਵੀ ਲਗਪਗ ਅਣਗੌਲ਼ਿਆ ਹੈ। ਸੰਖੇਪ ਵਿਚ ਬਤੌਰ ਨਾਵਲਕਾਰ ਉਸ ਦਾ ਬਿੰਬ ਏਨਾ ਵੱਡਾ ਅਤੇ ਪ੍ਰਭਾਵਸ਼ਾਲੀ ਸੀ ਕਿ ਉਸ ਦੀ ਸ਼ਖ਼ਸੀਅਤ ਦੇ ਬਾਕੀ ਪਾਸਾਰ ਇਸੇ ਹੇਠ ਹੀ ਜੇਕਰ ਲੋਪ ਨਹੀਂ ਹੋਏ ਤਾਂ ਮੱਧਮ ਜ਼ਰੂਰ ਪੈ ਗਏ। ਲੇਖਕ ਵਜੋਂ ਨਾਨਕ ਸਿੰਘ ਦੀ ਰਚਨਾਤਮਕ ਸ਼ਖ਼ਸੀਅਤ ਨੂੰ ਸਮੁੱਚਤਾ ਵਿਚ ਸਮਝਣ ਲਈ ਉਸ ਦੀ ਰਚਨਾਕਾਰੀ ਦੇ ਹਰ ਤੱਤ ਨੂੰ ਦੂਸਰੇ ਨਾਲ ਜੀਵੰਤ ਰਿਸ਼ਤੇ ਵਿਚ ਬੰਨ੍ਹ ਕੇ ਵੇਖਣ ਦੀ ਜ਼ਰੂਰਤ ਹੈ। ਹੱਥਲਾ ਮਜ਼ਮੂਨ ਸ਼ਾਇਰ ਨਾਨਕ ਸਿੰਘ ਦੀ ਯਾਦਗਾਰੀ ਅਤੇ ਇਤਿਹਾਸਕ ਰਚਨਾ 'ਖ਼ੂਨੀ ਵਿਸਾਖੀ' ਵਿਚਲੇ ਇਤਿਹਾਸਕ ਅਤੇ ਮਾਨਵੀ ਸਰੋਕਾਰਾਂ ਦੀ ਪਛਾਣ ਤਕ ਸੀਮਤ ਹੈ।

(2)

ਅਦਬੀ ਦੁਨੀਆਂ ਵਿਚ ਵੱਡੀਆਂ ਪੁਲਾਂਘਾਂ ਪੁੱਟਣ ਤੋਂ ਪਹਿਲਾਂ ਨਾਨਕ ਸਿੰਘ ਨੇ ਆਪਣਾ ਅਦਬੀ ਸਫ਼ਰ ਤੁਕਬੰਦੀ/ਸ਼ਾਇਰੀ ਤੋਂ ਹੀ ਆਰੰਭ ਕੀਤਾ। ਉਸ ਦਾ ਜਨਮ ਇਕ ਗ਼ਰੀਬ ਹਿੰਦੂ ਪਰਿਵਾਰ ਵਿਚ ਜਿਹਲਮ (ਹੁਣ ਪਾਕਿਸਤਾਨ ਵਿਚ) ਵਿਚ ਹੋਇਆ ਅਤੇ ਉਸ ਦਾ ਨਾਂ ਹੰਸ ਰਾਜ ਸੀ। ਸਿੱਖ ਧਰਮ ਦੇ ਪ੍ਰਭਾਵ ਹੇਠ ਉਹ ਹੰਸ ਰਾਜ ਤੋਂ ਨਾਨਕ ਸਿੰਘ ਬਣਿਆ। ਗ਼ਰੀਬੀ ਤੇ ਮੁਫਲਸੀ ਦੇ ਦੌਰ ਨੇ ਉਸ ਨੂੰ ਰਸਮੀ ਵਿਦਿਆ ਹਾਸਲ ਕਰਨ ਤੋਂ ਹੋੜਿਆ (ਸਕੂਲ ਵਿਚ ਬੈਠਣ ਦਾ ਸੁਭਾਗ ਮੈਨੂੰ ਚਹੁੰ ਪੰਜਾਂ ਵਰ੍ਹਿਆਂ ਤੋਂ ਵੱਧ ਨਹੀਂ ਸੀ ਪ੍ਰਾਪਤ ਹੋਇਆ -ਨਾਨਕ ਸਿੰਘ)। ਮੁਫ਼ਲਸੀ ਉਸਦੀ ਹੌਸਲਾ-ਸ਼ਿਕਨੀ ਨਾ ਕਰ ਸਕੀ। ਪੜ੍ਹਨ-ਲਿਖਣ ਦੇ ਬੇਓੜਕ ਸ਼ੌਕ ਤੇ ਬੇਪਨਾਹ ਰੀਝ ਨੇ ਉਸ ਲਈ ਜ਼ਿੰਦਗੀ ਦਾ ਨਵਾਂ ਰਾਹ ਖੋਲ੍ਹਿਆ। ਇੰਝ ਜ਼ਿੰਦਗੀ ਨੇ ਹੀ ਉਸ ਲਈ ਖ਼ੂਬਸੂਰਤ ਪੁਸਤਕ

ਦਾ ਰੂਪ ਧਾਰ ਲਿਆ ਅਤੇ ਉਸ ਸਿੱਖ ਧਰਮ ਵਿਚ ਵਾਪਰੇ ਹਾਦਸਿਆਂ ਅਤੇ ਆਪਣੇ ਤਲਖ਼-ਤੁਰਸ਼ ਤਜਰਬਿਆਂ ਬਾਰੇ ਤੁਕਬੰਦੀ ਕਰਨੀ ਆਰੰਭ ਕਰ ਦਿੱਤੀ। ਇਤਿਹਾਸਕ ਘਟਨਾਵਾਂ ਬਾਰੇ ਤੁਕਬੰਦੀ ਕਰਨ, ਧਾਰਮਿਕ ਭਗਤੀ-ਭਾਵ ਦੇ ਗੀਤ ਲਿਖਣ ਅਤੇ ਸਿੱਖਾਂ ਅੰਦਰ ਸਿੱਖੀ ਦਾ ਜਜ਼ਬਾ ਭਰਨ ਤੇ ਉਨ੍ਹਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਨਾਲ ਜੋੜਨ ਰਾਹੀਂ ਹੀ ਉਹ ਆਪਣੇ ਤਬਕੇ ਵਿਚ 'ਨਿਕਚੂ ਸ਼ਾਇਰ' ਦੇ ਲਕਬ ਨਾਲ ਮਸ਼ਹੂਰ ਹੋ ਗਿਆ। ਇਸੇ ਗੁਣ ਕਰਕੇ ਹੀ ਉਸ ਨੂੰ ਯਾਰਾਂ ਦੀ ਮਹਿਫ਼ਲ ਵਿਚ ਰੂਹੇ-ਰਵਾਂ ਸਮਝਿਆ ਜਾਣ ਲੱਗਾ। ਅਦਬੀ ਦੁਨੀਆਂ ਵਿਚ ਤੁਕਬੰਦੀ ਜਾਂ ਬੈਂਤ-ਬਾਜ਼ੀ (ਜਿਸ ਨੂੰ ਉਸ ਜ਼ਮਾਨੇ ਵਿਚ ਕਵਿਤਾ ਸਮਝਿਆ ਜਾਂਦਾ ਸੀ) ਰਾਹੀਂ ਪ੍ਰਵੇਸ਼ ਸਮੇਂ ਦੀ ਯਾਦ ਨੂੰ ਉਸ ਨੇ ਆਪਣੀ ਸਵੈ-ਜੀਵਨੀ ਵਿਚ ਵੀ ਦਰਜ ਕੀਤਾ ਹੈ :

ਕਾਫ਼ ਕਿਥੋਂ ਲਿਆਵਾਂ ਮੈਂ ਬੈਂਤ ਚੋਂਦੇ,
ਜਦ ਕਿ ਖ਼ੂਨ ਵਿਚ ਮੇਰੀ ਜ਼ਬਾਨ ਚੋਂਦਾ।
ਤੇਰੇ ਜਿਹੇ ਖੁਸ਼-ਬਖ਼ਤ ਕੀ ਸਾਰ ਜਾਣਨ,
ਕਿਵੇਂ ਅੱਖੀਆਂ ਥਾਣੀਂ ਇਨਸਾਨ ਚੋਂਦਾ।
ਜਾ ਕੇ ਪੁੱਛ ਨਸੀਬ ਦੇ ਮਾਰਿਆਂ ਨੂੰ,
ਹੇਠੋਂ ਧਰਤ ਤੇ ਉੱਤੇ ਅਸਮਾਨ ਚੋਂਦਾ।
ਨਾ ਪੁੱਛ ਹਾਲ ਤੂੰ 'ਹੰਸ' ਦੁਖਿਆਰੜੇ ਦਾ,
ਜਿੱਥੇ ਮੈਂ ਸੌਂਦਾ ਉਹ ਮਕਾਨ ਚੋਂਦਾ।

ਇੰਝ ਹੀ ਮੁੱਢਲਾ ਬੈਂਤ-ਬਾਜ਼ੀ ਦਾ ਦੌਰ ਸ਼ਬਦ-ਕਲੋਲਾਂ ਤਕ ਸੀਮਿਤ ਸੀ ਜਿਸ ਵਿਚ ਕਿਧਰੇ ਕਿਧਰੇ ਨਿੱਜੀ ਪੀੜਾ ਤੇ ਦਰਦ (ਬਾਲ ਵਰੇਸੇ ਪਿਤਾ ਦੇ ਸਾਏ ਦਾ ਉੱਠ ਜਾਣਾ ਤੇ ਪਹਿਲੇ ਰੁਮਾਂਸ ਦੀ ਤ੍ਰਾਸਦਿਕ ਘਟਨਾ) ਦੀਆਂ ਮੱਧਮ ਧੁਨਾਂ ਸੁਣਾਈ ਦੇਂਦੀਆਂ ਹਨ। ਏਥੋਂ ਹੀ ਉਹ ਧਾਰਮਿਕ ਗੀਤਾਂ ਵੱਲ ਮੋੜਾ ਕੱਟਦਾ ਹੈ ਅਤੇ 1918 ਵਿਚ ਗੁਰੂ ਸਾਹਿਬਾਨ ਦੀ ਮਹਿਮਾ ਨਾਲ ਭਰਪੂਰ ਰਚਨਾ 'ਸਤਿਗੁਰ ਮਹਿਮਾ' ਹੋਂਦ ਵਿਚ ਆਉਂਦੀ ਹੈ। ਇਹ ਮੋੜਾ ਨਿੱਜੀ ਪੀੜਾ ਦੀ ਪ੍ਰਸਤੁਤੀ ਤੋਂ ਧਾਰਮਿਕ ਸੁਧਾਰ ਵੱਲ ਹੈ। ਸ਼ਾਇਰੀ ਵਿਚ ਪੁਖ਼ਤਗੀ ਅਤੇ ਲੋਕ ਪ੍ਰਵਾਨਗੀ ਪਿੱਛੇ ਉਸਦੀ ਮਸ਼ਕ, ਅਨੁਭਵ ਅਤੇ ਲੋਕਪ੍ਰਿਯਤਾ ਵੱਡੀ ਭੂਮਿਕਾ ਅਦਾ ਕਰਦੇ ਹਨ। 'ਸਤਿਗੁਰ ਮਹਿਮਾ' ਦੇ ਧਾਰਮਿਕ ਗੀਤਾਂ ਵਿਚੋਂ ਕਿਧਰੇ ਕਿਧਰੇ ਦੇਸ਼ ਭਗਤੀ ਦੀਆਂ ਧੁਨਾਂ ਵੀ ਸੁਣਾਈ ਦੇਂਦੀਆਂ ਹਨ। ਸ਼ੁਰੂ ਸ਼ੁਰੂ ਵਿਚ ਸ਼ੁਹਰਤ ਦੀ ਬੁਲੰਦੀ ਉੱਪਰ ਲੇਖਕ ਇਸੇ ਰਚਨਾ ਰਾਹੀਂ ਹੀ ਅੱਪੜਦਾ ਹੈ। 'ਸੀਹਰਫੀ ਹੰਸ ਰਾਜ' ਰਾਹੀਂ ਬਾਰਾਂ ਵਰ੍ਹਿਆਂ (1909) ਦੀ ਅਲ੍ਹੜ ਆਯੂ ਤੋਂ ਬੈਂਤਬਾਜ਼ੀ ਜਾਂ ਤੁਕਬੰਦੀ ਦਾ ਆਰੰਭ ਹੋਇਆ ਉਸਦਾ ਕਾਵਿਕ ਸਫ਼ਰ ਧਾਰਮਿਕ ਗੀਤਾਂ ਦੀ ਰਚਨਾ 'ਸਤਿਗੁਰ ਮਹਿਮਾ' ਤਕ ਅੱਪੜਦਾ ਹੈ। ਨਾਨਕ ਸਿੰਘ ਦੀ ਉਸ ਜ਼ਮਾਨੇ ਦੀ ਸ਼ੁਹਰਤ ਅਤੇ ਲੋਕ ਪ੍ਰਵਾਨਗੀ ਨੂੰ ਅੰਕਤ ਕਰਦੇ ਹੋਏ ਡਾ. ਹਰਿਭਜਨ ਸਿੰਘ ਨੇ ਲਿਖਿਆ ਹੈ ਕਿ, "ਗੁਰੂ ਗ੍ਰੰਥ ਦੀ ਬਾਣੀ ਵਾਂਗ 'ਸਤਿਗੁਰ ਮਹਿਮਾ' ਦੀ ਅਬਾਣੀ ਦਾ ਸ਼ੁਮਾਰ ਵੀ 'ਸ਼ਬਦਾਂ' ਵਿਚ ਹੁੰਦਾ ਸੀ। ਨਾਨਕ ਸਿੰਘ ਨੂੰ ਕਿਸੇ ਯਾਰ੍ਹਵਾਂ ਗੁਰੂ ਮੰਨ ਕੇ ਮੱਥਾ ਤਾਂ ਨਹੀਂ ਟੇਕਿਆ ਪਰ ਉਸ ਦੇ ਸ਼ਬਦਾਂ ਦਾ ਆਦਰ ਉਹਨੀਂ ਦਿਨੀਂ ਮੈਂ ਬਾਣੀ ਵਾਂਗ ਹੁੰਦਿਆਂ ਹੀ ਵੇਖਿਆ ਹੈ।" (ਨਾਨਕ ਸਿੰਘ ਅਭਿਨੰਦਨ ਗ੍ਰੰਥ, ਪੰਨਾ 59)। ਇਸ ਰਚਨਾ ਨੇ ਉਸਨੂੰ ਸ਼ੁਹਰਤ ਅਤੇ ਆਦਰ ਹੀ ਨਹੀਂ ਦਿੱਤੀ ਬਲਕਿ ਉਸਦੇ ਜੀਵਨ ਵਿਚਲੀਆਂ ਬਹੁਤੀਆਂ ਆਰਥਿਕ ਦੁਸ਼ਵਾਰੀਆਂ ਨੂੰ ਵੀ ਚੋਖਾ ਘਟਾ ਦਿੱਤਾ। ਲੱਖਾਂ ਦੀ ਗਿਣਤੀ ਵਿਚ ਹੋਈ ਇਸ ਪੁਸਤਕ ਦੀ ਵਿਕਰੀ ਨੇ ਉਸਨੂੰ ਆਦਰ ਸਤਿਕਾਰ ਹੀ ਨਹੀਂ ਦਿਵਾਇਆ ਬਲਕਿ ਉਸਦੀ ਰਚਨਾ ਲਈ ਇਕ ਪਾਠਕ ਵਰਗ ਵੀ ਤਿਆਰ ਕਰ ਦਿੱਤਾ ਜਿਹੜਾ ਹਮੇਸ਼ਾ ਉਸਦੀ ਨਵੀਂ ਰਚਨਾ ਦੀ ਉਡੀਕ ਵਿਚ ਰਹਿੰਦਾ। ਸ਼ਾਇਰੀ ਦੇ ਇਹ ਦੋ ਪੜਾਅ ਪਾਰ ਕਰਦਾ ਕਰਦਾ ਲੇਖਕ ਸ਼ਬਦਾਂ ਨਾਲ ਤਸਵੀਰਾਂ

ਖਿੱਚਣ-ਬਣਾਉਣ ਦਾ ਮਾਹਰ ਹੋ ਚੁੱਕਾ ਸੀ। ਸ਼ਬਦਾਂ ਪਾਸੋਂ ਉਹ ਉਹੀ ਕੰਮ ਲੈਣਾ ਸਿੱਖ ਗਿਆ ਸੀ ਜੋ ਘੁਮਿਆਰ ਮਿੱਟੀ ਪਾਸੋਂ, ਮੂਰਤੀਕਾਰ ਪੱਥਰ ਪਾਸੋਂ ਅਤੇ ਚਿੱਤਰਕਾਰ ਰੰਗਾਂ ਪਾਸੋਂ ਲੈਂਦਾ ਹੈ। ਸ਼ਬਦਾਂ ਦੀ ਤਾਕਤ ਜਾਂ ਸ਼ਕਤੀ ਤੋਂ, ਆਪਣੀ ਮਸ਼ਕ ਸਦਕਾ, ਉਹ ਭਲੀਭਾਂਤ ਵਾਕਿਫ ਹੋ ਗਿਆ ਸੀ। 1919 ਵਿਚ ਵਾਪਰੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦੀ ਪੀੜਾ ਅਤੇ ਹੋਏ ਕਤਲੇਆਮ ਨੇ ਨਾਨਕ ਸਿੰਘ ਨੂੰ 'ਖ਼ੂਨੀ ਵਿਸਾਖੀ' (1920) ਵਰਗੀ ਦਿਲ ਨੂੰ ਛੂਹਣ ਵਾਲੀ ਰਚਨਾ ਲਈ ਮਜਬੂਰ ਕੀਤਾ। ਇਸ ਰਚਨਾ ਵਿਚਲੇ ਇਤਿਹਾਸਕ ਅਤੇ ਮਾਨਵੀ ਸਰੋਕਾਰਾਂ ਦੀ ਪਛਾਣ ਤੋਂ ਪਹਿਲਾਂ ਉਸ ਜ਼ਮਾਨੇ ਦੇ ਵਾਤਾਵਰਣ ਅਤੇ ਸਾਹਿਤਕ ਮਾਹੌਲ ਉਪਰ ਵੀ ਸਰਸਰੀ ਝਾਤ ਪਾਉਣੀ ਜ਼ਰੂਰੀ ਹੈ।

(3)

ਇਹ ਮੁਲਕ ਦੀ ਗੁਲਾਮੀ ਦਾ ਦੌਰ ਸੀ। ਅੰਗਰੇਜ਼ੀ ਹਕੂਮਤ ਲੋਕਾਂ ਦੀ ਅਨਪੜ੍ਹਤਾ ਅਤੇ ਹਿਮਾਕਤ ਦਾ ਪੂਰਾ ਫ਼ਾਇਦਾ ਉਠਾਉਂਦੀ ਹੋਈ 'ਪਾੜੋ ਅਤੇ ਰਾਜ ਕਰੋ' ਵਾਲੀ ਨੀਤੀ ਅਪਣਾਅ ਰਹੀ ਸੀ। ਇਨ੍ਹਾਂ ਚਾਲਾਂ ਦਾ ਸ਼ਿਕਾਰ ਫਿਰਕੇ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਵਿਚ ਵੰਡੇ ਗਏ ਸਨ। ਸਿੰਘ ਸਭਾ ਅਤੇ ਆਰੀਆ ਸਮਾਜ ਵਰਗੀਆਂ ਲਹਿਰਾਂ ਇਕ ਪਾਸੇ ਲੋਕਾਂ ਅੰਦਰ ਜਾਗ੍ਰਤੀ ਅਤੇ ਆਜ਼ਾਦੀ ਦੇ ਬੀਜ ਬੋਅ ਰਹੀਆਂ ਸਨ ਅਤੇ ਦੂਸਰੇ ਪਾਸੇ ਫ਼ਿਰਕਿਆਂ ਅੰਦਰ ਇਕ ਦੂਸਰੇ ਪ੍ਰਤੀ ਨਫ਼ਰਤ ਦੀ ਭਾਵਨਾ ਵੀ ਪਨਪਣ ਲੱਗੀ ਸੀ। ਸਮੁੱਚਾ ਮਾਹੌਲ ਚੋਖਾ ਵੈਰ-ਵਿਰੋਧ ਅਤੇ ਕਸ਼ੀਦਗੀ ਭਰਿਆ ਸੀ। ਇਹ ਮਾਹੌਲ ਨਾਨਕ ਸਿੰਘ ਵਰਗੇ ਨਵੇਂ ਬਣੇ ਸਿੱਖ ਅੰਦਰ ਅੰਨ੍ਹਾ ਤੇ ਬੇਪਨਾਹ ਜੋਸ਼ ਭਰ ਕੇ ਇਕ ਵਾਰ ਤਾਂ ਉਸ ਨੂੰ ਵੀ ਆਪਣੇ ਨਾਲ ਵਹਾਅ ਤੁਰਿਆ ਸੀ। ਪਰੰਤੂ ਇਕ-ਅੱਧ ਹਮਾਕਤ ਭਰੀ ਘਟਨਾ ਪਿੱਛੋਂ ਉਹ ਸਦੀਵੀ ਤੌਰ ਉਪਰ ਮਾਨਵੀ ਮੁੱਲਾਂ, ਸਰੋਕਾਰਾਂ ਅਤੇ ਕਦਰਾਂ-ਕੀਮਤਾਂ ਨੂੰ ਪਰਨਾਇਆ ਗਿਆ। ਅਦਬੀ ਦੁਨੀਆਂ ਵਿਚ ਇਹ ਸਮਾਂ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ ਅਤੇ ਧਨੀ ਰਾਮ ਚਾਤ੍ਰਿਕ ਦਾ ਸੀ। 1919 ਦੇ ਖ਼ੂਨੀ ਸਾਕੇ ਤੋਂ ਪਹਿਲਾਂ ਭਾਈ ਵੀਰ ਸਿੰਘ ਦਾ ਰਚਿਆ ਮਹਾਂਕਾਵਿ 'ਰਾਣਾ ਸੂਰਤ ਸਿੰਘ' (1905) ਪ੍ਰਕਾਸ਼ਿਤ ਹੋ ਚੁੱਕਾ ਸੀ। ਧਨੀ ਰਾਮ ਚਾਤ੍ਰਿਕ 'ਭਰਥਰੀ ਹਰੀ' (1905) ਅਤੇ 'ਨਲ ਦਮਿਅੰਤੀ' (1906) ਰਚ ਚੁੱਕਾ ਸੀ। ਭਾਈ ਵੀਰ ਸਿੰਘ ਦੇ ਮਹਾਂਕਾਵਿ ਦੀ ਮੂਲ ਸੁਰ ਰਹੱਸਮਈ ਸੀ ਅਤੇ ਉਹ ਜੀਵਨ-ਮੌਤ ਦੇ ਰਹੱਸ ਨੂੰ ਖੋਲ੍ਹਣ ਵਿਚ ਮਸਰੂਫ ਸੀ। ਕੁਦਰਤ ਦੀ ਖਿੱਚ, ਖੇੜਾ, ਕੁਦਰਤ ਦੇ ਕਾਦਰ ਦੇ ਜਲਵੇ ਅਤੇ ਕਵਿਤਾ ਦੀ ਸੁੰਦਰਤਾ ਦੇ ਉੱਚੇ ਨਸ਼ੱਤਰੀਂ ਵਸਣ ਦੀ ਬਾਤ ਉਸਦੇ ਚੇਤਨ-ਅਵਚੇਤਨ ਤਕ ਧਸੀ ਹੋਈ ਸੀ। ਰਾਜਸੀ ਅਤੇ ਸਮਾਜਕ ਮਸਲੇ ਉਸਦੀ ਕਾਵਿ ਸੰਵੇਦਨਾ ਦਾ ਹਿੱਸਾ ਨਹੀਂ ਸਨ ਬਣ ਰਹੇ। 'ਚੰਦਨਵਾੜੀ' (1931) ਦੇ ਪ੍ਰਕਾਸ਼ਨ ਤੋਂ ਪਹਿਲਾਂ ਧਨੀ ਰਾਮ ਚਾਤ੍ਰਿਕ ਵੀ ਹਿੰਦੂ ਧਰਮ ਦੇ ਪੌਰਾਣਕ ਅਤੇ ਮਿਥਿਹਾਸਕ ਵਿਰਸੇ ਦੀ ਫਰੋਲਾ-ਫਰਾਲੀ ਵਿਚ ਵਿਅਸਤ ਸੀ। ਗਦਰ ਲਹਿਰ, ਕਲਕੱਤੇ ਦੀ 'ਕਵੀ ਕੁਟੀਆ', ਜਲ੍ਹਿਆਂ ਵਾਲੇ ਬਾਗ ਦੇ ਸਾਕੇ, ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਲਹਿਰ ਆਦਿ ਨੇ ਬਹੁਤ ਸਾਰੀ ਧਾਰਮਿਕ, ਰਾਸ਼ਟਰੀ ਚੇਤਨਾ ਭਰਪੂਰ ਅਤੇ ਜੁਝਾਰੂ ਭਾਂਤ ਦੀ ਸ਼ਾਇਰੀ ਨੂੰ ਜਨਮ ਦਿੱਤਾ। ਹੀਰਾ ਸਿੰਘ ਦਰਦ (11 ਫਰਵਰੀ 1887 ਤੋਂ 22 ਜੂਨ 1965), ਗੁਰਮੁਖ ਸਿੰਘ ਮੁਸਾਫਿਰ (15 ਜਨਵਰੀ 1899 ਤੋਂ 18 ਜਨਵਰੀ 1976), ਵਿਧਾਤਾ ਸਿੰਘ ਤੀਰ (15 ਅਗਸਤ 1901 ਤੋਂ 4 ਜਨਵਰੀ 1973), ਦਰਸ਼ਨ ਸਿੰਘ ਅਵਾਰਾ (30 ਦਸੰਬਰ 1906 ਤੋਂ 10 ਦਸੰਬਰ 1982) ਅਤੇ ਫਿਰੋਜ਼ਦੀਨ ਸ਼ਰਫ਼ (1898 ਤੋਂ 11 ਮਾਰਚ 1955) ਜਿਹੇ ਸਟੇਜੀ ਸ਼ਾਇਰ ਇਸੇ ਜ਼ਮਾਨੇ ਵਿਚ ਹੀ ਲੋਕ-ਪਿੜ ਵਿਚ ਨਿਤਰੇ। ਇਹਨਾਂ ਸਭਨਾਂ ਸ਼ਾਇਰਾਂ ਵਿਚੋਂ ਹੀਰਾ ਸਿੰਘ ਦਰਦ, ਵਿਧਾਤਾ ਸਿੰਘ ਤੀਰ ਅਤੇ ਫ਼ੀਰੋਜ਼ਦੀਨ ਸ਼ਰਫ਼ ਅਜਿਹੇ ਸ਼ਾਇਰ ਹਨ ਜਿਨ੍ਹਾਂ ਨੇ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਨੂੰ ਆਪਣੀ ਰਚਨਾ ਦਾ ਵਸਤੂ ਬਣਾਇਆ। ਹੀਰਾ ਸਿੰਘ ਦਰਦ ਸਿੱਖੀ ਦੇ ਦਾਇਰੇ ਦੇ ਅੰਦਰਵਾਰ ਰਹਿ ਕੇ ਲੋਕ-ਪੱਖੀ, ਮਾਨਵੀ ਮੁੱਲਾਂ ਨਾਲ ਵਰੋਸਾਈ

ਬਰਾਬਰੀ ਅਤੇ ਆਜ਼ਾਦੀ ਦੇ ਅਹਿਸਾਸ ਨਾਲ ਭਰੀ-ਪੂਰੀ ਸ਼ਾਇਰੀ ਦੀ ਰਚਨਾ ਕਰਦਾ ਸੀ। ਉਸ ਦੀ ਕਾਵਿ-ਰਚਨਾ 'ਦਰਦ ਸੁਨੇਹੇ' (ਭਾਗ ਪਹਿਲਾ) 1920 ਵਿਚ ਛਪ ਕੇ ਸਾਹਮਣੇ ਆਈ ਅਤੇ ਇਸੇ ਸਿਰਲੇਖ ਹੇਠ ਦੂਸਰਾ ਤੇ ਤੀਸਰਾ ਭਾਗ ਕ੍ਰਮਵਾਰ 1921 ਅਤੇ 1923 ਵਿਚ ਛਪਕੇ ਸਾਹਮਣੇ ਆਏ। ਇਸ ਸਾਕੇ ਦੇ ਦਰਦ ਨੂੰ ਅੰਕਿਤ ਕਰਦੇ ਹੋਏ ਉਸ ਲਿਖਿਆ :

ਗੁੱਸੇ ਨਾਲ ਮਸ਼ੀਨਾਂ ਦੀ ਬਾੜ੍ਹ ਝਾੜੀ
ਉਲਟੀ ਬਾਗ ਦੀ ਦੁੱਗਣੀ ਬਹਾਰ ਬਣ ਗਈ।
ਨਾਲ ਕਹਿਰ ਦੀ ਅੱਗ ਦੇ ਸਾੜਿਆ ਸੂ,
ਐਪਰ ਖਾਕ ਥੀਂ ਨਵੀਂ ਗੁਲਜ਼ਾਰ ਬਣ ਗਈ।
ਉਸ ਨੇ ਸੋਚਿਆ ਮਿਟਸੀ ਨਿਸ਼ਾਨ ਮੇਰਾ,
ਇਹ ਤਾਂ ਸਦਾ ਲਈ ਇਕ ਯਾਦਗਾਰ ਬਣ ਗਈ।

ਇੰਝ ਹੀ ਵਿਧਾਤਾ ਸਿੰਘ ਤੀਰ ਦੁਆਰਾ ਰਚੀ ਪੁਸਤਕ 'ਤੀਰ ਤ੍ਰੰਗ' (1926) ਵਿਚ ਇਸ ਸਾਕੇ ਦੇ ਦਰਦ ਨੂੰ ਨਜ਼ਮ "ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ" ਵਿਚ ਅੰਕਤ ਕੀਤਾ ਗਿਆ। ਉਸਨੇ ਇਕੋ ਵੇਲੇ ਇਸ ਸਾਕੇ ਦੇ ਮਨ ਉੱਪਰ ਪਏ ਪ੍ਰਭਾਵ ਦੇ ਨਾਲ ਨਾਲ ਹੋਈ ਕਤਲੋਗਾਰਤ ਨੂੰ ਭਾਵ-ਭਿੰਨੇ ਢੰਗ ਨਾਲ ਕਲਮਬੱਧ ਕੀਤਾ। ਮਿਸਾਲ ਵਜੋਂ:

ਹਾਏ ਲਿਖਣ ਲੱਗਿਆਂ ਤਵਾਰੀਖ਼ ਇਸਦੀ,
ਕਲਮ ਰੋਂਵਦੀ ਵਾਸਤੇ ਪਾਂਵਦੀ ਪਈ।
ਚਾਉ ਜਿਨ੍ਹਾਂ ਨੂੰ ਸੀ ਸੇਵ ਦੇਸ ਦਾ,
ਉਹਨਾਂ ਧਰਮੀਆਂ ਦੇ ਲੱਥੇ ਘਾਣ ਏਥੇ।
ਗਲੇ ਪਾ ਗਲਵਕੜੀਆਂ ਚੜ੍ਹੇ ਬਲੀਆਂ,
ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ।

ਉਹ ਕਤਲੋਗਾਰਤ ਦੇ ਦ੍ਰਿਸ਼ ਪੇਸ਼ ਕਰਕੇ ਇਨਸਾਨੀ ਕਦਰਾਂ-ਕੀਮਤਾਂ ਅਤੇ ਆਪਸੀ ਭਾਈਚਾਰੇ ਦਾ ਪੱਖ ਪੂਰਦਾ ਸੀ। ਕੁਦਰਤ ਨੂੰ ਉਹ ਅਜਿਹੇ ਦ੍ਰਿਸ਼ਾਂ ਨੂੰ ਚਿਤਰਨ ਅਤੇ ਦਰਦ ਨੂੰ ਬਿਆਨ ਕਰਨ ਹਿਤ ਇਕ ਜੁਗਤ ਵਜੋਂ ਇਸਤੇਮਾਲ ਕਰਦਾ ਸੀ। ਮਿਸਾਲ ਵਜੋਂ:

ਹੋਈ ਜ਼ੁਲਮ ਬੇਦਾਦ ਦੀ ਹੱਦ ਏਥੇ,
ਭਰਨ ਹਾਮੀਆਂ ਗੁਲਸ਼ਨਾਂ ਕਲੀਆਂ ਨੇ।
ਬੂਟੇ ਬ੍ਰਿਛ ਪਏ ਅਜੇ ਫ਼ਰਿਆਦ ਕਰਦੇ,
ਧਾਈਂ ਮਾਰਦਾ ਪਿਆ ਮੈਦਾਨ ਏਥੇ।
ਵਰ੍ਹੇ 'ਤੀਰ' ਬੇਦੋਸਿਆਂ ਆਜਜ਼ਾਂ 'ਤੇ,
ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ।

ਅਸਲ ਵਿਚ ਇਸ ਤ੍ਰਾਸਦਿਕ ਘਟਨਾ ਦੇ ਘਟਣ ਪਿੱਛੋਂ ਲੋਕਾਂ ਅੰਦਰ ਬਰਤਾਨਵੀ ਸਾਮਰਾਜ ਪ੍ਰਤੀ ਰੋਹ ਦੀ ਭਾਵਨਾ ਲਗਾਤਾਰ ਤਿੱਖੀ ਹੋਣ ਲੱਗੀ। ਸ਼ਾਇਰ ਆਪਣੀ ਕਲਮ ਅਤੇ ਪੂਰੀ ਵੇਦਨਾ-ਸੰਵੇਦਨਾ ਨਾਲ ਆਪਣੀ ਭੂਮਿਕਾ ਨਿਭਾਉਣ ਲੱਗੇ। ਮੁਸ਼ਾਇਰਿਆਂ ਵਿਚ ਇਹ ਸਾਕਾ ਇਕ 'ਸਮੱਸਿਆ' ਦਾ ਰੂਪ ਧਾਰ ਗਿਆ ਅਤੇ ਇਸ ਦੇ ਇਰਦ-ਗਿਰਦ ਸ਼ਾਇਰਾਂ ਨੇ ਸਿਰਜਣਾ ਆਰੰਭ ਦਿੱਤੀ। ਅਜਿਹੇ ਮੁਸ਼ਾਇਰਿਆਂ ਨੂੰ ਜਲ੍ਹਿਆਂ ਵਾਲੇ ਬਾਗ਼ ਦੀ ਸਰਾਪੀ ਧਰਤੀ ਉੱਪਰ ਹੀ ਪੇਸ਼ ਕੀਤਾ ਜਾਣ ਲੱਗਾ। ਵਿਧਾਤਾ ਸਿੰਘ ਤੀਰ ਦੀ ਉਪਰੋਕਤ ਨਜ਼ਮ ਵਾਂਗ ਫੀਰੋਜ਼ਦੀਨ ਸ਼ਰਫ਼ ਨੇ ਵੀ ਇਸੇ ਸਮੱਸਿਆ ਜਾਂ ਤਰਹ-ਮਿਸਰੇ ਉਪਰ 23 ਜੂਨ 1923 ਨੂੰ ਜਲ੍ਹਿਆਂ ਵਾਲੇ ਬਾਗ਼ ਵਿਚ ਹੀ ਹੋਏ ਮੁਸ਼ਾਇਰੇ ਵਿਚ ਨਜ਼ਮ ਪੇਸ਼ ਕਰਕੇ ਆਪਣੀ ਵੇਦਨਾ ਪ੍ਰਗਟਾਈ। ਸ਼ਰਫ ਨੇ ਆਪਣੀ ਇਸ ਨਜ਼ਮ

ਨੂੰ 'ਦੁੱਖਾਂ ਦੇ ਕੀਰਨੇ' ਪੁਸਤਕ ਵਿਚ ਦਰਜ ਕੀਤਾ, ਜਿਸਦਾ ਜ਼ਿਕਰ ਏਥੇ ਜ਼ਰੂਰੀ ਭਾਸਦਾ ਹੈ:

ਨਾਦਰ ਗਰਦੀ ਵੀ ਹਿੰਦ ਨੂੰ ਭੁੱਲ ਗਈ ਏ,
ਚੱਲੇ ਇੰਗਲਸ਼ੀ ਐਸੇ ਫ਼ਰਮਾਨ ਏਥੇ।
ਕਰਾਂ ਕੇਹੜਿਆਂ ਅੱਖਰਾਂ ਵਿਚ ਜ਼ਾਹਿਰ,
ਜੋ ਜੋ ਜ਼ੁਲਮ ਦੇ ਹੋਏ ਸਾਮਾਨ ਏਥੇ।
'ਉਡਵਾਇਰ' ਦੀ ਉੱਤੋਂ ਉਡ 'ਵਾਇਰ' ਆਈ,
ਕੀਤੇ 'ਡਾਇਰ' ਨੇ ਹੁਕਮ ਫਰਮਾਨ ਏਥੇ।

ਜ਼ਾਲਮ ਜਨਮ ਕਸਾਈਆਂ ਨੇ ਹਿੰਦੀਆਂ ਨੂੰ,
ਵਾਂਗ ਬੱਕਰੇ ਕੀਤਾ ਕੁਰਬਾਨ ਏਥੇ।
ਕਿਧਰੇ ਤੜਫਦੇ ਤੇ ਕਿਤੇ ਸਹਿਕਦੇ ਸਨ,
ਕਿਧਰੇ ਵਿਲਕਦੇ ਸਨ, ਨੀਮ ਜਾਨ ਏਥੇ।
ਜ਼ਖ਼ਮੀ ਪਾਣੀ ਬਿਨ ਮੱਛੀਆਂ ਵਾਂਗ ਤੜਫੇ,
ਨਾਲੇ ਖ਼ੂਨ ਦੇ ਹੋਏ ਰਵਾਨ ਏਥੇ।
ਇਕੋ ਰੂਪ ਅੰਦਰ ਡਿੱਠਾ ਸਾਰਿਆਂ ਨੇ,
ਓਹ, 'ਰਹੀਮ' 'ਕਰਤਾਰ' 'ਭਗਵਾਨ' ਏਥੇ।
ਹੋਏ 'ਜ਼ਮਜ਼ਮ' ਤੇ 'ਗੰਗਾ' ਇਕ ਥਾਂ 'ਕੱਠੇ'
ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ।

ਇਸ 'ਸਮੱਸਿਆ' ਨੂੰ ਕੇਂਦਰ ਵਿਚ ਰੱਖ ਕੇ ਹੋਰਨਾਂ ਸ਼ਾਇਰਾਂ ਨੇ ਸ਼ਾਇਰੀ ਰਚ ਕੇ ਇਸ ਦਰਦ ਨੂੰ ਕਾਨੀਬੱਧ ਕੀਤਾ। ਅਜਿਹੇ ਸ਼ਾਇਰਾਂ ਵਿਚ ਮੁਹੰਮਦ ਹੁਸੈਨ ਅਰਸ਼ਦ ਅੰਮ੍ਰਿਤਸਰੀ ਦਾ ਨਾਂ ਵੀ ਸ਼ਾਮਿਲ ਹੈ, ਜਿਸ ਨੇ ਇਸ ਸਾਕੇ ਦੇ ਸ਼ਬਦੀ ਚਿੱਤਰ ਉਲੀਕੇ। ਬਰਤਾਨਵੀ ਹਕੂਮਤ ਨੇ ਨਾਨਕ ਸਿੰਘ ਦੀ 'ਖ਼ੂਨੀ ਵਿਸਾਖੀ' ਵਾਂਗ ਵਿਧਾਤਾ ਸਿੰਘ ਤੀਰ ਦੀ ਪੁਸਤਕ 'ਤੀਰ ਤ੍ਰੰਗ' ਅਤੇ ਫੀਰੋਜ਼ਦੀਨ ਸ਼ਰਫ਼ ਦੀ ਰਚਨਾ 'ਦੁੱਖਾਂ ਦੇ ਕੀਰਨੇ' ਨੂੰ ਵੀ ਜ਼ਬਤ ਕਰਨ ਦੇ ਫਰਮਾਨ ਜਾਰੀ ਕੀਤੇ। ਏਥੇ ਇਹ ਗੱਲ ਤਾਂ ਸਪੱਸ਼ਟ ਹੈ ਕਿ ਇਹ ਮੁਸ਼ਾਇਰੇ ਏਨੇ ਪੁਰਅਸਰ ਅਤੇ ਪ੍ਰਭਾਵਸ਼ਾਲੀ ਸਨ ਕਿ ਹਕੂਮਤ ਨੂੰ ਇਹਨਾਂ ਨੂੰ ਰੋਕਣ ਅਤੇ ਦੇਸ਼ ਭਗਤੀ ਦੇ ਗਿਰਦ ਘੁੰਮਦੀਆਂ ਰਚਨਾਵਾਂ ਨੂੰ ਜ਼ਬਤ ਕਰਨ ਲਈ ਫਰਮਾਨ ਜਾਰੀ ਕਰਨੇ ਪੈਂਦੇ ਸਨ। ਅਜਿਹੀ ਸ਼ਾਇਰੀ ਦਾ ਕਾਵਿਕ ਤੋਂ ਕਿਧਰੇ ਵਧੀਕ ਇਤਿਹਾਸਕ ਮਹੱਤਵ ਸੀ। ਇਸ ਮਹੱਤਵ ਦੇ ਕਈ ਪਹਿਲੂ ਸਨ: ਪਹਿਲਾ, ਇਸ ਸ਼ਾਇਰੀ ਨੇ ਹਿੰਦ ਵਾਸੀਆਂ ਅੰਦਰ ਗ਼ੁਲਾਮੀ ਦੇ ਜੂਲ਼ੇ ਨੂੰ ਲਾਹ ਸੁੱਟਣ ਦੀ ਸੋਝੀ/ਭਾਵਨਾ ਨੂੰ ਜਨਮ ਦਿੱਤਾ; ਦੂਸਰਾ, ਇਹ ਸਾਕਾ ਸ਼ਬਦੀ ਜਾਮਾ ਪਹਿਨ ਕੇ ਇਤਿਹਾਸ ਦੀ ਸ੍ਰੋਤ ਸਮੱਗਰੀ ਦਾ ਰੂਪ ਧਾਰ ਗਿਆ; ਤੀਸਰਾ, ਇਸ ਸ਼ਾਇਰੀ ਨੇ ਅਦਬ ਦੇ ਸਮਾਜ ਨਾਲ ਰਿਸ਼ਤੇ ਨੂੰ ਹੋਰ ਪੱਕਾ-ਪੀਡਾ ਕਰ ਦਿੱਤਾ, ਚੌਥਾ, ਇਸ ਨੇ ਫਿਰਕੂ ਵੈਰ ਵਿਰੋਧ ਦੀ ਧਿਰ ਬਣਨ ਦੀ ਬਜਾਏ ਮਾਨਵੀ ਮੁੱਲਾਂ ਦਾ ਸਾਥ ਦਿੱਤਾ ਅਤੇ ਪੰਜਵਾਂ ਇਸ ਨੇ ਫਿਰਕਿਆਂ ਵਿਚ ਪਰਸਪਰ ਸਾਂਝ ਤੇ ਭਾਈਚਾਰੇ ਦਾ ਮਾਹੌਲ ਸਿਰਜਣ ਵਿਚ ਅਹਿਮ ਭੂਮਿਕਾ ਅਦਾ ਕੀਤੀ। ਨਿਰਸੰਦੇਹ, ਇਹ ਸਮੁੱਚੀ ਸ਼ਾਇਰੀ ਪੰਜਾਬੀ ਸ਼ਾਇਰੀ ਦੀ ਉਸ ਪਰੰਪਰਾ ਨਾਲ ਜੁੜੀ ਹੋਈ ਸੀ ਜਿਹੜੀ ਜ਼ੁਲਮੋ-ਤਸ਼ੱਦਦ ਨੂੰ ਮੂਲੋਂ ਰੱਦ ਕਰਕੇ ਨਾਬਰੀ ਜਾਂ ਵਿਦਰੋਹ ਦੇ ਰਾਹ ਤੁਰਦੀ ਅਤੇ ਪਿਆਰ-ਮੁਹੱਬਤ, ਸਾਂਝ ਅਤੇ ਆਪਸੀ ਭਾਈਚਾਰੇ ਦਾ ਪੈਗ਼ਾਮ ਦੇਂਦੀ ਹੈ।

(4)

ਸ਼ਾਇਰੀ ਦੀ ਦੁਨੀਆਂ ਵਿਚ ਨਾਨਕ ਸਿੰਘ ਦਾ ਸਿੱਧ-ਪੱਧਰੀ ਜੇਹੀ ਤੁਕਬੰਦੀ ਜਾਂ ਬੈਂਤ

ਰਚਨਾ ਤੋਂ ਆਰੰਭ ਹੋਇਆ ਸਫ਼ਰ ਧਾਰਮਿਕ ਗੀਤ-ਸੰਗ੍ਰਹਿ 'ਸਤਿਗੁਰ ਮਹਿਮਾ' ਤਕ ਅੱਪੜਿਆ। ਇਹ ਦੋ ਪੜਾਅ ਪਾਰ ਕਰਦੀ ਹੋਈ ਉਸਦੀ ਸ਼ਾਇਰੀ ਤੀਸਰੇ ਪੜਾਅ ਤਕ ਹੀ ਨਹੀਂ ਅੱਪੜਦੀ ਬਲਕਿ ਇਕ ਜ਼ਬਰਦਸਤ ਮੋੜ ਕੱਟਦੀ ਹੈ। ਉਹ ਆਪਣੀ ਸ਼ਾਇਰੀ ਨੂੰ ਮਹਿਜ਼ ਤੁਕਬੰਦੀ, ਰਹੱਸ ਜਾਂ ਰੁਮਾਂਸ ਦੇ ਘੇਰੇ ਵਿਚੋਂ ਬਾਹਰ ਕੱਢ ਕੇ ਵਾਪਰੀ ਦੁਰਘਟਨਾ ਦੀ ਬੁਨਿਆਦ ਉੱਪਰ ਖੜ੍ਹਾ ਕਰਦਾ ਹੈ। ਉਹ ਇਸ ਸਾਕੇ ਬਾਰੇ ਇਕ ਅੱਧ ਨਜ਼ਮ ਵਿਚ ਆਪਣਾ ਪ੍ਰਭਾਵ ਜਾਂ ਫੌਰੀ ਪ੍ਰਤਿਕਿਰਿਆ ਪੇਸ਼ ਕਰਨ ਦੀ ਬਜਾਏ ਆਪਣੀ ਪੂਰੀ ਕਾਵਿਕ ਸ਼ਕਤੀ ਨਾਲ, ਇਸ ਦਾ ਮਾਰਮਿਕ ਦ੍ਰਿਸ਼ ਸਿਰਜਦਾ ਹੈ।

ਨਾਨਕ ਸਿੰਘ ਦੇ ਸਵੈ-ਕਥਨ ਮੁਤਾਬਕ ਇਸ ਦੁਰਘਟਨਾ ਨੇ ਉਸਦੇ "ਦਿਲ ਨੂੰ ਪੱਛਿਆ" ਅਤੇ ਇਹ "ਸਾਕਾ ਵਿਸਾਖੀ ਵਾਲੇ ਦਿਨ (13 ਅਪ੍ਰੈਲ, 1919 ਨੂੰ) ਹੋਇਆ ਸੀ, ਜਿਸ ਕਰਕੇ ਮੈਂ ਉਸ ਕਿਤਾਬ ਦਾ ਨਾਂ 'ਖ਼ੂਨੀ ਵਿਸਾਖੀ' ਰੱਖਿਆ।" (ਮੇਰੀ ਦੁਨੀਆਂ, ਪੰਨਾ 218)। 'ਖ਼ੂਨੀ ਵਿਸਾਖੀ' ਦੇ ਪਾਠ ਥਾਣੀਂ ਗੁਜ਼ਰਿਆਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਗੁਰੂ ਨਾਨਕ ਦੇਵ ਜੀ ਨੇ "ਸੱਚ ਦੀ ਬਾਣੀ" ਨੂੰ ਐਨ ਸੱਚ ਆਖਣ ਦੇ ਵੇਲੇ ਸੱਚ ਸੁਣਾਉਂਦੇ ਹੋਏ "ਰਾਜੇ ਸ਼ੀਂਹ ਮੁਕੱਦਮ ਕੁੱਤੇ" ਕਹਿਣ ਤੋਂ ਗੁਰੇਜ਼ ਨਹੀਂ ਸੀ ਕੀਤਾ ਅਤੇ ਸ਼ਾਹ ਮੁਹੰਮਦ ਨੇ ਰਾਜ਼ੀ ਵੱਸਦੇ ਪੰਜਾਬੀਆਂ ਦੇ ਦਰਦ ਤੇ ਪੀੜਾ ਨੂੰ ਪੂਰੀ ਜੁਰੱਅਤ ਨਾਲ ਅੰਕਤ ਕੀਤਾ ਸੀ, ਨਾਨਕ ਸਿੰਘ ਵੀ ਠੀਕ ਉਸੇ ਵਿਦਰੋਹ ਅਤੇ ਨਾਬਰੀ ਦੇ ਰਾਹ ਉੱਪਰ ਤੁਰਿਆ। ਇਸ ਰਚਨਾ ਦਾ ਵੀ ਅੰਗਰੇਜ਼ ਹਕੂਮਤ ਵੱਲੋਂ ਜ਼ਬਤ ਕੀਤਾ ਜਾਣਾ ਕਲਮ ਦੀ ਤਾਕਤ ਅਤੇ ਬੇਪਨਾਹ ਅਸਰ ਵੱਲ ਹੀ ਸੰਕੇਤ ਕਰਦਾ ਹੈ। ਸ਼ਾਹ ਮੁਹੰਮਦ ਨੇ ਜਿਵੇਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਮਗਰੋਂ ਤੋਂ ਲੈ ਕੇ ਸਿੰਘਾਂ/ਪੰਜਾਬੀਆਂ ਅਤੇ ਫਿਰੰਗੀਆਂ ਦੀ ਜੰਗ ਦਾ ਤ੍ਰਾਸਦਿਕ ਬਿਆਨ ਪੇਸ਼ ਕੀਤਾ ਸੀ, ਠੀਕ ਉਵੇਂ ਹੀ ਨਾਨਕ ਸਿੰਘ 'ਖ਼ੂਨੀ ਵਿਸਾਖੀ' ਦੀ ਰਚਨਾ ਰਾਹੀਂ ਬਿਰਤਾਂਤ ਦਾ ਮੂੰਹ ਠੋਸ ਇਤਿਹਾਸਕ ਵਸਤੂ ਅਤੇ ਵਾਪਰੀ ਦੁਰਘਟਨਾ ਦੇ ਰੁਖ਼ ਮੋੜਦਾ ਹੈ। ਜਿਵੇਂ ਸ਼ਾਹ ਮੁਹੰਮਦ ਵਾਪਰੀ ਤ੍ਰਾਸਦੀ ਦਾ ਕਾਰਣ ਤੀਸਰੀ ਜਾਤ ਦੀ ਆਮਦ ਨੂੰ ਮੰਨਦਾ ਹੈ, ਠੀਕ ਉਵੇਂ ਹੀ ਨਾਨਕ ਸਿੰਘ ਵੀ ਅੰਗਰੇਜ਼ ਹਕੂਮਤ ਵੱਲੋਂ ਕੀਤੇ ਕਾਰੇ ਅਤੇ ਫੈਲਾਏ ਆਤੰਕ ਨੂੰ ਵੇਰਵਿਆਂ ਦੀ ਬਾਰੀਕੀ ਨਾਲ ਚਿਤਰਦਾ ਹੈ। ਜਿਵੇਂ ਸ਼ਾਹ ਮੁਹੰਮਦ ਪੰਜਾਬੀਅਤ ਦੇ ਧੁਰ-ਡੂੰਘ ਵਿਚ ਬੈਠ ਕੇ ਲਿਖਦਾ ਹੈ ਅਤੇ ਕਿਸੇ ਪ੍ਰਕਾਰ ਦੀ ਫਿਰਕੂ ਅਤੇ ਫੁੱਟ-ਪਾਊ ਸੋਚ ਨੂੰ ਨੇੜੇ ਨਹੀਂ ਢੁੱਕਣ ਦੇਂਦਾ, ਉਂਝ ਹੀ ਨਾਨਕ ਸਿੰਘ ਵੀ ਪੰਜਾਬੀਅਤ ਦੇ ਬਿੰਦੂ 'ਤੇ ਖੜ੍ਹਾ ਹੋ ਕੇ ਹਿੰਦੂ-ਸਿੱਖ-ਮੁਸਲਮ ਏਕਤਾ ਦੀ ਧੁਨ ਉਚਾਰਦਾ ਹੈ। ਬਰਤਾਨਵੀ ਹਕੂਮਤ ਦੀਆਂ ਫੁੱਟ-ਪਾਊ ਸਾਜ਼ਿਸ਼ਾਂ ਦਾ ਦੋਵੇਂ ਪਰਦਾ ਫਾਸ਼ ਕਰਦੇ ਹਨ। ਇੰਝ 'ਖ਼ੂਨੀ ਵਿਸਾਖੀ' ਵੀ ਪੰਜਾਬੀਆਂ ਨਾਲ ਵਾਪਰੇ ਹਾਦਸੇ ਅਤੇ ਤ੍ਰਾਸਦੀ ਦਾ ਸਜੀਵ ਚਿਤਰ ਮੂਰਤੀਮਾਨ ਕਰਦੀ ਹੈ। ਜ਼ਿਕਰਯੋਗ ਹੈ ਕਿ ਜਿਵੇਂ ਗੁਰੂ ਨਾਨਕ ਦੇਵ ਜੀ ਬਾਬਰ ਦੇ ਹੱਕ ਵਿਚ ਨਹੀਂ ਭੁਗਤਦੇ, ਸ਼ਾਹ ਮੁਹੰਮਦ ਅੰਗਰੇਜ਼ਾਂ ਦੀ ਤਾਰੀਫ਼ ਕਰ ਦਰਬਾਰੀ ਕਵੀ ਨਹੀਂ ਬਣਦਾ, ਠੀਕ ਉਂਝ ਹੀ ਨਾਨਕ ਸਿੰਘ ਵੀ ਅੰਗਰੇਜ਼ ਰਾਜ ਦੀ ਪ੍ਰਸੰਸਾ ਦੀ ਥਾਵੇਂ ਉਨ੍ਹਾਂ ਵੱਲੋਂ ਕੀਤੇ ਜ਼ੁਲਮ, ਵਧੀਕੀਆਂ ਦੀ ਕੌੜੀ ਹਕੀਕਤ ਨੂੰ ਜ਼ਾਹਰ ਕਰਦਾ ਹੈ। ਜਿਵੇਂ ਸ਼ਾਹ ਮੁਹੰਮਦ ਦੀ ਰਚਨਾ ਵਿਚੋਂ ਉਸਦੇ ਧਾਰਮਿਕ-ਸੰਸਕਾਰਾਂ ਦੀਆਂ ਪ੍ਰਤਿਧੁਨੀਆਂ ਸੁਣਾਈ ਦੇਂਦੀਆਂ ਹਨ, ਉਂਝ ਹੀ ਕਿਧਰੇ ਕਿਧਰੇ ਇਹ ਰਚਨਾ ਵੀ ਅਜਿਹੇ ਸੰਸਕਾਰਾਂ ਦੇ ਘੇਰੇ ਵਿਚ ਆ ਜਾਂਦੀ ਹੈ। ਅਸੀਂ ਸ਼ਾਹ ਮੁਹੰਮਦ ਨੂੰ ਇਤਿਹਾਸਕਾਰ ਜਾਂ ਮੁਅੱਰਖ ਸ਼ਾਇਰ ਪ੍ਰਵਾਨਦੇ ਹਾਂ ਤਾਂ ਨਾਨਕ ਸਿੰਘ ਦੀ ਇਹ ਰਚਨਾ ਵੀ ਇਕ ਤਵਾਰੀਖੀ ਕਿਸਮ ਦੀ ਰਚਨਾ ਅਤੇ ਪੰਜਾਬੀ ਅਦਬ ਦਾ ਸਾਂਭਣਯੋਗ ਸਰਮਾਇਆ ਹੈ। ਜਲ੍ਹਿਆਂ ਵਾਲੇ ਬਾਗ਼ ਦੀ ਦੁਰਘਟਨਾ ਵੀ ਇਕ ਰਾਸ਼ਟਰੀ ਤ੍ਰਾਸਦੀ ਹੈ ਜਿਸ ਨੂੰ ਲੇਖਕ ਨੇ ਨਾ ਸਿਰਫ਼ ਸਮਝਿਆ ਅਤੇ ਮਹਿਸੂਸਿਆ ਹੀ, ਬਲਕਿ ਇਸ ਤ੍ਰਾਸਦੀ ਦੇ ਕਾਰਨਾਂ ਦੀ ਪੂਰੀ ਬਾਰੀਕਬੀਨੀ ਨਾਲ ਨਿਸ਼ਾਨਦੇਹੀ ਕਰਦੇ ਹੋਏ ਉਸਦਾ ਪੂਰੀ ਵੇਦਨਾ ਸੰਵੇਦਨਾ ਨਾਲ ਕਾਵਿਕ ਰੂਪਾਂਤਰਣ ਵੀ ਕੀਤਾ। ਇੰਝ ਸ਼ਾਹ ਮੁਹੰਮਦ ਵਾਂਗ ਨਾਨਕ ਸਿੰਘ ਨੂੰ ਵੀ ਪੰਜਾਬ ਦਾ "ਕੌਮੀ ਸ਼ਾਇਰ" ਆਖਣਾ

ਕਿਸੇ ਪ੍ਰਕਾਰ ਦੀ ਮੁਬਾਲਗਾ ਆਰਾਈ ਜਾਂ ਅਤਿਕਥਨੀ ਨਹੀਂ।

ਨਾਨਕ ਸਿੰਘ ਦੀ ਰਚਨਾ 'ਖ਼ੂਨੀ ਵਿਸਾਖੀ' ਇਤਿਹਾਸਕ ਪੱਖ ਤੋਂ ਇਕ ਉੱਚ ਦਰਜੇ ਦੀ ਕਿਰਤ ਸਾਬਤ ਹੁੰਦੀ ਹੈ। ਵਾਪਰੇ ਦੁਖਾਂਤ ਨੂੰ ਲੇਖਕ ਬਾਰੀਕਬੀਨੀ ਨਾਲ ਸਮਝਦਾ-ਮਹਿਸੂਸਦਾ ਅਤੇ ਦੇਸ਼ ਭਗਤੀ ਦੀ ਭਾਵਨਾ ਨੂੰ ਇਕ ਥੀਮ ਵਜੋਂ ਗ੍ਰਹਿਣ ਕਰਦਾ ਨਜ਼ਰ ਆਉਂਦਾ ਹੈ। ਇਤਿਹਾਸਕ ਦੁਖਾਂਤ ਨੂੰ ਚਿਤਰਦੇ-ਚਿਤਰਦੇ ਮਾਨਵੀ ਦਰਦ ਤੇ ਪੀੜਾ ਦੀ ਅੱਕਾਸੀ ਕਰ ਜਾਣਾ ਇਸ ਰਚਨਾ ਦੀ ਵੱਡੀ ਪ੍ਰਾਪਤੀ ਹੈ। ਇਸ ਇਤਿਹਾਸਕ ਦੁਖਾਂਤ ਨੂੰ ਚਿਤਰਣ ਤੋਂ ਪਹਿਲਾਂ ਮੱਧਕਾਲੀ ਸਾਹਿਤ (ਕਿੱਸਿਆਂ, ਵਾਰਾਂ ਅਤੇ ਜੰਗਨਾਮਿਆਂ) ਦੀ ਰੂੜ੍ਹੀ ਨੂੰ ਅਪਨਾਉਂਦੇ ਹੋਏ ਉਸਨੇ ਰਚਨਾ ਦਾ ਆਰੰਭ 'ਪ੍ਰਾਰਥਨਾ' ਤੋਂ ਹੀ ਕੀਤਾ ਹੈ। ਇਹ ਪ੍ਰਾਰਥਨਾ ਰਸਮੀ ਭਾਂਤ ਦੇ ਮੰਗਲਾਚਰਣ ਜਾਂ ਹਮਦ ਜਿਹੀ ਨਹੀਂ, ਸਗੋਂ ਉਸ ਗੁਰੂ (ਗੋਬਿੰਦ ਸਿੰਘ) ਦੀ ਹੈ ਜਿਸ ਨੇ ਸਾਰੇ ਹੀਲੇ-ਵਸੀਲਿਆਂ ਤੋਂ ਮਗਰੋਂ ਹੱਥ ਵਿਚ ਤਲਵਾਰ ਪਕੜਨ ਅਤੇ ਜ਼ੁਲਮ ਦਾ ਟਾਕਰਾ ਕਰਨ ਨੂੰ ਜਾਇਜ਼ ਜਾਂ ਹਲਾਲ ਕਰਾਰ ਦਿੱਤਾ ਸੀ। ਲੇਖਕ ਅਸਲ ਵਿਚ ਕਲਮ ਨੂੰ ਹੀ ਇਕ ਤੇਜ਼ ਹਥਿਆਰ ਵਾਂਗ ਵਰਤ ਕੇ ਬੇਦੋਸਿਆਂ ਉਪਰ ਹੋਏ ਜ਼ੁਲਮ ਦੀ ਅੱਕਾਸੀ ਕਰਨਾ ਲੋੜਦਾ ਹੈ। ਉਹ ਇਸ ਦੁਰਘਟਨਾ ਦੀ ਅੱਕਾਸੀ ਏਸ ਲਈ ਵੀ ਕਰਨਾ ਚਾਹੁੰਦਾ ਹੈ ਤਾਂ ਕਿ ਲੋਕ ਏਸ ਨੂੰ ਹਮੇਸ਼ਾ ਲਈ ਆਪਣੇ ਚੇਤਿਆਂ ਵਿਚ ਟਿਕਾਅ ਲੈਣ। ਗ਼ੁਲਾਮੀ ਦੇ ਜ਼ਮਾਨੇ ਵਿਚ ਆਮ ਬੰਦੇ ਦੀ ਹਾਲਤ ਦੀਨ ਜਾਂ ਨਿਮਾਣੇ ਜੇਹੀ ਹੁੰਦੀ ਹੈ। ਇਸ ਹਾਲਤ ਵਿਚ ਵਿਸ਼ਵਾਸੀ ਬੰਦੇ ਲਈ ਅਦਿੱਖ ਸ਼ਕਤੀ, ਦੀਨ ਬੰਧ ਅਤੇ ਪੁਸ਼ਤ ਪਨਾਹ ਦਾ ਰੂਪ ਅਖਤਿਆਰ ਕਰ ਲੈਂਦੀ ਹੈ। ਏਸੇ ਪ੍ਰਾਰਥਨਾ ਦੇ ਅੰਤ ਨੂੰ ਸ਼ਾਇਰ ਇੰਝ ਸਮੇਟਦਾ ਹੈ :

ਦਾਸਤਾਨ ਸ਼ਹੀਦਾਂ ਦੀ ਲਿਖਣੇ ਨੂੰ,
ਦਾਸ ਆਪਦਾ ਹੋਇਆ ਤਿਆਰ ਸਤਿਗੁਰ।
ਤੋੜ ਚਾੜ੍ਹਨਾ ਆਪਣੀ ਮੇਹਰ ਕਰਕੇ,
ਨਾਨਕ ਸਿੰਘ ਏਹ ਕਰੇ ਪੁਕਾਰ ਸਤਿਗੁਰ।

'ਖ਼ੂਨੀ ਵਿਸਾਖੀ' ਵਿਚਲੇ ਬਿਰਤਾਂਤ ਦੀ "ਪ੍ਰਾਰਥਨਾ" ਵਿਚ ਪੇਸ਼ ਸੂਚਨਾ ਤੋਂ ਮਗਰੋਂ "ਰੋਲਟ ਬਿੱਲ ਦਾ ਰੌਲ਼ਾ" ਤੋਂ ਇਸ ਰਚਨਾ ਦਾ ਆਰੰਭ ਹੁੰਦਾ ਹੈ। ਇਸ ਕਾਲ਼ੇ ਕਾਨੂੰਨ ਕਰਕੇ (ਜਿਸ ਤਹਿਤ ਕਿਸੇ ਵੀ ਸ਼ਖ਼ਸ ਨੂੰ ਬਿਨਾਂ ਮੁਕੱਦਮਾ ਚਲਾਏ ਅਨਿਸਚਤ ਕਾਲ ਲਈ ਨਜ਼ਰਬੰਦ ਕੀਤਾ ਜਾ ਸਕਦਾ ਸੀ), ਆਮ ਲੋਕਾਂ ਅੰਦਰ ਪੈਦਾ ਹੋਈ ਉਦਾਸੀ ਅਤੇ ਨਿਰਾਸਤਾ ਨੂੰ ਪੇਸ਼ ਕਰਦਾ ਹੈ। ਮਹਾਤਮਾ ਗਾਂਧੀ ਵੱਲੋਂ ਚਲਾਏ ਸ਼ਾਂਤਮਈ ਸਤਿਆਗ੍ਰਹਿ ਤੇ ਸਿਵਲ ਨਾਫ਼ੁਰਮਾਨੀ ਦੀ ਲਹਿਰ, ਲੋਕਾਂ ਦੇ ਵਿਰੋਧ ਦੇ ਬਾਵਜੂਦ ਇਸ ਕਾਲ਼ੇ ਕਾਨੂੰਨ ਦਾ ਪਾਸ ਹੋਣਾ, ਕਾਂਗਰਸ ਤੇ ਮੁਸਲਿਮ ਲੀਗ ਵੱਲੋਂ 30 ਮਾਰਚ 1919 ਨੂੰ ਪੂਰੇ ਭਾਰਤ ਵਿਚ ਹੜਤਾਲ ਦਾ ਸੱਦਾ ਦੇਣਾ, ਲੋਭੀ, ਚੁਗਲਖ਼ੋਰ ਤੇ ਝੋਲੀ ਚੁੱਕ ਲੋਕਾਂ ਦਾ ਦੇਸ਼ ਭਗਤਾਂ ਦੀ ਮੁਖ਼ਬਰੀ ਕਰਨਾ, ਡਾ. ਸਤਿਆਪਾਲ ਦੇ ਭਾਸ਼ਣ 'ਤੇ ਰੋਕ ਲੱਗਣੀ ਤੇ ਡਾ. ਕਿਚਲੂ ਦਾ ਲੋਕਾਂ ਦੀ ਅਗਵਾਈ ਦਾ ਮੋਰਚਾ ਸੰਭਾਲਣਾ, 6 ਅਪਰੈਲ 1919 ਨੂੰ ਸਾਰੇ ਮੁਲਕ ਵਿਚ ਮੁਕੰਮਲ ਹੜਤਾਲ ਹੋਣੀ, 10 ਅਪਰੈਲ ਨੂੰ ਡਾ. ਸਤਿਆਪਾਲ ਤੇ ਡਾ. ਕਿਚਲੂ ਨੂੰ ਬਰਤਾਨਵੀ ਹਕੂਮਤ ਵੱਲੋਂ ਗ੍ਰਿਫ਼ਤਾਰ ਕਰਕੇ ਧਰਮਸਾਲਾ ਜੇਲ੍ਹ ਭੇਜ ਦੇਣਾ, ਗ੍ਰਿਫ਼ਤਾਰੀ ਦੀ ਘਟਨਾ ਤੋਂ ਮਗਰੋਂ ਆਮ ਲੋਕਾਂ ਅੰਦਰ ਰੋਹ ਦਾ ਪੈਦਾ ਹੋਣਾ, ਉਨ੍ਹਾਂ ਵੱਲੋਂ ਸ਼ਾਂਤਮਈ ਜਲੂਸ ਕੱਢਣਾ ਤੇ ਇਸ ਸ਼ਾਂਤਮਈ ਜਲੂਸ ਉੱਪਰ ਗੋਲੀਆਂ ਦੀ ਬੁਛਾੜ ਕਰ ਕੇ ਅਨੇਕਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦੇਣਾ, ਸਰਕਾਰ ਵੱਲੋਂ ਲੋਕਾਂ ਦੇ ਰੋਹ ਤੇ ਗੁੱਸੇ ਨੂੰ ਦਬਾਉਣ ਲਈ ਕਰਫਿਊ ਲਗਾਉਣਾ, ਜਨਰਲ ਡਾਇਰ ਵੱਲੋਂ ਲੋਕਾਂ ਨੂੰ ਡਰਾਉਣ ਅਤੇ ਖਾਮੋਸ਼ ਕਰਨ ਲਈ ਫ਼ੌਜੀ ਦਸਤੇ ਨਾਲ ਜਲੂਸ ਕੱਢਣਾ, ਲੋਕਾਂ ਦੇ ਗੁੱਸੇ ਦਾ ਹੋਰ ਭੜਕ ਜਾਣਾ, 12 ਅਪਰੈਲ ਨੂੰ ਹਿੰਦੂ ਸਭਾ ਵੱਲੋਂ ਹਾਈ ਸਕੂਲ ਵਿਚ ਮੀਟਿੰਗ, ਲੋਕਾਂ ਦਾ ਲੀਡਰਾਂ ਦੀ ਰਿਹਾਈ ਲਈ ਬਜ਼ਿਦ ਰਹਿਣਾ, 13 ਅਪਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ

ਬਾਗ ਵਿਖੇ ਪਬਲਿਕ ਜਲਸੇ ਦਾ ਐਲਾਨ, ਲੋਕਾਂ ਦਾ ਮਿਥੀ ਮਿਤੀ ਤੋਂ ਇਕ ਦਿਨ ਪਹਿਲਾਂ ਹੀ ਜਲਸੇ ਵਾਲੀ ਥਾਂ ਉੱਪਰ ਪਹੁੰਚ ਜਾਣਾ, 13 ਅਪਰੈਲ ਸ਼ਾਮ ਸਾਢੇ ਪੰਜ ਵਜੇ ਜਲਸੇ ਦਾ ਆਰੰਭ ਹੋਣਾ, ਜਨਰਲ ਡਾਇਰ ਦਾ ਸੈਨਿਕਾਂ ਨੂੰ ਆਮ ਪਬਲਿਕ ਉੱਪਰ ਗੋਲੀ ਚਲਾਉਣ ਦਾ ਹੁਕਮ ਦੇਣਾ ਅਤੇ 377 ਵਿਅਕਤੀਆਂ ਦਾ ਉਸੇ ਥਾਂ ਉੱਪਰ ਸ਼ਹੀਦ ਹੋ ਜਾਣਾ ਆਦਿ ਉਹ ਇਤਿਹਾਸਕ ਅਤੇ ਪੁਸ਼ਟੀਯੋਗ ਵੇਰਵੇ ਹਨ ਜਿਨ੍ਹਾਂ ਨੂੰ ਲੇਖਕ ਪੂਰੀ ਬਾਰੀਕਬੀਨੀ ਅਤੇ ਸਾਵਧਾਨੀ ਨਾਲ ਲੜੀਵਾਰ ਪੇਸ਼ ਕਰਦਾ ਹੈ। ਇਨ੍ਹਾਂ ਘਟਨਾਵਾਂ ਦੀ ਪ੍ਰਸਤੁਤੀ ਦੀ ਤਰਤੀਬ ਲੇਖਕ ਦੀ ਇਤਿਹਾਸਕ ਸੋਝੀ ਦੀ ਗਵਾਹ ਹੈ। ਜਿਵੇਂ ਵਾਰਿਸ ਸ਼ਾਹ ਦੀ 'ਹੀਰ' ਸੰਬੰਧੀ ਇਤਿਹਾਸਕਾਰ ਅਕਸਰ ਇਹ ਟਿੱਪਣੀ ਕਰਦੇ ਹਨ ਕਿ ਅਠਾਰ੍ਹਵੀਂ ਸਦੀ ਦੇ ਪੰਜਾਬ ਬਾਰੇ ਇਕ ਪਾਸੇ ਇਤਿਹਾਸ ਦੀਆਂ ਬਹੁਤ ਸਾਰੀਆਂ ਪੁਸਤਕਾਂ ਟਿਕਾਅ ਲਈਆਂ ਜਾਣ ਅਤੇ ਦੂਸਰੇ ਪਾਸੇ ਇਕੱਲੀ 'ਹੀਰ' ਨੂੰ ਰੱਖ ਲਿਆ ਜਾਵੇ ਤਾਂ ਵਾਰਿਸ ਦੀ 'ਹੀਰ', ਇਤਿਹਾਸ ਦੀਆਂ ਪੁਸਤਕਾਂ ਨਾਲੋਂ ਵਧੇਰੇ ਭਰੋਸੇਯੋਗ ਜਾਣਕਾਰੀ ਆਪਣੀ ਕਾਇਆ ਵਿਚ ਸਮੋਈ ਬੈਠੀ ਹੈ। ਠੀਕ ਇੰਝ ਹੀ 'ਖ਼ੂਨੀ ਵਿਸਾਖੀ' ਵਿਚ ਪੇਸ਼ ਤੱਥ ਵੀ ਇਤਿਹਾਸਕਾਰਾਂ ਦੀ ਸ੍ਰੋਤ ਸਮੱਗਰੀ ਬਣਨ ਦੇ ਪੂਰੀ ਤਰ੍ਹਾਂ ਸਮਰੱਥ ਹਨ। ਨਾਨਕ ਸਿੰਘ ਇਸ ਦੁਖਾਂਤਕ ਘਟਨਾ ਦੇ ਗਤੀਸ਼ੀਲ ਤੱਤਾਂ ਨੂੰ ਉਹਨਾਂ ਦੀ ਗਤੀਸ਼ੀਲਤਾ ਵਿਚ ਰੇਖਾਂਕਤ ਕਰਦਾ ਹੈ। ਉਸ ਲਈ ਇਨ੍ਹਾਂ ਵੇਰਵਿਆਂ ਨੂੰ ਪੂਰੀ ਬਾਰੀਕਬੀਨੀ ਅਤੇ ਈਮਾਨਦਾਰੀ ਨਾਲ ਪੇਸ਼ ਕਰਨ ਦੀ ਜ਼ਿੰਮੇਵਾਰੀ ਵੀ ਹੈ ਅਤੇ ਨਾਲ ਹੀ ਨਾਲ, ਕਾਵਿਕ ਹੱਦਬੰਦੀ ਵਿਚ ਰਹਿ ਕੇ, ਇਨ੍ਹਾਂ ਦਾ ਰੂਪਾਂਤਰਣ ਕਰਨ ਦੀ ਮਜਬੂਰੀ ਵੀ। ਇੰਝ ਇਤਿਹਾਸ ਅਤੇ ਕਾਵਿਕਤਾ ਦਾ ਸੰਜੋਗੀ ਰਿਸ਼ਤਾ ਇਸ ਰਚਨਾ ਦੀ ਪਛਾਣ ਦਾ ਆਧਾਰ ਹੋ ਨਿਬੜਦਾ ਹੈ।

'ਖ਼ੂਨੀ ਵਿਸਾਖੀ' ਦੇ ਢਾਂਚੇ ਵਿਚ ਦੋ ਧਿਰਾਂ ਵਿਚਲਾ ਤਣਾਉ ਪ੍ਰਤੱਖ ਨਜ਼ਰੀਂ ਪੈਂਦਾ ਹੈ। ਇਕ ਧਿਰ ਲੋਕਾਈ ਦੀ ਹੈ ਜੋ ਅਮਨ-ਚੈਨ ਨਾਲ ਜਿਉਣਾ ਚਾਹੁੰਦੀ ਅਤੇ ਆਜ਼ਾਦੀ ਲੋੜਦੀ ਹੈ। ਦੂਸਰੀ ਧਿਰ ਸਾਮਰਾਜੀ ਤਾਕਤ ਹੈ ਜੋ ਲੁੱਟਣਾ ਅਤੇ ਹਥਿਆਰਾਂ ਦੀ ਮਦਦ ਨਾਲ ਰਾਜ ਕਰਨਾ ਲੋੜਦੀ ਹੈ। ਇਕ ਧਿਰ ਦੀ ਹਾਲਤ 'ਸਕਤਾ ਸੀਂਹ' ਜਿਹੀ ਹੈ ਪਰੰਤੂ ਦੂਸਰੀ ਧਿਰ ਜਾਬਰ ਅਤੇ ਜ਼ਾਲਮ ਰਾਜ ਨਾਲ ਟੱਕਰ ਲੈਂਦੀ ਹੈ। ਇਕ ਪਾਸੇ ਸ਼ਕਤੀਸ਼ਾਲੀ ਹਥਿਆਰ ਹਨ ਅਤੇ ਦੂਸਰੀ ਧਿਰ ਅਹਿੰਸਾ, ਸਤਿਆਗ੍ਰਹਿ ਅਤੇ ਨਾ-ਫੁਰਮਾਨੀ ਨੂੰ ਵੀ ਹਥਿਆਰ ਵਾਂਗ ਵਰਤਦੀ ਹੈ। ਜਿਵੇਂ 1839 ਤੋਂ 1846 ਤੱਕ ਚੱਲੀ ਜੰਗ ਵਿਚ ਕੁਝ ਪੰਜਾਬੀ ਫ਼ਰੰਗੀਆਂ ਦੇ ਹੱਕ ਵਿਚ ਭੁਗਤਦੇ ਅਤੇ ਲੜਨ ਨਾਲੋਂ ਦੌੜਨ ਦਾ ਪੈਂਤੜਾ ਅਪਨਾਉਂਦੇ ਹਨ, ਉਂਝ ਹੀ ਏਥੇ ਵੀ ਜਾਬਰ ਰਾਜ ਨਾਲ ਟੱਕਰ ਲੈਣ ਵੇਲੇ ਕੁਝ ਲੋਕ ਚੁਗਲੀਆਂ ਅਤੇ ਕੌਮ-ਫਰੋਸ਼ੀ ਦੇ ਰਾਹ ਤੁਰਦੇ ਦਿਖਾਈ ਦੇਂਦੇ ਹਨ। ਅਜਿਹੇ ਲੋਕਾਂ ਦਾ ਚਿਤਰ ਨਾਨਕ ਸਿੰਘ ਨੇ ਇੰਝ ਉਲੀਕਿਆ ਹੈ :

ਦੂਜੀ ਤਰਫ਼ ਦੇ ਯਾਰ ਪ੍ਰਸੰਨ ਹੋ ਕੇ,
ਘਰੀਂ ਬੈਠ ਕੇ ਖ਼ੁਸ਼ੀ ਮਨਾਉਣ ਲੱਗੇ ਪਏ।
ਮਿਸ਼ਨ ਆਪਣੇ ਵਿਚ ਕਾਮਯਾਬ ਹੋ ਕੇ,
ਵਾਜੇ ਖ਼ੁਸ਼ੀ ਦੇ ਖ਼ੂਬ ਵਜਾਉਣ ਲੱਗ ਪਏ।
ਝੋਲੀ-ਚੁੱਕ ਤੇ ਕੌਮ-ਫਰੋਸ਼ ਜੇਹੜੇ,
ਉਹਨਾਂ ਪਾਸ ਜਾ ਚੁਗਲੀਆਂ ਲਾਉਣ ਲੱਗ ਪਏ।

ਨਾਨਕ ਸਿੰਘ ਇਸ ਸਮੁੱਚੇ ਦੁਖਾਂਤ ਨੂੰ ਇਕ ਧਰਮ ਜਾਂ ਜਾਤ ਦੇ ਪੈਂਤੜੇ ਉੱਪਰ ਖਲੋ ਕੇ ਨਹੀਂ ਸਗੋਂ ਇਕ ਸਾਮਰਾਜ ਵਿਰੋਧੀ ਲਹਿਰ ਵਜੋਂ ਚਿਤਰਦਾ ਹੈ। ਉਹ ਵੰਡਾਂ, ਵਿਤਕਰਿਆਂ ਤੋਂ ਲਾਂਭੇ ਵਿਚਰਦੀ ਲੋਕਾਈ ਦੇ ਏਕੇ ਅਤੇ ਸਾਮਰਾਜ ਵਿਰੋਧੀ ਆਪ-ਮੁਹਾਰੇ ਉਭਾਰ ਨੂੰ ਸਾਹਮਣੇ ਲਿਆਉਂਦਾ ਹੈ। ਲੋਕਾਈ ਦੇ ਏਸੇ ਆਪਮੁਹਾਰੇ ਉਭਾਰ ਤੋਂ ਹਾਕਮ ਸ਼੍ਰੇਣੀ ਤ੍ਰਹਿੰਦੀ, ਕਾਨੂੰਨਾਂ ਨੂੰ ਸਖ਼ਤ ਕਰਦੀ

ਅਤੇ ਜ਼ੁਲਮੋ-ਤਸ਼ੱਦਦ ਦੇ ਰਾਹ ਤੁਰਦੀ ਹੈ। ਨਾਨਕ ਸਿੰਘ ਦੀ ਖ਼ੂਬੀ ਇਹ ਹੈ ਕਿ ਉਹ ਸਾਮਰਾਜੀ ਤਾਕਤਾਂ ਵੱਲੋਂ ਬਣਾਏ ਦਮਨਕਾਰੀ ਕਾਨੂੰਨ ਦੇ ਖਿਲਾਫ਼ ਸੰਘਰਸ਼ ਅਤੇ ਅੱਗੋਂ 13 ਅਪਰੈਲ 1919 ਨੂੰ ਵਾਪਰੇ ਸਾਕੇ ਨੂੰ ਨਿਰੋਲ ਮਾਨਵਵਾਦੀ ਦ੍ਰਿਸ਼ਟੀ ਨਾਲ ਚਿਤਰਦਾ ਹੈ। ਅੱਗੋਂ ਏਹੋ ਸੰਘਰਸ਼ ਅਤੇ ਆਪ-ਮੁਹਾਰਾ ਉਭਾਰ ਸਾਮਰਾਜ ਦੀਆਂ ਜੜ੍ਹਾਂ ਨੂੰ ਹਿਲਾ ਦੇਂਦਾ ਹੈ।

ਨਾਨਕ ਸਿੰਘ ਆਪਣੀ ਕਾਵਿਕ ਸਮਰੱਥਾ ਦੀ ਵਰਤੋਂ ਕਰਦਾ ਹੋਇਆ ਸਿਰਫ਼ ਇਸ ਦੁਰਘਟਨਾ ਬਾਰੇ ਦੱਸਦਾ-ਸੁਣਾਉਂਦਾ (telling) ਹੀ ਨਹੀਂ ਸਗੋਂ ਇਸ ਨੂੰ ਦਿਖਾਉਂਦਾ (showing) ਵੀ ਹੈ। ਸਥਿਤੀ ਦੀ ਸਮਝ ਨੂੰ ਉਹ ਕਾਵਿਕ-ਕਥਨਾਂ ਰਾਹੀਂ ਬਿਆਨਦਾ ਹੈ ਅਤੇ ਨਾਲ ਹੀ ਨਾਲ ਸਮੁੱਚੀ ਸਥਿਤੀ ਦਾ ਪ੍ਰਭਾਵ ਸਿਰਜਣ ਲਈ ਬਿੰਬਾਂ ਰਾਹੀਂ ਸੋਚਦਾ-ਮਹਿਸੂਸਦਾ ਅਤੇ ਸਥਿਤੀਆਂ ਨੂੰ ਰੂਪਮਾਨ ਕਰਦਾ ਹੈ। ਇੰਝ ਸਥਿਤੀ ਬਾਰੇ ਉਸਦੀ ਸਮਝ ਅਤੇ ਵਿਚਾਰ ਉਸਦੀ ਕਾਵਿ-ਆਤਮਾ ਦੇ ਅਚੇਤਨ ਦਾ ਹਿੱਸਾ ਹੋ ਨਿਬੜਦੇ ਹਨ। ਅਜਿਹੀ ਸਥਿਤੀ ਵਿਚ ਹੀ ਇਹ ਰਚਨਾ ਇਕ ਸੰਯੁਕਤ ਵਿਅਕਤਿਤਵ ਦਾ ਰੂਪ ਧਾਰਦੀ ਹੈ। ਇਸ ਸਥਿਤੀ ਵਿਚ ਉਸਦੀ ਸੁਹਜ ਸੰਵੇਦਨਾ (Aesthetic sensibility) ਉਸਦੀ ਇਤਿਹਾਸ-ਚੇਤਨਾ ਅਤੇ ਮਾਨਵੀ ਵਿਚਾਰਧਾਰਾ ਤੋਂ ਰਤਾ ਅੱਗੇ ਵਿਚਰਦੀ ਹੈ। ਉਸਦਾ ਜੀਵਨ ਨਜ਼ਰੀਆ ਉਸਦੀ ਕਾਵਿਕ ਪੇਸ਼ਕਾਰੀ ਵਿਚ ਹੀ ਸਮੋ ਜਾਂਦਾ ਹੈ। ਨਾਨਕ ਸਿੰਘ ਨੇ ਆਪਣੀ ਸਵੈ-ਜੀਵਨੀ ਵਿਚ ਆਪਣੇ ਜੀਵਨ ਨਜ਼ਰੀਏ ਬਾਰੇ ਸੂਤਰ ਪੇਸ਼ ਕਰਦੇ ਹੋਇਆਂ ਲਿਖਿਆ ਹੈ ਕਿ "ਮੈਂ ਤੇ ਮੇਰਾ ਸਮਾਜ- ਮੈਂ ਤੇ ਮੇਰੀ ਮਨੁੱਖਤਾ, ਅਸੀਂ ਇਕ ਦੂਜੇ ਨਾਲ ਇੰਝ ਅਭੇਦ ਹਾਂ ਕਿ ਕਦੀ ਵੀ ਮੈਂ ਇਹਨਾਂ ਤੋਂ ਨਿਖੜ ਕੇ ਕੁਝ ਸੋਚ ਨਹੀਂ ਸਕਦਾ। ਮੇਰੇ ਸਮਾਜ ਜਾਂ ਮੇਰੀ ਮਨੁੱਖਤਾ ਦੇ ਪਿੰਡੇ 'ਤੇ ਜੇ ਕੋਈ ਖ਼ਰਾਸ਼ ਵੱਜਦੀ ਹੈ ਤਾਂ ਮੈਨੂੰ ਉਸਦੀ ਪੀੜ ਹੋਣੀ ਸੁਭਾਵਕ ਹੈ।" ('ਮੇਰੀ ਦੁਨੀਆਂ', ਪੰਨਾ 224)। ਅਸਲ ਵਿਚ ਇਸੇ ਆਪਣੀ ਅਤੇ ਲੋਕਾਈ ਦੀ ਪੀੜ ਨੂੰ ਹੀ ਤਾਂ ਉਹ ਆਪਣੀ ਰਚਨਾ ਵਿਚ ਜ਼ੁਬਾਨ ਦੇਂਦਾ ਹੈ। ਉਸਦੀ ਕਾਵਿ ਸੰਵੇਦਨਾ ਹੀ ਬਿਰਤਾਂਤ ਨੂੰ ਕਿਧਰੇ ਬਿਆਨਦੀ, ਕਿਧਰੇ ਦਿਖਾਉਂਦੀ, ਕਿਧਰੇ ਸੰਖੇਪਤਾ ਤੇ ਸੰਜਮਤਾ ਨਾਲ ਸਭ ਕੁਝ ਆਖਦੀ, ਕਿਧਰੇ ਰਮਜ਼ਾਂ ਤੇ ਇਸ਼ਾਰੇ ਸਿਰਜਦੀ, ਕਿਧਰੇ ਦਰਦ ਤੇ ਪੀੜਾ ਭਰੇ ਦ੍ਰਿਸ਼ਾਂ ਨੂੰ ਪੂਰੀ ਵੇਦਨਾ ਨਾਲ ਦਿਖਾਉਂਦੀ, ਇਤਿਹਾਸਕ ਤੇ ਮਿਥਿਹਾਸਕ ਹਵਾਲਿਆਂ ਨੂੰ ਵਰਤਦੀ ਅਤੇ ਕਿਧਰੇ ਨਾਟਕੀ ਸਰੂਪ ਅਖਤਿਆਰ ਕਰ ਜਾਂਦੀ ਹੈ। ਨਾਰੀਆਂ ਦੇ ਆਪਣੇ ਮੋਏ ਪਤੀਆਂ, ਭੈਣਾਂ ਦੇ ਵਿਰਲਾਪ ਅਤੇ ਮੁਰਦਿਆਂ ਦੇ ਸਸਕਾਰ ਤੇ ਦਫ਼ਨ ਦੇ ਪੀੜਾ-ਭਰਪੂਰ ਦ੍ਰਿਸ਼ਾਂ ਨੂੰ ਉਹ ਪੂਰੀ ਕਾਵਿਕ ਸਮਰੱਥਾ ਨਾਲ ਸਾਕਾਰ ਕਰਦਾ ਹੈ। ਇਸ ਰਚਨਾ ਵਿਚ ਸਿਰਜੇ ਪੰਜਾਬੀਆਂ ਦੇ ਏਕੇ ਅਤੇ ਜ਼ੁਲਮ ਤੇ ਜਬਰ ਵਿਰੁੱਧ ਟਕਰਾਉਣ ਦੇ ਦ੍ਰਿਸ਼ ਅੱਜੋਕੇ ਫਿਰਕੂ ਅਤੇ ਫੁੱਟਪਾਊ ਵਾਤਾਵਰਣ ਵਿਚ ਅੱਜ ਵੀ ਸਮੇਂ ਦੇ ਹਾਣੀ ਅਤੇ ਪ੍ਰਸੰਗਕ ਪ੍ਰਤੀਤ ਹੁੰਦੇ ਹਨ। 000

(ਸਾਬਕਾ ਡੀਨ ਭਾਸ਼ਾਵਾਂ ਤੇ ਮੁਖੀ ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ;
Email: hsbhatia1955@yahoo.com)

ਪੰਜਾਬੀ ਜ਼ਬਾਨ ਦਾ ਵਿਕਾਸ: ਸੁਰਜੀਤ ਹਾਂਸ

ਅਸੀਂ ਆਪਣੇ ਸਾਹਮਣੇ ਭਾਸ਼ਾਈ ਵਿਕਾਸ ਦੇ ਦੋ ਉਦਾਹਰਣ ਰੱਖ ਸਕਦੇ ਹਾਂ। ਪਹਿਲਾ ਅਰਬੀ ਲਈ ਖ਼ਲੀਫ਼ਾ ਹਾਰੂੰ ਰਸ਼ੀਦ (786-809) ਦਾ ਸੀ, ਜਿਸ ਨੇ ਬਗ਼ਦਾਦ ਵਿਚ 'ਦਾਰ-ਉਲ ਹਿਕਮ' (ਸਿਆਣਪ ਦਾ ਘਰ) ਖੋਹਲਿਆ ਜਿਸ ਨੇ 68 ਯਵਨ ਲਿਖਾਰੀਆਂ ਦੇ ਅਨੁਵਾਦ ਕਰਵਾਏ। ਨਾਲੇ ਹਕੀਮ ਅਰਸਤੂ, ਅਫ਼ਲਾਤੂਨ ਆਦਿ ਦੀਆਂ ਇਕ ਤੋਂ ਵੱਧ ਕਿਰਤਾਂ ਹੋ ਸਕਦੀਆਂ ਹਨ। ਨਤੀਜੇ ਵਜੋਂ ਕਿਸੇ ਜ਼ਮਾਨੇ ਵਿਚ ਇਸਲਾਮ ਦਾ ਦੁਨੀਆ 'ਚ ਬੋਲਬਾਲਾ ਸੀ। ਮੱਧਕਾਲ ਦੇ ਬੁੱਧੀਮਾਨ ਯੌਰਪ-ਸਪੇਨ ਦੇ ਇਬਨ ਰੁਸ਼ਦ (Averroes, 1126-98) ਅਤੇ ਤੂਰਾਨੀ ਬੂ-ਅਲੀ ਸੀਨਾ (Avicenna, 980-1037) ਨੂੰ ਪ੍ਰਮਾਣਕ ਲਿਖਾਰੀ ਮੰਨਦੇ ਸਨ। ਯੌਰਪ ਨੇ ਯੂਨਾਨੀ ਫ਼ਲਸਫ਼ੇ ਦਾ ਪੁਨਰ-ਗ੍ਰਹਣ ਅਰਬਾਂ ਰਾਹੀਂ ਕੀਤਾ।

ਦੂਸਰੀ ਉਦਾਹਰਨ ਸੋਵੀਅਤ ਰੂਸ ਦੀ ਹੈ ਜਿਸ ਦੀ ਨੀਤੀ ਅਨੁਸਾਰ ਜ਼ਾਰ (Czar) ਸਾਮਰਾਜ ਦੇ ਮੂਲ-ਵਾਸੀਆਂ ਲਈ ਉਹਨਾਂ ਦੇ ਸੂਬੇ ਬਣਾਉਣੇ, ਉਹਨਾਂ ਦੀ ਭਾਸ਼ਾ 'ਚ ਵਿੱਦਿਆ ਪ੍ਰਬੰਧ ਅਤੇ ਪ੍ਰਸ਼ਾਸਨਕ ਕਾਰਵਾਈ ਕਰਨੀ, ਉਹਨਾਂ ਨੂੰ ਹੀ ਸਰਕਾਰੀ, ਸਿਆਸੀ ਰਹਿਨੁਮਾ ਬਣਾਉਣਾ, ਨਾਲੇ ਉਹਨਾਂ ਦੀ ਆਪਣੀ ਸੰਸਕ੍ਰਿਤੀ ਉਸਾਰਨੀ ਸੀ। ਮੌਲਿਕ ਸੰਸਥਾਵਾਂ ਦੇ ਵਿਕਾਸ ਨੂੰ ਮੌਲਕ-ਨ ਕਿਹਾ ਜਾਂਦਾ ਸੀ। ਰੂਸੀ ਉਦਾਹਰਨ ਵਿਚ ਭਾਸ਼ਾਈ ਵਿਕਾਸ ਦੇ ਵੇਰਵੇ 'ਚ ਕੋਈ ਕਮੀ ਨਹੀਂ, ਸਗੋਂ ਇਹਦੀਆਂ ਮੁਸ਼ਕਲਾਂ ਦਾ ਜ਼ਿਕਰ ਵੀ ਹੈ। ਆਦਰਸ਼ ਇਹ ਸੀ ਕਿ ਮੁਲਕ ਦੀ ਆਬਾਦੀ ਆਪਣੇ ਆਪ ਨੂੰ ਜ਼ਾਰਸ਼ਾਹੀ ਬਸਤੀਵਾਦੀ ਦਮਨ, ਵਿਤਕਰੇ ਤੋਂ ਆਜ਼ਾਦ ਹੋ ਗਈ ਸਮਝੇ, ਜੋ ਲੈਨਿਨ ਅਨੁਸਾਰ ਲੋਕ ਮਹਿਸੂਸ ਕਰਨ ਕਿ ਸਰਕਾਰ ਉਨ੍ਹਾਂ ਦੀ ਹੈ। ਨਾਲੇ 'ਕੌਮੀਅਤਾਂ' (Nationalities), ਮਜ਼ਦੂਰ ਸ਼੍ਰੇਣੀ, ਅਰਥਾਤ ਪ੍ਰੋਲਤਾਰੀ ਹਕੂਮਤ ਦਾ ਸਾਥ ਦੇਣਾ ਸਿਖ ਜਾਣ, ਨਾ ਕਿ ਸਰਵ-ਸ਼ਕਤੀਮਾਨ ਕੌਮਾਂ ਹੋਣ ਦੀ ਜੰਗਜੂ ਲਾਲਸਾ ਕਰਨ।

ਪੱਛਮੀ 'ਕੌਮੀਅਤਾਂ' ਦੀ ਹਾਲਤ ਪੂਰਬ ਦੀਆਂ 'ਕੌਮੀਅਤਾਂ' ਦੀ ਸਥਿਤੀ ਦੇ ਟਾਕਰੇ ਵਿਚ ਉਲਟ-ਮੁਕਾਬਲੇ (contrast) ਵਾਲੀ ਸੀ। ਲੈਟਵੀਆ (Latvia), ਐਸਟੋਨੀਆ (Estonia), ਯਹੂਦੀ, ਲਿਥੂਵੇਨੀਆ (Lithuania), ਪੋਲਾਂ (Poles), ਜਰਮਨਾਂ ਦੀ ਸਾਖਰਤਾ ਦੀ ਦਰ 76.1 ਤੋਂ 53.8 ਰੂਸੀ ਦਰ 45.0 ਤੋਂ ਜ਼ਿਆਦਾ ਸੀ; ਦੂਜੇ ਪਾਸੇ ਆਜ਼ਰਬਾਈਜਾਨ, ਕੱਜ਼ਾਕ, ਕਿਰਗਿਜ਼, ਉਜ਼ਬੇਕ, ਚੇਚਨ, ਤੁਰਕਮਾਨ, ਤਾਜਕ ਦੀ ਦਰ 8.1 ਤੋਂ 2.2 ਸੀ, 1926 ਵਿਚ। ਕੁਲ 'ਕੌਮੀਅਤਾਂ' 35 ਹਨ। ਸਨ 1930-31 ਵਿਚ ਸੰਸਕ੍ਰਿਤੀ ਪੱਖੋਂ ਪਛੜੀਆਂ 97 ਕੌਮੀਅਤਾਂ ਸਨ।

ਨਵੀਆਂ ਸਿਖਣ-ਯੋਗ (ਲੇਖਣੀ) ਭਾਸ਼ਾਵਾਂ ਪੈਦਾ ਕਰਨੀਆਂ ਸੋਵੀਅਤ ਪਾਲਸੀ ਸੀ। ਸਾਡੇ ਵਾਂਗ ਉੜੀਆ ਨੂੰ ਬੰਗਾਲੀ ਦਾ ਅਤੇ ਪੰਜਾਬੀ ਨੂੰ ਹਿੰਦੀ ਦਾ ਕਰੂਪ ਕਹਿਣ ਦੀ ਗੱਲ ਨਹੀਂ ਸੀ।

ਸਾਂਸਕ੍ਰਿਤਿਕ ਕ੍ਰਾਂਤੀ ਨੇ ਨਵੀਆਂ ਕੌਮੀਅਤਾਂ ਦੀ ਦਰਯਾਫ਼ਤ ਸੰਭਵ ਬਣਾ ਦਿੱਤੀ। 'ਮਾਰੀ' ਕੌਮੀਅਤ (ਆਬਾਦੀ 2 ਲੱਖ) ਨੂੰ ਪਹਾੜੀ ਅਤੇ ਚਰਾਂਦੀ 'ਮਾਰੀ' ਵਿਚ ਵੰਡ ਦਿੱਤਾ, ਜੋ ਪਹਾੜੀ 'ਮਾਰੀ' (50,000) ਦਾ ਸੂਬੇ ਵਿਚ ਇਲੈਹਦਾ ਜ਼ਿਲ੍ਹਾ ਬਣਾ ਦਿੱਤਾ। ਜਾਰਜੀਆ (Georgia) ਵਿਚ Mingrelians (2,50,000) ਨੇ ਇਹੀ ਮੰਗ ਕੀਤੀ। ਉਹਨਾਂ ਦਾ ਜ਼ਿਲ੍ਹਾ ਤਾਂ ਨਾ ਬਣ ਸਕਿਆ ਪਰ ਉਹਨਾਂ ਦੇ 'ਕੌਮੀ' ਪਰੈੱਸ ਅਤੇ ਸਕੂਲ ਖੋਹਲੇ ਗਏ।

ਉੱਤਰੀ ਧਰੁਵ ਨੇੜੇ ਥੋੜਕ ਲੋਕ Nentsy ਅਤੇ Chukchi ਸਨ ਜੋ ਅਤੀ ਪਛੜੇਪਨ ਸਦਕੇ ਵਿਸ਼ੇਸ਼ ਸੰਸਥਾ ਦੇ ਭਾਗੀ ਬਣੇ। ਸਾਧਾਰਨ ਸੋਵੀਅਤਾਂ (ਪੰਚਾਇਤਾਂ) ਅਸੂਲੀ ਤੌਰ 'ਤੇ ਇਲਾਕਾਈ

ਸਨ। ਪਰ ਉੱਤਰ ਦੇ ਥੋੜਕ ਲੋਕਾਂ ਲਈ ਗ਼ੈਰ-ਇਲਾਕਾਈ (ਸੋਵੀਅਤ) ਬਣਾਉਣੀ ਪਈ, ਜਿਵੇਂ ਫਗਵਾੜਾ ਤਹਿਸੀਲ ਕਪੂਰਥਲਾ ਜ਼ਿਲ੍ਹੇ ਨਾਲ ਜੁੜਤ ਨਹੀਂ। ਸਨ 1931 ਵਿਚ ਥੋੜਕ ਲੋਕਾਂ ਦੀਆਂ 9 'ਕੌਮੀ' ਕਮਿਸ਼ਨਰੀਆਂ (ਜਿਵੇਂ ਪੰਜਾਬ ਦੀਆਂ ਜਲੰਧਰ ਤੇ ਪਟਿਆਲਾ ਦੀਆਂ ਦੋ ਕਮਿਸ਼ਨਰੀਆਂ ਹਨ), 65 'ਕੌਮੀ' ਜ਼ਿਲ੍ਹੇ ਅਤੇ 411 'ਕੌਮੀ' ਗ੍ਰਾਮੀਨ ਸੋਵੀਅਤਾਂ ਸਨ। ਜਿੱਥੇ ਹਜ਼ਾਰ ਤੋਂ ਵੱਧ ਦੀ ਵਸੋਂ ਸੀ, ਓਥੇ ਲਿਖਤੀ ਭਾਸ਼ਾ ਦਾ ਪ੍ਰਬੰਧ ਕੀਤਾ ਗਿਆ। ਇਹਦੇ ਨਵਾਜ਼ (ਪਾਲਕ) ਦਾ ਕਥਨ ਸੀ ਕਿ ਕਬੀਲਿਆਂ ਤੋਂ ਨਵੀਆਂ 'ਕੌਮਾਂ' ਬਣਨ ਦਾ ਕਿਸੇ ਦਾ ਸੁਪਨਾ ਵੀ ਨਹੀਂ ਸੀ ... ਅਸੀਂ ਛੇ ਸਾਲਾਂ ਵਿਚ ਕਬੀਲਿਆਂ ਦਾ ਉਹ ਵਿਕਾਸ ਹੁੰਦਾ ਵੇਖਿਆ ਹੈ ਜੋ ਹੋਰ ਕੌਮਾਂ ਨੇ ਹਜ਼ਾਰਾਂ ਸਾਲ 'ਚ ਕੀਤਾ। ਆਸ਼ਾਵਾਦ ਦਾ ਆਪਣਾ ਧੱਕਾ ਹੁੰਦਾ ਹੈ।

ਰੂਸੀ ਕ੍ਰਾਂਤੀ ਸਦਕੇ ਆਸ਼ਾਵਾਦੀ ਵਿਸਫੋਟ ਦਾ ਜ਼ਿਕਰ ਤਾਂ ਭਾਵੇਂ ਨਾ ਮਿਲਦਾ ਹੋਵੇ ਪਰ ਇਹਦਾ ਅਨੁਮਾਨ ਲੱਗ ਸਕਦਾ ਹੈ। ਲੂਨਾਚਰਸਕੀ ਵਰਗੇ ਕਮਿਊਨਿਸਟ ਰੂਸੀ ਲਿੱਪੀ (ਸੀਰਿਲਕ-ਸੰਤ ਸੀਰਿਲ ਦੀ ਦੇਣ) ਨੂੰ ਹਟਾਉਣ ਦੇ ਹੱਕ 'ਚ ਸੀ ਤਾਂ ਜੋ ਰੂਸੀ ਭਾਸ਼ਾ ਵਿਚੋਂ ਜ਼ਾਰ-ਪੱਖੀ ਅੰਸ਼ ਕੱਢਿਆ ਜਾਵੇ। ਭਾਸ਼ਾ ਸ਼੍ਰੇਣਕ ਨਹੀਂ ਸਗੋਂ ਸਾਰਵ ਸਮਾਜ ਦੀ ਹੁੰਦੀ ਹੈ ਜਿਸ 'ਚੋਂ ਹੁਕਮਰਾਨ ਜਮਾਤ ਦੀ ਭਾਅ ਮਾਰਦੀ ਹੈ, ਜੋ ਭਾਅ ਰੰਗ ਨਹੀਂ ਹੁੰਦਾ। ਆਜ਼ਰਬਾਈਜਾਨ ਆਰਮੀਨਸਤਾਨ ਵਰਗੇ ਸੂਬਿਆਂ 'ਚ ਸੁਧਾਰਵਾਦੀ ਲਹਿਰ ਬਹੁਤੀ ਇਸਲਾਮੀ ਨਹੀਂ ਸੀ, ਜਿਸ ਕਰਕੇ ਉਹ ਅਰਬੀ ਲਿੱਪੀ ਦੇ ਹੱਕ ਵਿਚ ਨਹੀਂ ਸੀ। ਦੂਸਰੇ ਅਰਬੀ ਦੇ ਕਈ ਅੱਖਰ ਆਜ਼ਰੀਆਂ ਦੇ ਕੰਮ ਦੇ ਨਹੀਂ ਸਨ। ਨਾਲੇ ਉਹਨਾਂ ਦੀ ਭਾਸ਼ਾ ਦੇ ਕਈ ਅੰਸ਼ (ਆਵਾਜ਼ਾਂ) ਅਰਬੀ 'ਚ ਵਿਅਕਤ ਨਹੀਂ ਹੁੰਦੇ, ਜਿਵੇਂ ਅਸੀਂ ਆਪਣੇ ਉਚਾਰਨ ਵਿਚ ਅੰਗਰੇਜ਼ੀ V ਅਤੇ W ਦਾ ਫ਼ਰਕ ਨਹੀਂ ਪਾ ਸਕਦੇ। ਸੋ ਲਾਤੀਨੀ ਲਿੱਪੀ ਅਪਣਾਉਣ ਦੀ ਲਹਿਰ ਚੱਲ ਰਹੀ। ਜ਼ਾਰਵਾਦੀ ਅੰਸ਼ ਮਿਟਾਉਣ ਲਈ ਰੂਸੀ ਜ਼ਬਾਨ ਲਈ ਵੀ ਲਾਤੀਨੀ ਲਿੱਪੀ ਦੀ ਆਵਾਜ਼ ਉਠਾਈ ਗਈ।

ਦੂਸਰੇ ਆਜ਼ਰਬਾਈਜਾਨ ਆਦਿ ਸੂਬੇ ਸਾਰਵ-ਤੁਰਕੀ ਪਿਆਰ ਦੇ ਅਣਗੌਲਿਆ ਰਹਿਣ ਦੀ ਆਸ ਕਰਦੇ ਸੀ। ਤੁਰਕੀ ਦਾ ਕਮਾਲ ਪਾਸ਼ਾ ਇਸਲਾਮ ਦਾ ਹਾਮੀ ਨਹੀਂ ਸੀ, ਜਿਸ ਨੇ ਸੁਧਾਰ ਵਜੋਂ 1928 ਵਿਚ ਅਰਬੀ ਲਿੱਪੀ ਬੰਦ ਕਰ ਦਿੱਤੀ ਸੀ। ਲਿੱਪੀ ਦਾ ਪ੍ਰਗਤੀ ਨਾਲ ਕੋਈ ਸੰਬੰਧ ਨਹੀਂ, ਭਾਵੇਂ ਸਾਧਾਰਨ ਜਨ ਨੂੰ ਸੁਧਾਰਕ ਬਣਾਉਣ ਲਈ ਕੋਈ ਵੀ ਅਣਸੋਚਿਆ ਢੰਗ ਜਾਂ ਢੌਂਗ ਅਪਣਾਇਆ ਜਾ ਸਕਦਾ ਹੈ।

1930 ਵਿਚ 36 ਭਾਸ਼ਾਵਾਂ ਨੇ ਨਵੀਂ ਲਿੱਪੀ (ਲਾਤੀਨੀ) ਅਪਣਾ ਲਈ, ਜਿਹਨਾਂ ਵਿਚ ਤਿੰਨ ਮੌਂਗੋਲ 'ਕੌਮੀਅਤਾਂ' ਵੀ ਸਨ, ਕਾਲਮਿਕ (Kalmyk), Buriat Mongol, ਨਾਲੇ ਮੰਗੋਲੀਆ ਆਪ। ਸੱਤ ਈਰਾਨੀ ਜ਼ਬਾਨਾਂ ਨੇ ਏਹੀ ਕੀਤਾ। ਦਾਗ਼ਸਤਾਨ ਅਤੇ ਬੁਖਾਰਾ ਦੇ ਯਹੂਦੀਆਂ ਨੇ ਇਬਰਾਨੀ (Hebrew) ਲਿੱਪੀ ਛੱਡ ਕੇ ਲਾਤੀਨੀ ਅਪਣਾ ਲਈ।

ਅਗਲੇ ਦੋ ਸਾਲਾਂ ਵਿਚ ਚੀਨ ਅਤੇ ਕੋਰੀਆ ਲਈ ਲਿੱਪੀ ਦੀ ਕਾਢ ਕੱਢਣੀ ਅਤੇ ਉੱਤਰ ਦੇ ਥੋੜਕ ਲੋਕਾਂ ਲਈ ਲਾਤੀਨੀ ਲਿੱਪੀ ਬਣਾਉਣੀ ਸੀ, ਨਾਲੇ ਪੂਰਬੀ ਫਿੰਨਾਂ (Finns) ਅਤੇ Chuvash ਦੀ ਸੀਰਿਸਕ ਦੀ ਥਾਉਂ ਲਾਤੀਨੀ ਲਿੱਪੀ ਕਰਨੀ ਸੀ।

ਸੋਵੀਅਤ ਪਾਲਸੀ (ਜਿਨ-ਹਿਤ ਵਜੋਂ) ਉਪਭਾਖਾ ਨੂੰ ਭਾਖਾ 'ਤੇ ਤਰਜੀਹ ਦੇਣ ਦੀ ਸੀ। Chechen ਅਤੇ Ingush ਬਹੁਤ ਨਜ਼ਦੀਕੀ ਬੋਲੀਆਂ ਸਨ ਪਰ ਇਹਨਾਂ ਦੇ ਦੋ ਵੱਖਰੇ ਸਾਹਿਤ ਸਨ, ਜੋ ਦੋ ਸਵੈ-ਨਿਯਮੀ (autonomous) ਪ੍ਰਾਂਤ ਬਣ ਗਏ।

ਸਨ 1922 ਵਿਚ ਦੋ ਬੋਲੀਆਂ ਨੇ ਆਪਣੀ ਲਿੱਪੀ ਬਦਲ ਕੇ ਲਾਤੀਨੀ ਕਰ ਲਈ ਸੀ ਤਾਂ 1932 ਵਿਚ ਇਹਨਾਂ ਦੀ ਗਿਣਤੀ 66 ਹੋ ਗਈ। ਸਭ ਤੋਂ ਬਹੁਤੀ ਅਣਹੋਣੀ ਕੋਸ਼ਿਸ਼ ਚੀਨੀ ਲਿੱਪੀ ਬਣਾਉਣ ਦੀ ਸੀ। ਚੀਨੀ ਜ਼ਬਾਨ ਸ਼ਾਬਦਿਕ ਨਹੀਂ, ਮਤਲਬ ਇਹਦੇ ਅੱਖਰ ਨਹੀਂ, ਜਿਹੜੇ ਭਿੰਨ

ਧੁਨੀਆਂ ਦੇ ਵਾਚਕ ਹੋਣ। ਇਹਦੇ ਚੈਤਰੀ (ਚਿਤਰ ਸਮਾਨ) ਚਿੰਨ੍ਹ ਹਨ ਜਿਨ੍ਹਾਂ ਦਾ ਜੋੜ ਅਰਥ ਬਣਾਉਂਦਾ ਹੈ, ਪਰ ਆਵਾਜ਼ (ਸ਼ਬਦ) ਕੋਈ ਨਹੀਂ। ਪੰਜਾਬੀ ਦੇ ਅੱਖਰਾਂ ਦਾ ਜੋੜ ਸ਼ਬਦ (ਆਵਾਜ਼) ਬਣਾਉਂਦਾ ਹੈ, ਜਿਸ ਦੀ ਕੋਈ ਸ਼ਕਲ ਨਹੀਂ। ਚੀਨ ਦੀ ਕੋਈ ਪ੍ਰਮਾਣਿਕ ਬੋਲੀ ਨਹੀਂ ਸਗੋਂ ਉਹਦੀਆਂ ਸੱਤ ਉਪ-ਭਾਖਾਵਾਂ ਹਨ। ਚੀਨੀ ਜਨ ਲਿਖਤ ਨੂੰ ਵੇਖ ਕੇ ਅਰਥ ਸਮਝ ਜਾਂਦਾ ਹੈ, ਭਾਵੇਂ ਉਹਦਾ ਉਚਾਰਨ ਭੂਗੋਲ 'ਤੇ ਨਿਰਭਰ ਹੈ। ਮਾਂ ਦੇ ਚਿੰਨ੍ਹ ਦਾ ਅਰਥ ਜਣਨੀ ਹੀ ਰਹਿਣਾ ਹੈ, ਭਾਵੇਂ ਇਹਨੂੰ ਕੋਈ 'ਕਾਂ' ਅਤੇ ਕੋਈ ਹੋਰ 'ਗਾਂ' ਕਹੀ ਜਾਵੇ। ਏਸ ਤੱਥ ਦਾ ਅਸਚਰਜ ਪਰਿਣਾਮ ਹੈ ਜੋ ਚੀਨੀ ਲਿਖਤ ਪੜ੍ਹੀ ਤਾਂ ਸਾਰੇ ਦੇਸ਼ 'ਚ ਜਾ ਸਕਦੀ ਹੈ ਪਰ ਇਹਦੀ ਬੋਲ ਬਾਣੀ ਭਿੰਨ ਇਲਾਕਿਆਂ ਦੀ ਹੈ।

ਸੋਵੀਅਤ ਭਾਸ਼ਾਵਾਂ ਦੀ ਸਵੀਕਾਰਤ ਲਾਤੀਨੀ ਲਿੱਪੀ ਧੁਨੀ-ਆਧਾਰਤ ਹੋਣ ਕਰਕੇ ਅਰਥ-ਆਧਾਰਤ ਚੀਨੀ ਚਿੰਨ੍ਹ ਨਹੀਂ ਸਿਰਜ ਸਕਦੀ ਸੀ। ਇਸ ਕਰਕੇ ਚੀਨੀ ਭਾਸ਼ਾ ਨੂੰ ਪੰਜ ਉਪਭਾਸ਼ਾਵਾਂ ਸਮਝਦਿਆਂ ਇਹਦੀਆਂ ਪੰਜ, ਭਿੰਨ ਲਾਤੀਨੀ ਲਿੱਪੀਆਂ ਬਣਾਈਆਂ ਗਈਆਂ। ਇਹਨਾਂ ਵਿਚੋਂ ਇਕ ਨੂੰ ਮਨਜ਼ੂਰੀ ਮਿਲੀ ਜੋ ਅਮਲ ਦਰਾਮਦ ਵੀ ਹੋਈ। ਲਾਤੀਨੀ ਕੋਰੀਅਨ ਲਿੱਪੀ ਦੀ ਯੋਜਨਾ ਤਾਂ ਸੀ ਪਰ ਵਜੂਦ 'ਚ ਨਹੀਂ ਆਈ।

ਚੀਨੀ ਭਾਸ਼ਾ ਦੀ ਵਿਲੱਖਣਤਾ ਦਾ ਇਤਿਹਾਸਕ ਪੱਖ ਹੈ ਤੇ ਸਾਡੇ ਸਮਝਣ ਦਾ ਹੈ। ਸੰਸਕ੍ਰਿਤ ਉਚਾਰਨੀ ਜ਼ਬਾਨ ਹੈ, ਜਿਸ ਨੂੰ ਲਿਖ ਕੇ ਭ੍ਰਿਸ਼ਟ ਕਰਨਾ ਯੁੱਗਾਂ ਤਕ ਮਨਾਹ ਰਿਹਾ। ਅਸ਼ੋਕ ਦੇ ਰਾਜ ਤਾਈਂ ਇਹਦੇ ਲਿਖੇ ਜਾਣ ਦੀ ਕੋਈ ਸੰਭਾਵਨਾ ਨਹੀਂ। ਖ਼ਿਆਲ ਹੈ ਕਿ ਦੇਵਨਾਗਰੀ ਲਿੱਪੀ ਪਹਿਲੀ ਸਦੀ ਤੋਂ ਚੌਥੀ ਸਦੀ ਈਸਾ 'ਚ ਵਿਕਾਸਦੀ ਸੱਤਵੀਂ ਸਦੀ 'ਚ ਪ੍ਰਚਲਤ ਹੋਈ। ਗਿਆਨ ਭਾਸ਼ਾ ਵਿਚ ਵਿਯਕਤ ਹੁੰਦਾ ਹੈ। ਚੀਨੀ ਲੇਖਨੀਯ ਭਾਸ਼ਾ ਦਾ ਪਦਾਰਥਕ ਦ੍ਰਿਸ਼ ਕਦੇ ਵੀ ਖ਼ਤਮ ਨਹੀਂ ਹੁੰਦਾ, ਜਿਸ ਕਰਕੇ ਚੀਨੀ ਫ਼ਲਸਫ਼ੇ 'ਚ ਪਦਾਰਥਵਾਦ ਦਾ ਥੋੜ੍ਹਾ ਬਹੁਤਾ ਅੰਸ਼ ਸਦਾ ਹੀ ਕਾਇਮ ਰਹਿੰਦਾ ਹੈ। ਭਾਰਤੀ ਦਰਸ਼ਨ ਵਿਚ ਮਾਯਾ ਦੀ ਨੀਂਹ ਉਚਾਰਨੀਯ ਸੰਸਕ੍ਰਿਤ 'ਚ ਹੈ, ਜੋ ਧੁਨੀ 'ਹੁੰਦੇ ਹੁੰਦਿਆਂ ਅਣਹੋਂਦ' ਹੋਈ ਜਾਂਦੀ ਹੈ। ਇਹ ਮੇਰਾ ਕੱਚਾ-ਪੱਕਾ ਖ਼ਿਆਲ ਹੈ, ਅੱਗੇ ਪਾਠਕ ਮੇਰੇ ਨਾਲੋਂ ਬਿਹਤਰ ਜਾਣੇ।

ਈਸਾਈ ਯੁਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਿਆਲ ਸੀ ਕਿ ਜੇ ਭਾਸ਼ਾਵਾਂ ਰੱਬ ਨੇ ਬਣਾਈਆਂ ਹੁੰਦੀਆਂ ਤਾਂ ਸਾਰੇ ਹੀ ਅਨੁਵਾਦ ਪੂਰਨ ਰੂਪ 'ਚ ਸਮਾਨ ਹੋਣਗੇ। ਅਨੁਵਾਦਾਂ ਦੀ ਅਣ-ਸਮਾਨਤਾ ਤੋਂ ਪਤਾ ਲਗਦਾ ਹੈ ਕਿ ਭਾਸ਼ਾਵਾਂ ਬੰਦੇ ਨੇ ਬਣਾਈਆਂ ਹਨ। ਜਨ-ਭਾਖਾ 'ਚ ਜਾਨ ਹੁੰਦੀ ਹੈ ਜੋ ਕਿਰਤ-ਵਿਹਾਰ ਨਾਲ ਤੁਅੱਲਕ ਕਾਇਮ ਰਹਿੰਦਾ ਹੈ। ਵਿਦਵਾਨਾਂ ਦੀ ਭਾਸ਼ਾ ਯਥਾਰਥ ਨਾਲ ਤੁਅੱਲਕ ਗੁਆ ਲੈਂਦੀ ਹੈ ਜੋ ਕੁਸਾਂਭੀ ਅਨੁਸਾਰ, ਸੰਸਕ੍ਰਿਤ ਨੇ ਆਪਣਾ ਹਾਲ ਕਰ ਲਿਆ ਹੈ। ਮਿਸਾਲ ਦੇ ਤੌਰ 'ਤੇ ਅਰਜਨ (ਮ.ਕ. 79-80) ਦੇ ਅਰਥ ਹਨ- ਖੱਟਣਾ, ਜਮਲਾ ਸਦਾ ਬਹਾਰ ਬਿਰਛ, ਉੱਜਲ, ਚਿੱਟੇ ਰੰਗ ਦਾ ਕਨੇਰ, ਮੋਰ, ਇੰਦਰ।

ਸੋਵੀਅਤ ਰਾਜ ਨੇ ਭਾਸ਼ਾ ਦੇ ਵਿਕਾਸ ਦੇ ਮਹਿਕਮੇ ਨੂੰ ਇਹ ਕੰਮ ਵੀ ਸੌਂਪਿਆ ਜੋ ਪ੍ਰਸ਼ਬਦਾਵਲੀ (terminology) ਸਾਂਝੀ ਰਹੇ, ਨਾ ਕਿ ਹਰ ਜ਼ਬਾਨ ਆਪਣੇ ਘੋੜੇ ਭਜਾਈ ਜਾਵੇ। ਚਿੰਤਨ ਅਤੇ ਗਿਆਨ ਦੇ ਮੁਆਮਲੇ 'ਚ ਸ਼ਬਦ ਅਤੇ ਵਿਚਾਰ (ਵਿ-ਕਲਪ = ਖਾਸ ਕਲਪਨਾ) ਦਾ ਨਿਸ਼ਚਤ, ਸਪਸ਼ਟ ਸੰਬੰਧ ਹੋਵੇ। ਅਸੀਂ idealism ਲਈ idea ਦੀ ਥਾਂਉ ideal ਨੂੰ ਆਧਾਰ ਮੰਨ ਕੇ ਇਹਨੂੰ ਆਦਰਸ਼ਵਾਦ ਬਣਾ ਦਿੱਤਾ ਹੈ। ਯਥਾਰਥ ਦਾ ਕੋਈ ਆਦਰਸ਼ ਨਹੀਂ ਹੁੰਦਾ, ਇਹਦੇ ਬਾਰੇ 'ਵਿਚਾਰ' ਹੋ ਸਕਦਾ ਹੈ ਜੋ ਕਿਸੇ ਹੱਦ ਤਕ ਠੀਕ ਜਾਂ ਗ਼ਲਤ ਹੁੰਦਾ ਹੈ। ਇੰਝ ਯੌਰਪੀ feudalism ਦੀ ਪੱਕੀ ਬੇ-ਸਮਝੀ ਹੈ, ਜਿਹਨੂੰ ਮੁਗ਼ਲ ਜਾਗੀਰਦਾਰੀ ਜਿਹਾ ਸਮਝਿਆ ਜਾਂਦਾ ਹੈ। ਜੋ ਭਿੰਨ ਸੰਸਥਾਈ ਸੰਭਾਵਨਾਵਾਂ ਅਤੇ ਤਰੁਟੀਆਂ ਦੀ ਗ਼ਲਤੀ ਲਗਦੀ ਹੈ। ਅੱਜ ਵੀ ਅਸੀਂ liberty ਅਤੇ freedom ਨੂੰ ਇਕੋ ਸਮਝਦੇ ਹਾਂ।

ਨਵੇਂ ਦ੍ਰਿਸ਼ਟਮਾਨ (phenomenon) ਨੂੰ ਨਵੇਂ ਸ਼ਬਦਾਂ ਦੀ ਲੋੜ ਹੁੰਦੀ ਹੈ, ਜਿਹਨਾਂ ਦੀ ਪ੍ਰਮਾਣਿਕਤਾ ਬਣੀ ਬਣਾਈ ਨਹੀਂ ਮਿਲਦੀ ਸਗੋਂ ਸਮੇਂ ਨਾਲ ਬਣਦੀ ਹੈ। ਫਰਾਂਸੀਸੀ ਇਤਿਹਾਸਕਾਰ ਬਰਾਦਲ (Braudel) ਵਿਸਤਾਰ ਸਹਿਤ ਜ਼ਿਕਰ ਕਰਦਾ ਹੈ ਕਿ ਸਰਮਾਏਦਾਰੀ ਦੀ ਪ੍ਰਮਾਣਕ ਸ਼ਬਦਾਵਲੀ ਦੇ ਬਣਨ ਨੂੰ ਸੱਤ ਸੌ ਸਾਲ ਲੱਗ ਗਏ।

ਭਾਸ਼ਾ ਵਿਭਾਗ ਦੀਆਂ ਕਮੇਟੀਆਂ ਸਲਾਹ ਮਸ਼ਵਰਾ ਤਾਂ ਕਰ ਸਕਦੀਆਂ ਹਨ, ਪਰ ਜਨ ਸਾਧਾਰਨ ਨੇ ਆਪਣੀ ਕਹਿਣ ਦੇ ਸਾਧਨ ਪੈਦਾ ਕਰਨੇ ਹਨ। ਸ਼ਬਦਾਵਲੀ ਦਾ ਪ੍ਰਮਾਣਕ ਫ਼ੈਸਲਾ ਸਮੇਂ ਨਾਲ ਜਨ-ਸਵੀਕ੍ਰਿਤੀ ਦੇ ਕਰਨ ਦਾ ਹੈ, ਕਿਸੇ ਕਮੇਟੀ ਦਾ ਨਹੀਂ। ਬੰਦਿਆਂ 'ਤੇ ਡਿਕਟੇਟਰਸ਼ਿਪ ਤਾਂ ਹੋ ਜਾਂਦੀ ਹੈ ਪਰ ਬੋਲੀ 'ਤੇ ਡਿਕਟੇਟਰੀ ਨਹੀਂ ਚਲਦੀ। ਠੀਕ ਹੀ - 'ਆਤੀ ਹੈ ਉਰਦੂ ਜ਼ੁਬਾਂ ਆਤੇ ਆਤੇ।' ਮੇਰਾ ਸੁਝਾਉ ਹੈ ਕਿ ਕੋਈ ਵਿਭਾਗ liberty, ethnic, paranoia ਵਾਸਤੇ ਯੋਗ ਸ਼ਬਦਾਂ ਲਈ ਸੁਝਾਉ ਮੰਗ ਲਵੇ। ਜੇ ਮਿਲਵਰਤਨ ਸਫ਼ਲ, ਨਿੱਗਰ ਹੁੰਦਾ ਗਿਆ ਤਾਂ ਸ਼ੁਭ ਆਰੰਭ ਦੀ ਆਪਣੀ ਵਡਿਆਈ ਹੁੰਦੀ ਹੈ।

ਜਿੱਥੇ ਪਛੜੇ ਸਮਾਜਾਂ ਨੂੰ ਆਪਣੇ ਮਯਾਰ-ਇ-ਜ਼ਿੰਦਗੀ (standard of living) ਲਈ ਭਾਸ਼ਾ ਦੇ ਵਿਕਾਸ ਦੀ ਲੋੜ ਹੁੰਦੀ ਹੈ, ਉੱਥੇ ਤਰੱਕੀ-ਯਾਫ਼ਤਾ ਮੁਲਕਾਂ ਨੂੰ ਆਪਣੀ ਵਿਗਿਆਨਕ ਸਮਝ ਲਈ ਅਨੁਵਾਦਾਂ ਦੀ ਕਾਹਲ ਰਹਿੰਦੀ ਹੈ। ਉਨ੍ਹੀਵੀਂ ਸਦੀ ਵਿਚ ਇੰਗਲੈਂਡ ਨੂੰ ਕ੍ਰਿਸ਼ਕ ਰਸਾਇਣ Agricultural Chemistry ਦੀ ਸਮਝ ਲਈ ਜਰਮਨ liebug ਦੀ ਰਚਨਾ ਦਾ ਅਨੁਵਾਦ ਕਰਨ ਦੀ ਜ਼ਰੂਰਤ ਮਹਿਸੂਸ ਹੋਈ। ਵੀਹਵੀਂ ਸਦੀ ਵਿਚ ਵਿੰਡਲਬੈਂਡ ਦੀ ਜਰਮਨ ਰਚਨਾ A History of Philosophy ਦਾ ਸ਼ਿਕਾਗੋ ਯੂਨੀਵਰਸਿਟੀ ਦੇ ਫਲਸਫੇ ਦੇ ਪ੍ਰੋਫੈਸਰ ਅਧੀਨ ਅਨੁਵਾਦ ਹੋਇਆ। ਇਕੀਵੀਂ ਸਦੀ 2000 ਵਿਚ ਫਰਾਂਸੀਸੀ The Birth of the Gods and the Origin of Agriculture ਦਾ ਤਰਜਮਾ ਕੈਂਬਰਿਜ ਯੂਨੀਵਰਸਿਟੀ ਨੇ ਕਰਵਾਇਆ, ਜਿਸ ਨੂੰ (paleontology) ਪੁਰਾਤਤਵਿਗਿਆਨ ਦੀ ਉੱਤਮ ਜਾਣਕਾਰੀ ਦਾ ਫ਼ਰਜ਼ ਪੂਰਾ ਕਰਨਾ ਬਣਦਾ ਸੀ।

ਉਪਰੋਕਤ ਦੇ ਅਧੋਮਾਨ (contrast) ਵਿਚ ਸਾਨੂੰ ਆਪਣੇ ਜਨ-ਭਾਖ ਦੀ ਘੋਖ ਕਰਨੀ ਬਣਦੀ ਹੈ। ਹਰ ਜ਼ੁਬਾਨ ਦੀ ਆਪਣੀ ਭਾਵਨਾ ਅਤੇ ਚਿੰਤਨ ਹੁੰਦਾ ਹੈ। ਆਧੁਨਿਕਤਾ ਲਈ ਹੱਥ ਮਾਰਦੇ ਮਾੜਾ ਮੋਟਾ ਆਪਣੀ ਬੋਲਚਾਲ ਦਾ ਫਿਕਰ ਵੀ ਕਰ ਲਈਏ। ਮੈਂ ਹਉਮੈ-ਰਹਿਤ ਆਪਣੀਆਂ ਮਿਸਾਲਾਂ ਦਿੰਦਾ ਹਾਂ। ਸੰਸਕ੍ਰਿਤ-ਅੰਗਰੇਜ਼ੀ ਡਿਕਸ਼ਨਰੀ ਵਿਚ ਅ-ਕ੍ਰੀ ਦਾ ਅਰਥ ਵੇਖਿਆ- 'ਜੋ ਖਰੀਦਿਆ ਨਾ ਜਾ ਸਕੇ'। ਕ੍ਰੀ ਤੋਂ ਵਿਕਰੀ ਦੀ ਸਮਝ ਲਗਦੀ ਹੈ, ਜੋ ਆ-ਕ੍ਰੀ ਪੰਜਾਬੀ ਤੋਂ ਖ਼ਰੀਦ ਨਹੀਂ ਹੁੰਦਾ, ਉਹਦਾ ਭਾਉ 'ਅੱਕਰਾ' ਹੈ।

ਅਸੀਂ ਮੱਝ ਨੂੰ ਨਵੀਂ ਕਰਾਉਣ ਲਈ ਸਾਨੂੰ 'ਅੱਰਰੇ ਅੱਰਰੇ' ਕਰਦੇ ਹਾਂ। ਸਠਿਆਲੇ ਮੇਰਾ ਪ੍ਰਿੰਸੀਪਲ ਕਰਤਾਰ ਸਿੰਘ ਮਰੋਕ ਏਸ ਪੁਚਕਾਰ ਦਾ ਮੂਲ 'ਅਰਹ' (ਮ.ਕ. 83) ਸਮਝਦਾ ਸੀ। ਉਹਦਾ ਕਹਿਣਾ ਸੀ ਕਿ ਅਸੀਂ ਤਾਂ ਆਪਣੇ ਪਸ਼ੂਆਂ ਨਾਲ ਵੀ ਸੰਸਕ੍ਰਿਤ 'ਚ ਗੱਲ ਕਰਦੇ ਹਾਂ।

ਤੀਸਰੀ ਮਿਸਾਲ 'ਬਾਵਰਚੀ' ਦੀ ਹੈ। ਮੈਂ ਪ੍ਰੇਮ ਪ੍ਰਕਾਸ਼ ਦੇ ਕਈ ਚਿਰ ਖਹਿੜੇ ਪਿਆ ਰਿਹਾ ਜੋ 'ਚੀ' ਤਾਂ ਦੰਡੋਰਚੀ ਗੋਲਚੀ ਵਾਲਾ ਹੋਇਆ, ਇਹ 'ਬਾਵਰ' ਕੀ ਹੈ। ਜੇ ਉਹ, ਮੈਂ ਲੁਗ਼ਾਤ (ਕੋਸ਼) ਵਿਚ ਇਹਦਾ ਅਰਥ ਵੇਖਦਾ ਵੀ, ਤਾਂ ਖਾਣ ਵਾਲੀ ਚੀਜ਼ ਨਾ ਹੋਣ ਕਰਕੇ ਗੱਲ ਸਿਰੇ ਨਾ ਲਗਦੀ। 'ਬਾਵਰ' ਦਾ ਮਤਲਬ 'ਭਰੋਸਾ, ਯਕੀਨ' ਹੈ, ਜਿਸ ਦਾ ਬਾਵਰਚੀ ਨਾਲ ਕੀ ਸੰਬੰਧ ਹੈ? ਸਟੀਨਗਾਸ ਦੀ ਡਿਕਸ਼ਨਰੀ ਤੋਂ ਪਤਾ ਲੱਗਿਆ ਕਿ 'ਬਾਵਰਚੀ' ਦਾ ਮਤਲਬ food taster ਦਾ ਹੈ ਜੋ ਬਾਦਸ਼ਾਹ ਨੂੰ ਪਰੋਸੇ ਭੋਜਨ ਦੀ ਪਰਖ ਕਰਦਾ ਸੀ, ਕਿਤੇ ਇਹਦੇ 'ਚ ਕਿਸੇ ਨੇ ਜ਼ਹਿਰ ਤਾਂ ਨਹੀਂ

ਮਿਲਾਈ। ਪਿੰਡਾਂ ਵਿਚ ਤਾਂ ਕਿਸੇ ਨੂੰ ਚੋਰੀ ਜ਼ਹਿਰ ਦੇਣ ਦੀ ਗੱਲ ਆਮ ਹੁੰਦੀ ਸੀ।

ਬਾਵਰਚੀ ਦਾ ਅਰਥ ਤਿਲਕ ਕੇ 'ਭੋਜ-ਭਖ' ਦੀ ਥਾਂਉਂ ਭੋਜਕਾਰ ਹੋ ਗਿਆ। ਨਾਲੇ ਭਾਸ਼ਾਈ ਵਿਯੁਤਪਤੀ (etymology) ਦੀ ਰਵਾਇਤੀ ਪੈਂਠ ਨਾ ਰਹੀ। ਭਾਸ਼ਾ ਵਿਚ ਬਹੁਤ ਅਜਿਹੇ ਸ਼ਬਦ ਹਨ ਜੋ ਤਿਲਕਣ-ਹਾਰ ਹੋ ਕੇ ਹੋਰ ਦੇ ਹੋਰ ਹੋ ਗਏ ਹਨ। 'ਰਸ' rusk ਸੁੱਕੀ ਡਬਲ-ਰੋਟੀ ਦਾ ਲੰਬਾ ਟੁਕੜਾ ਹੈ ਜਿਸ ਵਿਚ ਰਸ ਉੱਕਾ ਨਹੀਂ ਹੁੰਦਾ। ਜਨ-ਭਾਖ ਨੂੰ ਗ੍ਰਹਿਣ ਕਰਨਾ ਭਾਸ਼ਾ ਦੇ ਵਿਕਾਸ ਦਾ ਜ਼ਰੂਰੀ ਪੱਖ ਹੈ ਜਿਸ ਲਈ ਅਵਾਮੀ ਸਹਿਯੋਗ ਸਾਰਥਕ ਹੋ ਸਕਦਾ ਹੈ; ਨਾਲੇ ਭਾਸ਼ਾ ਦਾ ਵਿਕਾਸ ਕੀਹਦੇ ਲਈ ਕਰਨਾ ਹੈ?

ਸੋਵੀਅਤ ਰਾਜ ਸਮੇਂ ਏਸ਼ਿਆਈ ਹਕੂਮਤਾਂ ਨੂੰ ਭਾਸ਼ਾ ਦੀ ਸਫ਼ਾਈ ਦਾ ਫਿਕਰ ਲੱਗਿਆ। ਕਈਆਂ ਦਾ ਖ਼ਿਆਲ ਸੀ ਕਿ ਤੋਰਕੀ (Turkish) ਜ਼ੁਬਾਨਾਂ 'ਚੋਂ ਅਰਬੀ ਫਾਰਸੀ ਦੇ ਲਫ਼ਜ਼ ਕੱਢ ਦੇਣੇ ਚਾਹੀਦੇ ਹਨ। ਇਹ ਸੋਚਣ ਤੋਂ ਬਿਨਾਂ ਕਿ ਇਹ ਆਏ ਕਿਵੇਂ ਸੀ... ਕੱਢਣ ਦਾ ਹੋਕਾ ਦੇਣਾ ਕੋਈ ਦਲੇਰੀ ਨਹੀਂ। ਇਸੇ ਵੇਲੇ ਰੂਸੀ ਆਪਣੀ ਜ਼ੁਬਾਨ 'ਚ ਅੰਗਰੇਜ਼ੀ ਦੇ ਥੁੜਦੇ ਸ਼ਬਦਾਂ ਨੂੰ ਰੂਸੀ ਪਿਛੇਤਰ ਲਾ ਕੇ ਰੂਸੀ ਬਣਾਈ ਜਾਂਦੇ ਸੀ। Sentimental ਤੋਂ ਸੈਂਟੀਮਾਲ-ਨਈ, revolution ਤੋਂ ਰੈਵੋਲੂ-ਤਜ਼ਯਾ, ਅੰਗਰੇਜ਼ੀ ਦਾ intelligentsia ਦਰ ਅਸਲ ਰੂਸੀ-ਅੰਗਰੇਜ਼ੀ ਦੋਗਲਾ ਹੈ intelligen-ਟਸਯਾ। ਮੈਨੂੰ ਉਪਭਾਵਕ ਸ਼ਬਦ ਕਈ ਤਰ੍ਹਾਂ ਜਚਿਆ ਨਹੀਂ। ਅਸੀਂ ਹਿੰਦੀ ਦੀ ਚੜ੍ਹਤ ਕਾਰਨ ਅਰਬੀ ਫਾਰਸੀ ਲਫ਼ਜ਼ਾਂ ਤੋਂ ਗੁਰੇਜ਼ ਕਰਦੇ ਹਾਂ। ਪੰਜਾਬੀ ਨੇ ਸ਼ਬਦਾਂ ਦੀ ਦਰਿੱਦਰਤਾ ਨਾਲ ਹਿੰਦੀ ਬਰਾਬਰ ਨਹੀਂ ਹੋ ਜਾਣਾ। ਪਾਲਸੀ ਦੇ ਰੂਪ ਵਿਚ ਮਹਾਨਕੋਸ਼ ਦੀ ਸ਼ਬਦਾਵਲੀ ਪ੍ਰਮਾਣਕ ਮੰਨੀ ਜਾ ਸਕਦੀ ਹੈ ਜਿਸ ਵਿਚ 'ਜਟਕੀ' ਵੀ ਦਰਜ ਹੈ।

ਫ਼ਿਕਰ ਲਫ਼ਜ਼ਾਂ ਦਾ ਨਹੀਂ, ਕੰਮ ਦੀ ਗੱਲ ਕਰਨ ਦਾ ਹੋਣਾ ਚਾਹੀਦਾ ਹੈ। ਅਸੀਂ 'ਬੇਵਕੂਫ਼' ਦਿਨ 'ਚ ਵੀਹ ਵਾਰ ਸੁਣਦੇ ਹਾਂ ਪਰ ਵਕੂਫ਼ (ਅਕਲ) ਲਫ਼ਜ਼ ਉਰਦੂ ਵਾਲਿਆਂ ਤੋਂ ਵੀ ਇਸਤੇਮਾਲ ਨਹੀਂ ਹੋਇਆ (ਅਰਥਾਤ ਮੈਂ ਨਹੀਂ ਪੜ੍ਹਿਆ/ਸੁਣਿਆ)। ਵਾਰਿਸ ਦੀ ਉੱਛਲ ਇਸੇ ਲਈ ਪ੍ਰੇਰਨਾ ਹੋ ਸਕਦੀ ਹੈ:

ਮਰਦ ਆਲਮਾਂ ਫ਼ਾਜ਼ਲਾਂ ਜਮ੍ਹਾ ਕੀਤੇ
ਕਿਸੇ ਰੰਨ ਨੂੰ ਕੌਣ ਵਕੂਫ਼ ਹੈ ਨੀਂ

ਯੁਕਰੇਨ ਵਾਲਿਆਂ ਨੇ ਰੋਸ ਜਾਂ ਰੂਸੀ ਜ਼ਬਾਨ ਦੇ ਵਿਰੋਧ 'ਚ ਕਿਹਾ ਸੀ ਕਿ ਸਾਨੂੰ ਜ਼ਾਰ-ਪੀੜਤ (?) ਭਾਸ਼ਾ ਦੀ ਥਾਂਉ ਯੌਰਪ ਵੱਲ ਝਾਕਣਾ ਚਾਹੀਦਾ ਹੈ। ਕਿਹੜੇ ਮੁਲਕ ਤੋਂ ਸਾਹਿਤਕ ਪ੍ਰੇਰਨਾ ਲੈਣੀ ਹੈ? ਏਸ ਗੱਲ 'ਤੇ ਨਿਰਭਰ ਹੈ ਕਿ ਦੁਨੀਆਂ ਦੇ ਸਾਹਿਤ ਨੂੰ ਕਿੰਨਾ ਕੁ ਜਾਣਦੇ ਹੋ।

ਸਾਹਿਤਕ ਪ੍ਰੇਰਨਾ ਦੀ ਦਿਲਚਸਪ ਮਿਸਾਲ ਹੈ ਜੋ ਸਨ 1530 ਵਿਚ ਹੈਨਰੀ ਅੱਠਵੇਂ ਨੇ ਦੋ ਦਰਬਾਰੀ ਕਵੀ ਇਟਲੀ ਨੂੰ ਭੇਜੇ, ਜੋ ਅੰਗਰੇਜ਼ੀ ਸ਼ਾਇਰੀ ਵੀ Petrarch ਵਰਗੀ ਮਧੁਰ ਹੋ ਜਾਵੇ। (ਲੰਡਨ ਰੀਵਿਊ ਆਫ਼ ਬੁੱਕਸ, ਜਿਲਦ 41, ਨੰਬਰ 3, ਪੰਨਾ 26)

ਭਾਸ਼ਾਈ ਵਿਕਾਸ ਦੀਆਂ ਜਿੱਥੇ ਆਪਣੀਆਂ ਨਿਸ਼ਾਨੀਆਂ ਹੁੰਦੀਆਂ ਹਨ, ਉਹਦੇ ਨਾਲ ਹੀ ਇਹਦੀਆਂ ਪ੍ਰਾਪਤੀਆਂ ਦੀਆਂ ਮੁਸ਼ਕਲਾਂ ਵੀ ਸਾਹਮਣੇ ਆ ਜਾਂਦੀਆਂ ਹਨ। ਅਨੁਮਾਨ ਹੈ ਕਿ ਪੰਜਾਬੀ ਅਖ਼ਬਾਰਾਂ ਦੀ ਪਾਠਕ-ਮਾਤਰਾ (circulation) ਚੰਡੀਗੜ੍ਹ ਦੇ ਸਾਰੇ ਅੰਗਰੇਜ਼ੀ ਅਖ਼ਬਾਰਾਂ ਦੀ ਪਾਠਕ-ਮਾਤਰਾ ਬਰਾਬਰ ਹੈ। ਜਿੱਥੇ ਇਹ ਤੱਥ ਖੁਸ਼ੀ ਦੀ ਗੱਲ ਹੈ, ਉੱਥੇ ਪੰਜਾਬੀ ਦੇ ਵਿਕਾਸ ਦੇ ਅਧੂਰੇ-ਪਨ ਦੀ ਨਿਸ਼ਾਨੀ ਹੈ। ਸਨ 1923 ਤੋਂ 1932 ਵਿਚ ਯੁਕਰੇਨੀ ਅਖ਼ਬਾਰਾਂ ਦੀ ਪਾਠਕ-ਮਾਤਰਾ ਕੁਲ ਪਾਠਕਾਂ ਦਾ 12.5 ਫ਼ੀਸਦੀ ਤੋਂ 91.7 ਫ਼ੀਸਦੀ ਹੋ ਗਈ ਅਤੇ ਰੂਸੀ ਅਖ਼ਬਾਰਾਂ ਦੀ 87.8 ਤੋਂ 4.7 ਹੋ ਗਈ।

ਇੰਝ 1924 ਤੋਂ 1931 ਤਕ institutes ਵਿਚ ਤਾਂ ਯੁਕਰੇਨੀ ਵਿਦਿਆਰਥੀ 30.5 ਤੋਂ

56.0 ਫ਼ੀਸਦੀ ਹੋ ਗਏ ਪਰ ਟੈਕਨੀਕਲ-ਸਥਾਨਾਂ 'ਚ 56.9 ਤੋਂ 66.0 ਫ਼ੀਸਦੀ ਸਨ, ਜੋ ਉਪਰੋਕਤ ਵ੍ਰਿਧੀ ਦਰ ਤੋਂ ਥੋੜ੍ਹੀ ਹੈ।

Russian Union of Federated Socialist Republics Professional Education by Nationality and Specialization 1928-29 (percent of students)

Type of School	Cultured[1]	Backward[2]
Industrial Technical	31.7	18.7
Agricultural	13.7	15.8
Pedagogical	14.4	45.5
Artiste	11.0	9.5

ਲੋੜ ਅਨੁਸਾਰ ਪੱਛੜੀਆਂ 'ਕੌਮੀਅਤਾਂ' ਮਾਸਟਰੀ ਨੂੰ ਭੱਜ ਕੇ ਪੈਂਦੀਆਂ ਹਨ ਪਰ ਮਾਸਟਰੀ ਤੋਂ ਅੱਗੇ ਨਹੀਂ ਜਾਂਦੀਆਂ। ਕਲਾ-ਪ੍ਰਾਪਤੀ ਕੋਈ ਮੁਸ਼ਕਲ ਨਹੀਂ ਲਗਦੀ। ਕ੍ਰਿਸ਼ੀ ਵੀ ਲੋੜੀਦੀ ਹੈ।

ਕਿਸੇ ਵੇਲੇ ਇਹ ਵੀ ਪਤਾ ਲੱਗਿਆ ਹੈ ਕਿ ਆਰਟਸ ਦੇ ਮਜ਼ਮੂਨ ਦੇ ਪ੍ਰੋਫੈਸਰ ਦੀ ਵਿਦਿਆ-ਪ੍ਰਾਪਤੀ ਇੰਜਨੀਅਰ ਨਾਲੋਂ ਕਿਤੇ ਜ਼ਿਆਦਾ ਹੈ। ਪੱਛੜੀਆਂ 'ਕੌਮੀਅਤਾ' ਦੀ ਕਿਤਾਬੀ ਲਾਲਸਾ ਕੰਮ-ਕਾਰ ਦੀ ਦਕਸ਼ਤਾ ਨਾਲੋਂ ਜ਼ਿਆਦਾ ਹੈ। 'ਕੌਮੀਅਤਾਂ' ਦੇ ਭਾਸ਼ਾਈ ਵਿਕਾਸ ਦਾ ਅਸਚਰਜ ਪਰਿਣਾਮ ਹੈ ਕਿ ਵਿਦਵਾਨ-ਗਣ (intelligentsia) ਦੋ-ਫਾੜ ਹੋ ਗਿਆ ਹੈ technical ਅਤੇ humanities ਵਿਚ। ਪੰਜਾਬੀ ਦੇ ਵਿਕਾਸ ਵਿਚ ਅਜਿਹਾ ਤਰੁਟੀ-ਪੂਰਨ ਸੁਭਾਗ ਕਦੋਂ ਆਉਣਾ ਹੈ? ਉਚੇਰੀ ਵਿਗਿਆਨਕ ਟੈਕਨੀਕਲ ਸਿੱਖਿਆ ਲਈ ਮਾਸਕੋ, ਲੈਨਿਨਗਰਾਦ ਵਿਚ 'ਕੌਮੀਅਤਾਂ' ਲਈ ਕੋਟੇ ਰੱਖੇ ਗਏ ਜੋ ਕੌਮੀਅਤਾਂ ਨੇ ਕਦੇ ਪੂਰੇ ਨਾ ਕੀਤੇ। 'ਕੌਮੀਅਤਾਂ' ਦੀ ਚੋਣ ਸੀ ਜੋ ਅਜਿਹੇ ਵਿਦਿਆਰਥੀਆਂ ਨੂੰ 'ਕੌਮੀ' ਲੀਡਰੀ ਲਈ ਆਪਣੇ ਕੋਲ ਹੀ ਰੱਖ ਲਿਆ ਜਾਵੇ। ਦੂਸਰੇ ਉਚੇਰੀ ਸਿਕਸ਼ਾ ਪ੍ਰਾਪਤ ਬੰਦੇ ਮਾਸਕੋ ਲੈਨਿਨਗਰਾਦ ਹੀ ਕਾਰਵਿਹਾਰ ਕਰਨਾ ਚਾਹੁੰਦੇ ਸੀ, ਜੋ ਆਪਣੀ 'ਕੌਮੀਅਤ' ਨੂੰ ਮੁੜਨਾ ਪਸੰਦ ਨਹੀਂ ਸੀ ਕਰਦੇ।

ਉਦਾਹਰਣ ਵਜੋਂ ਕਰਚਾਈ (karachai) ਸੂਬੇ ਵਿਚ 1929 ਵਿਚ ਆਗੂ ਅਸਾਮੀਆਂ 34.4 ਫ਼ੀਸਦੀ ਸੀ ਜੋ 1931 ਵਿਚ 61.4 ਫੀਸਦੀ ਹੋ ਗਈਆਂ, ਭਾਵੇਂ ਸਰਕਾਰੀ ਅਮਲੇ 'ਚ ਕੇਵਲ 21.5 ਤੋਂ 24.6 ਫੀਸਦੀ ਵਾਧਾ ਹੋਇਆ। ਇਹ ਤਾਂ ਜਿਵੇਂ ਕਿਤੇ ਪਛੜੀਆਂ 'ਕੌਮੀਅਤਾਂ' ਨਹੀਂ ਸਗੋਂ ਉਹਨਾਂ ਦੀ ਪ੍ਰਗਤੀ ਹੀ ਪਛੜਨਾ ਚਾਹੁੰਦੀ ਹੈ।

1932–35 ਵਿਚ Udmurtia ਦਾ ਸਰਕਾਰੀ ਅਮਲਾ:

	1932	1933	1334	1935
ਕੁਲ	48.5	51.2	38.8	36.5
ਲੀਡਰੀ ਅਸਾਮੀਆਂ	62.1	65.2	53.5	68.7
ਤਕਨੀਕੀ	45.8	33.3	19.4	15.0
ਜ਼ਿਲ੍ਹਿਆਂ ਦੇ ਮੁਖੀ				
ਖੇਤੀ	84.7	69.2	66.7	36.0
ਵਿੱਦਿਆ	61.0	93.4	78.6	53.5

ਲੀਡਰੀ ਦਾ ਵਾਧਾ ਦ੍ਰਿਸ਼ਟਮਾਨੀ ਹੈ। ਖੇਤ ਛੱਡ ਕੇ ਮਾਸਟਰੀ ਸੰਭਾਲਣ ਦੀ ਰੁਚੀ ਦੀ ਸਾਡੇ ਨਾਲ ਸਾਂਝ ਹੈ।

---

1. ਯੌਰਪੀ ਕੌਮੀਅਤਾਂ ਜਰਮਨ, ਪੋਲ, ਅਸਟੋਨੀ, ਯਹੂਦੀ

2. ਉੱਤਰੀ ਧਰੁਵ ਨੇੜੇ, ਜਿਪਸੀ

ਸੋਵੀਅਤ ਭਾਸ਼ਾਈ ਅਭਿਯਾਨ 'ਚ ਕੁਝ ਮੁਸ਼ਕਲਾਂ ਪ੍ਰਤੱਖ ਹੋਈਆਂ,ਜਿਸ ਦਾ ਸਾਨੂੰ ਖਾਬ-ਉ-ਖ਼ਿਆਲ ਨਹੀਂ ਹੋ ਸਕਦਾ। ਅਸੀਂ ਤਾਂ ਭਾਗਾਂ ਵਾਲੇ ਹੋਵਾਂਗੇ ਜੇ ਸਾਨੂੰ ਵੀ ਅਜਿਹੀਆਂ ਔਕੜਾਂ ਪੈਣ। ਪਹਿਲੀ ਹੈਰਾਨ-ਕੁਨ ਇਤਲਾਹ ਹੈ ਕਿ ਰੂਸੀ ਜਾਣਦੇ ਪਾਠਕ 'ਕੌਮੀ' ਜ਼ਬਾਨ ਲਈ ਉਤਸਕ ਨਹੀਂ ਸੀ। ਸਾਡੇ ਅੰਗਰੇਜ਼ੀ ਅਖ਼ਬਾਰ ਪੜ੍ਹਨ ਵਾਲੇ ਅਕਸਰ ਕਹਿੰਦੇ ਸੁਣੇ ਜਾਂਦੇ ਹਨ ਕਿ ਸਾਨੂੰ ਪੰਜਾਬੀ ਅਖ਼ਬਾਰ ਦੀ ਸਮਝ ਨਹੀਂ ਲਗਦੀ। ਉਂਝ ਭਾਵੇਂ ਇਹ 'ਕੌਮੀ' ਜ਼ੁਬਾਨ ਲਈ ਜ਼ੁਬਾਨੀ ਕਲਾਮੀ ਕਾਹਲੇ ਵਗਦੇ ਹਨ ਪਰ ਵਿਹਾਰ 'ਚ ਕੁਝ ਕਰਨ ਵਾਲੇ ਨਹੀਂ।

ਦੂਸਰੇ, ਰੂਸ ਦੇ ਆਰਥਿਕ ਯੋਜਨਾ ਅਤੇ ਇਹਦੇ ਮਹਿਕਮੇ 'ਕੌਮੀ ਭਾਸ਼ਾ' ਦੇ ਹੱਕ 'ਚ ਕੀ ਹੋਣੇ ਸੀ, ਉਹ ਤਾਂ ਭਾਸ਼ਾ ਦੇ ਆਧਾਰ 'ਤੇ ਸੂਬਾਈ ਹੱਦ-ਬੰਦੀ ਦੇ ਹੱਕ ਵਿਚ ਵੀ ਨਹੀਂ ਸੀ।

ਤੀਸਰੇ, ਵਿਗਿਆਨ ਅਤੇ ਟੈਕਨਾਲੋਜੀ ਦੇ 'ਕੌਮੀ' ਭਾਸ਼ਾਈ ਵਿਦਿਆਰਥੀ, ਮਾਹਿਰ ਬਣਾਉਣ ਲਈ ਰੂਸੀ ਜ਼ੁਬਾਨ ਸਿੱਖਣੀ ਜ਼ਰੂਰੀ ਸੀ ਕਿਉਂ ਜੋ ਇਹਦੇ ਵਿਚ ਹੀ ਲੋੜੀਂਦਾ ਗਿਆਨ ਸੁਲੱਭ ਸੀ। ਵਿਰੋਧਾਵਾਕ ਹੈ ਕਿ 'ਕੌਮੀਅਤ' ਦੀ ਭਾਸ਼ਾ ਦੀ ਪੂਰਨ ਯੋਗਤਾ ਬਣਾਉਣ ਲਈ ਗ਼ੈਰ ਜ਼ੁਬਾਨ ਰੂਸੀ ਦੀ ਲੋੜ ਸੀ। ਸਾਨੂੰ ਖ਼ਿਆਲ ਨਹੀਂ ਆਉਂਦਾ ਕਿ ਸ਼ਾਇਦ ਕਿਸੇ ਦਿਨ ਪੰਜਾਬੀ ਦੀ ਵਿਗਿਆਨਕ ਤਕਨੀਕੀ ਯੋਗਤਾ ਬਣਾਉਣ ਲਈ ਸਾਨੂੰ ਮੁੜ ਅੰਗਰੇਜ਼ੀ ਵੱਲ ਵਧੇਰੇ ਪੇਸ਼ਾਵਰਾਨਾ (professional) ਉਦਮ ਕਰਨਾ ਪੈਣਾ ਹੈ। ਜਿੱਥੇ ਕਿੱਥੇ ਹੋ ਸਕੇ, ਹੁਣ ਹੀ ਠੀਕ ਤਰ੍ਹਾਂ ਅੰਗਰੇਜ਼ੀ ਸਿਖਾਈ ਜਾਣੀ ਚਾਹੀਦੀ ਹੈ।

ਯੂਕਰੇਨ ਦੇ ਪ੍ਰਮੁੱਖ ਸ਼ਹਿਰਾਂ ਵਿਚ ਰੂਸੀ ਹੀ ਸਕੂਲਾਂ, ਦਫ਼ਤਰਾਂ ਦੀ ਜ਼ੁਬਾਨ ਸੀ, ਜਿਸ ਨੇ ਸਿਆਸੀ ਸੰਕਟ ਪੈਦਾ ਕਰ ਦਿੱਤਾ। ਦੁਭਾਸ਼ਾਈ ਸ਼ਹਿਰਾਂ ਦਾ ਮੁਆਮਲਾ ਸਿਆਸੀ ਤੌਰ 'ਤੇ ਨਜਿੱਠਣ ਦਾ ਨਹੀਂ। 'ਕੌਮੀ' ਅਤੇ ਕੇਂਦਰੀ ਭਾਸ਼ਾਈ ਅਦਾਰੇ ਦੂਰ-ਦਰਸ਼ਤਾ ਅਪਣਾਉਂਦੇ ਆਪਣਾ ਆਪਣਾ ਕੰਮ ਕਰੀ ਜਾਣ। ਲੋੜ ਅਨੁਸਾਰ ਲੋਕ ਆਪਣੀ ਭਾਸ਼ਾ ਬਦਲਦੇ ਰਹਿੰਦੇ ਹਨ, ਵਿਅਕਤੀ ਪੱਧਰ ਅਤੇ ਸਮੂਹਕ ਪੱਧਰ 'ਤੇ। ਭਾਸ਼ਾ ਦੇ ਵਿਕਾਸ ਲਈ ਚੇਤਾਵਨੀ ਹੈ ਕਿ ਇਹਦੇ ਸਮਰਥਕਾਂ ਨੂੰ ਅਜਿਹੇ ਸਾਧਨ ਪੈਦਾ ਕਰਨੇ ਪੈਣੇ ਹਨ ਜੋ ਵਿਅਕਤੀਆਂ ਲਈ 'ਕੌਮੀਅਤ' ਦੀ ਭਾਸ਼ਾ ਅਪਣਾਉਣੀ ਸੁਭਾਵਕ ਹੋ ਜਾਵੇ। ਮੋਟੇ ਲਫ਼ਜ਼ਾਂ ਵਿਚ ਪੰਜਾਬੀ ਦੇ ਵਿਕਾਸ ਲਈ ਕਿਸੇ ਦਿਨ ਆਰਥਿਕ ਵਿਕਾਸ ਲਾਜ਼ਮੀ ਹੋ ਜਾਣਾ ਹੈ- ਆਗੇ ਤੂ ਜਾਨ ਮੀਆਂ, ਹਮ ਤੋ ਖ਼ਬਰ ਕਰਤੇ ਹੈਂ। 000

The Affirmative Action Empire : Nations and Nationalism in the Soviet Union 1923-1939, Terry Martin, Cornell University Press, 2001

(144, ਸੈਕਟਰ 65, ਫੇਜ਼ 11, ਐੱਸ.ਏ.ਐੱਸ. ਨਗਰ- 160 062)

ਬਲਬੀਰ ਮਾਧੋਪੁਰੀ ਦਾ 'ਛਾਂਗਿਆ ਰੁੱਖ'

ਚਰਨਜੀਤ ਸਿੰਘ ਪੰਨੂ

ਬਲਬੀਰ ਮਾਧੋਪੁਰੀ ਦਾ ਪ੍ਰੇਮ ਭੇਟ 'ਛਾਂਗਿਆ ਰੁੱਖ' ਮੈਨੂੰ ਪਿਛਲੀ ਪੰਜਾਬ ਫੇਰੀ ਤੋਂ ਵਾਪਸੀ ਸਮੇਂ ਮਿਲਿਆ ਤਾਂ ਮੈਂ ਬਹੁਤ ਪ੍ਰਸੰਨ ਹੋਇਆ। ਪੰਨੇ ਫਰੋਲਦੇ ਅੰਮ੍ਰਿਤਸਰ ਤੋਂ ਦਿੱਲੀ ਤੇ ਦਿੱਲੀ ਤੋਂ ਕੈਲੇਫੋਰਨੀਆ ਸੈਨਹੋਜ਼ੇ ਤਕ ਪਹੁੰਚਦੇ ਮੈਂ ਇਸ ਦਾ ਸਾਰਾ ਪਾਠ ਕਰ ਲਿਆ। ਇਸ ਨੇ ਮੇਰੇ ਮਨ ਵਿਚ ਬਚਪਨ ਦੀਆਂ ਜੰਮੀਆਂ ਹੋਈਆਂ ਬਹੁਤ ਸਾਰੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ। ਇਹ ਮੇਰੇ ਸਾਰੇ ਸਫ਼ਰ ਦਾ ਸੁਖਦਾਇਕ ਹਮਸਫ਼ਰ ਸਾਬਤ ਹੋਇਆ। ਮਾਧੋਪੁਰੀ ਦੀ ਆਤਮ ਕਥਾ ਵਿਚੋਂ ਮੈਨੂੰ ਬਹੁਤ ਕੁੱਝ ਆਪਣਾ ਆਪਣਾ ਜਾਪਿਆ। ਮੈਂ ਵੀ ਉਸੇ ਤਰ੍ਹਾਂ ਆਪਣੇ ਬਚਪਨ ਵਿਚ ਪਹੁੰਚ ਗਿਆ। ਉਸ ਨੇ ਪਛਾੜੇ ਲਿਤਾੜੇ ਦਲਿਤ ਵਰਗ ਦੀ ਗੱਲ ਕੀਤੀ ਹੈ। ਪਿੰਡਾਂ ਵਿਚ ਕੰਮੀਆਂ ਕਮੀਣਾਂ ਨਾਲ ਹੋਣ ਵਾਲੇ ਵਰਤਾਰੇ ਦੀ ਤ੍ਰਾਸਦਿਕ ਵਿਆਖਿਆ ਬੜੇ ਸੋਹਣੇ ਤਰੀਕੇ ਨਾਲ ਨਿਭਾਈ ਹੈ। ਪਿੰਡਾਂ ਵਿਚ ਇਕ ਨੀਵੀਂ ਪੱਤੀ ਹੁੰਦੀ ਹੈ, ਜਾਂ ਲਹਿੰਦੀ ਪੱਤੀ ਕਹਿ ਲਵੋ, ਉਨ੍ਹਾਂ ਦਾ ਇਕ ਆਪਣਾ ਕਲਚਰ ਹੁੰਦਾ ਹੈ ਤੇ ਇਸ ਕਲਚਰ ਨੂੰ ਬਲਬੀਰ ਮਾਧੋਪੁਰੀ ਨੇ ਬੜੀ ਖ਼ੂਬਸੂਰਤੀ ਨਾਲ ਨਵਿਆਇਆ ਹੈ।

'ਉੱਚੇ ਵਿਹੜੇ ਦੀ ਅੱਗ ਜਦ ਨੀਵੇਂ ਵਿਹੜੇ ਮੱਚਦੀ, ਤਾਂ ਸੂਰਜ ਦਾ ਵੀ ਉਸ ਵੇਲੇ ਟੁੱਟ ਜਾਂਦਾ ਹੰਕਾਰ ਹੈ।' ਮੇਰੀ ਇਕ ਕਵਿਤਾ ਦਾ ਸ਼ਿਅਰ ਉਸ ਦੀਆਂ ਬਹੁਤ ਸਾਰੀਆਂ ਧਾਰਨਾਵਾਂ ਦਾ ਮੂੰਹ ਬੋਲਦਾ ਪਰਤਾਵਾ ਹੈ। ਉਸ ਨੇ ਮੈਨੂੰ ਯਾਦ ਕਰਵਾ ਦਿੱਤਾ ਕਿ ਇਕ ਵੇਰਾਂ ਸਾਡੇ ਪਿੰਡ ਵੀ ਹੜ੍ਹ ਆਏ ਸਨ। ਰਾਤ ਚੰਗੇ ਭਲੇ ਸੁੱਤੇ, ਜਦ ਸਵੇਰੇ ਉੱਠੇ, ਚਾਰ ਚੁਫੇਰੇ ਹੜ੍ਹ ਦਾ ਪਾਣੀ ਸਾਡੇ ਬਾਹਰਲੀ ਹਵੇਲੀ ਦੇ ਦਰਾਂ ਤੋਂ ਅੰਦਰ ਟੱਪਣ ਨੂੰ ਤਿਆਰ ਠਾਠਾਂ ਮਾਰ ਰਿਹਾ ਸੀ। ਘਰ ਦੇ ਸਾਰੇ ਮੈਂਬਰ ਆਹਰੇ ਲੱਗ ਗਏ। ਕੋਈ ਬਾਹਰ ਖੇਤਾਂ ਨੂੰ ਦੌੜ ਗਿਆ ਤੇ ਕੋਈ ਦਲਾਨ ਵਿਚ ਲੱਗੀਆਂ ਬੋਰੀਆਂ ਸਾਂਭਣ ਲੱਗ ਪਿਆ। ਮਾਤਾ ਨੇ ਮੈਨੂੰ ਵੀ ਉਠਾਇਆ। ਉਧਰੋਂ ਛੱਤਾਂ ਟਿੱਪ ਟਿੱਪ ਕਰ ਰਹੀਆਂ ਸਨ ਤੇ ਬਾਹਰੋਂ ਵੀ ਹੜ੍ਹ ਦਾ ਪਾਣੀ ਅੰਦਰ ਵੜਨ ਨੂੰ ਤਿਆਰ ਸੀ। ਵੇਖਦੇ ਵੇਖਦੇ ਕੁੱਝ ਅੰਦਰ ਸਾਡੀਆਂ ਮੱਝੀਆਂ ਦੇ ਥੱਲੇ ਤਕ ਵੀ ਪਹੁੰਚ ਗਿਆ ਸੀ। ਸਾਡਾ ਸੀਰੀ ਸਿਰ 'ਤੇ ਬੋਰੀ ਲੈ ਕੇ ਫਟਾਫਟ ਛੱਤ ਉੱਪਰ ਚੜ੍ਹ ਗਿਆ ਤੇ ਪੋਚਾ ਫੇਰਨ ਲੱਗਾ। ਮੈਂ ਵੀ ਪਹਿਰੇਦਾਰ ਵਾਂਗ ਬਾਹਰਲੇ ਦਰਵਾਜ਼ੇ ਦੇ ਮੋਹਰੇ ਮੋਰਚਾ ਗੱਡ ਦਿੱਤਾ। ਉਨ੍ਹਾਂ ਕਿਹਾ ਇੱਥੇ ਮਿੱਟੀ ਦੀਆਂ ਗਾਚੀਆਂ ਪੁੱਟ ਪੁੱਟ ਕੇ ਰੱਖੀ ਜਾਹ ਤਾਂ ਜੋ ਇਹ ਪਾਣੀ ਅੰਦਰ ਨਾ ਆ ਸਕੇ। ਇਨ੍ਹਾਂ ਦਿਨਾਂ ਵਿਚ ਹੜ੍ਹ ਨੇ ਤਰਨਤਾਰਨ ਤਹਿਸੀਲ ਦੇ ਪਿੰਡਾਂ ਦਾ ਬਹੁਤ ਭਾਰੀ ਨੁਕਸਾਨ ਕੀਤਾ ਸੀ। ਇਸ ਪਿੱਛੋਂ ਚੀਫ਼ ਮਨਿਸਟਰ ਪ੍ਰਤਾਪ ਸਿੰਘ ਕੈਰੋਂ ਨੇ ਪਿੰਡਾਂ ਵਿਚ ਰੋਹੀਆਂ ਤੇ ਨਾਲ਼ੇ ਪੁਟਵਾ ਦਿੱਤੇ ਸਨ। ਇਹ ਨਾਲ਼ੇ ਪੁੱਟਣ ਦਾ ਕੰਮ ਤਾਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ, ਪਰ ਬਹੁਤ ਸਾਰੇ ਜੱਟਾਂ ਜ਼ਿਮੀਂਦਾਰਾਂ ਨੇ ਡਾਂਗਾਂ ਸੋਟੇ ਫੜ ਕੇ ਅਧਿਕਾਰੀਆਂ ਨੂੰ ਕਿਹਾ ਸੀ ਕਿ ਅਸੀਂ ਆਪਣੇ ਖੇਤਾਂ ਵਿਚ ਇਹ ਨਾਲ਼ਾ ਨਹੀਂ ਪੁੱਟਣ ਦੇਣਾ। ਇਨ੍ਹਾਂ ਵਿਚ ਮੇਰਾ ਚਾਚਾ ਵੀ ਸ਼ਾਮਲ ਸੀ। ਪਰ ਇਹ ਕਹਿਰ ਦਾ ਹੜ੍ਹ ਤੂਫ਼ਾਨ ਆ ਗਿਆ। ਹੁਣ ਉਸ ਦਾ ਖੂੰਡਾ ਵੀ ਢਿੱਲਾ ਪੈ ਗਿਆ। ਤਰਨਤਾਰਨ ਵਾਲੀ ਤੇ ਜੀਓਬਾਲੇ ਦੀ ਰੋਹੀ, ਜਿਹੜੀ ਚਾਰ ਮੀਲਾਂ ਦੀ ਚੁੜਾਈ ਵਿਚ ਫੈਲੀ ਹੋਈ ਸੀ, ਨੂੰ ਪ੍ਰਤਾਪ ਸਿੰਘ ਕੈਰੋਂ ਦੇ ਹੁਕਮਾਂ ਨਾਲ ਬੰਨ੍ਹ ਕੇ ਇਕ ਨਾਲ਼ੇ ਵਿਚ ਤਬਦੀਲ ਕਰ ਦਿੱਤਾ ਗਿਆ। ਬਹੁਤ ਸਾਰੇ ਪਿੰਡਾਂ ਨੇ ਇਸ ਦਾ ਵਿਰੋਧ ਕੀਤਾ, ਪਰ

ਜਦ ਉਸ ਵਿਚ ਸਾਰਾ ਪਾਣੀ ਸਿਮਟ ਕੇ ਨਿਕਲ ਗਿਆ ਤਾਂ ਵਿਰੋਧੀਆਂ ਨੇ ਵੀ ਕੈਰੋਂ ਦੀ ਇਸ ਸਕੀਮ ਬਾਰੇ ਸ਼ਾਬਾਸ਼ ਕਹੀ। ਬਲਬੀਰ ਮਾਧੋਪੁਰੀ ਨੇ ਆਪਣੇ ਇਸ ਕਿਤਾਬ ਵਿਚ ਆਪਣੇ ਬਚਪਨ ਦੀਆਂ ਯਾਦਾਂ ਰਾਹੀਂ ਦਲਿਤ ਸੋਚ ਨੂੰ ਪਰਨਾਈ ਸਥਿਤੀ ਦਾ ਬੇਬਾਕ ਵਰਣਨ ਕੀਤਾ ਹੈ। ਉਹ ਗੁੜ ਦੀ ਚਾਹ ਪੀਂਦੇ ਹੁੰਦੇ ਸਨ ਤੇ ਕਈ ਵੇਰਾਂ ਰੱਖੇ ਹੋਏ ਪੁਰਾਣੇ ਗੁੜ ਵਿਚ ਕੀੜੇ ਪੈ ਜਾਂਦੇ ਸਨ। ਇਹ ਵੀ ਸੁੱਟਣ ਦੀ ਫ਼ੁਰਸਤ ਨਹੀਂ ਸੀ। ਸੁੰਡੀਆਂ ਵਾਲੇ ਗੁੜ ਨੂੰ ਹੀ ਚਾਹ ਵਿਚ ਪਾ ਕੇ ਉਬਾਲ ਕੇ ਬਾਅਦ ਵਿਚ ਛਾਨਣੀ ਕੱਪੜੇ ਰਾਹੀਂ ਪੁਣ ਚਾਹ ਪੀਤੀ ਜਾਂਦੀ ਸੀ। ਅਜਿਹੀ ਕਚਿਆਣ ਵਿਚ ਆਰਥਿਕ ਮੜੱਤਣ ਛਿਪੀ ਹੋਈ ਹੈ ਤੇ ਇਸ ਨੂੰ ਹੀ ਮਜਬੂਰੀ ਦਾ ਨਾਮ ਮਹਾਤਮਾ ਗਾਂਧੀ ਕਹਿੰਦੇ ਹਨ।

ਸਾਰੇ ਪਿੰਡਾਂ ਦੇ ਖੇਤਾਂ ਦਾ ਕੰਮ ਇਹ ਦਲਿਤ ਮਿਹਨਤੀ ਮਜ਼ਦੂਰ ਹੀ ਕਰਦੇ ਰਹੇ ਹਨ। ਬੰਦੇ ਹੀ ਨਹੀਂ ਉਨ੍ਹਾਂ ਦੇ ਨਾਲ ਬੱਚੇ ਤੇ ਔਰਤਾਂ ਵੀ ਜ਼ਿਮੀਂਦਾਰਾਂ ਦੇ ਘਰਾਂ ਵਿਚ ਇਕ ਕਿਸਮ ਦੀ ਬੰਧੂਆ ਮਜ਼ਦੂਰੀ ਕਰਨ ਨੂੰ ਮਜਬੂਰ ਹੁੰਦੇ ਸਨ। ਹੁਣ ਭਾਵੇਂ ਇਨ੍ਹਾਂ ਦੀ ਥਾਂ ਯੂ ਪੀ, ਬਿਹਾਰ ਦੇ ਭਈਆਂ ਨੇ ਲੈ ਲਈ ਹੈ। ਪਰ ਦਲਿਤ ਕਿਰਤੀਆਂ ਦੀ ਸਥਿਤੀ ਦੇ ਉਲਟ ਭਈਏ ਨਾਲੇ ਅੱਖਾਂ ਦਿਖਾਉਂਦੇ ਅਹਿਸਾਨ ਜਤਾਉਂਦੇ ਹਨ, ਨਾਲੇ ਉਹ ਕੁਕਰਮ ਕਰਦੇ ਹਨ ਜੋ ਜ਼ਿਮੀਂਦਾਰ ਲੋਕ ਅਖੌਤੀ ਨੀਵੀਂ ਜਾਤੀ ਦੇ ਇਹਨਾਂ ਦਲਿਤ ਮਿਹਨਤੀ ਮਜ਼ਦੂਰਾਂ ਦੀਆਂ ਜ਼ਨਾਨੀਆਂ ਨਾਲ ਕਰਦੇ ਰਹੇ ਹਨ। ਖੇਤਾਂ ਵਿਚੋਂ ਸਾਗ ਤੋੜਨ ਦੇ ਬਹਾਨੇ, ਟੱਟੀ ਜਾਣ ਦੇ ਬਹਾਨੇ ਜਾਂ ਰੁੱਗ ਪੱਠਿਆਂ ਦਾ ਲੈਣ ਦੇ ਬਹਾਨੇ ਜਾਂਦੀਆਂ ਮਜ਼ਦੂਰ ਔਰਤਾਂ ਨਾਲ ਜ਼ਿਮੀਂਦਾਰ ਕਿਸ ਤਰ੍ਹਾਂ ਵਰਤਾਰਾ ਕਰਦੇ ਸਨ ਤੇ ਉਹ ਕਿਸ ਤਰ੍ਹਾਂ ਨਜਿੱਠਦੀਆਂ ਸਨ, ਇਹ ਬੜੇ ਭਾਵਪੂਰਵਕ ਲਹਿਜੇ ਵਿਚ ਦਰਸਾਇਆ ਗਿਆ ਹੈ। 1955 ਦੇ ਕਰੀਬ ਟਿੱਡੀ-ਦਲ ਦਾ ਬਹੁਤ ਜ਼ੋਰ ਸੀ। ਮੇਰੀ ਸੰਭਾਲ ਵਿਚ ਇਹ ਦੋ ਵੇਰਾਂ ਆਇਆ ਸੀ, ਜਦੋਂ ਅਸੀਂ ਸਕੂਲ ਦੇ ਮਾਸਟਰ ਦੇ ਹੁਕਮਾਂ ਨਾਲ ਪੀਪੇ ਲੈ ਕੇ ਤੇ ਹੋ ਹੱਲਾ ਖੜਕਾ ਕਰ ਕੇ ਟਿੱਡੀ ਦਲ ਨੂੰ ਭਜਾਉਣ ਦਾ ਉਪਰਾਲਾ ਕਰਦੇ ਹੁੰਦੇ ਸੀ। ਟਿੱਡੀ ਦਲ ਦਾ ਵੱਡਾ ਤੂਫ਼ਾਨ ਸੂਰਜ ਨੂੰ ਵੀ ਢਕ ਲੈਂਦਾ, ਸਾਰੇ ਦਰਖਤ ਤੇ ਫ਼ਸਲਾਂ ਨੂੰ ਰੁੰਡ-ਮਰੁੰਡ ਕਰ ਜਾਂਦਾ ਸੀ। ਬਲਬੀਰ ਮਾਧੋਪੁਰੀ ਤਾਂ ਦਲਿਤਾਂ ਦੀ ਤਰਸਯੋਗ ਆਰਥਿਕ ਸਥਿਤੀ ਦੇ ਪ੍ਰਮਾਣ ਵਜੋਂ ਇਹ ਦਰਸਾਉਣ ਵਿਚ ਬਹੁਤ ਅੱਗੇ ਲੰਘ ਗਿਆ ਹੈ ਕਿ ਉਸ ਦੇ ਤਾਏ ਨੇ ਉਸ ਨੂੰ ਹੋਲ਼ਾਂ ਦੀ ਥਾਂ ਇਹ ਟਿੱਡੀਆਂ ਭੁੰਨ ਕੇ ਖੁਆ ਦਿੱਤੀਆਂ ਸਨ।

ਨੀਵੀਂ ਪੱਤੀ ਦੀ ਵੀ ਆਪਣੀ ਭਾਸ਼ਾ ਹੈ ਤੇ ਉਹ ਭਾਸ਼ਾ ਇੰਨ ਬਿੰਨ ਉਸੇ ਤਰ੍ਹਾਂ ਹੀ ਇਸ ਪੁਸਤਕ ਦਾ ਹਿੱਸਾ ਬਣੀ ਹੈ। ਜੱਟਵਾਦ ਤੇ ਕੰਮੀਵਾਦ ਉਸ ਵੇਲੇ ਦੇ ਦਿਹਾਤੀ ਖੇਤਰ ਦੇ ਸ਼ਬਦ ਹਨ। ਦੋਹਾਂ ਦਾ ਆਪੋ ਵਿਚ ਨਹੁੰ ਮਾਸ ਦਾ ਰਿਸ਼ਤਾ ਹੈ। ਜੱਟਵਾਦ ਦਾ ਕੰਮੀਵਾਦ ਤੋਂ ਬਿਨਾਂ ਗੁਜ਼ਾਰਾ ਨਹੀਂ ਤੇ ਕੰਮੀਵਾਦ ਦਾ ਜੱਟਵਾਦ ਤੋਂ ਬਿਨਾਂ ਗੁਜ਼ਾਰਾ ਨਹੀਂ ਸੀ। ਦੋਵੇਂ ਹੀ ਇਕ ਦੂਜੇ ਨੂੰ ਪ੍ਰੇਮ ਪਿਆਰ ਵੀ ਕਰਦੇ ਸਨ ਤੇ ਇਕ ਦੂਜੇ ਤੋਂ ਦੂਰੀ ਰੱਖਣਾ ਵੀ ਚਾਹੁੰਦੇ ਸਨ। ਉੱਚੇ ਸਮਝਣ ਵਾਲੇ ਲੋਕ ਘਰਾਂ ਵਿਚ ਕੁੱਤੇ ਬਿੱਲੀਆਂ ਨੂੰ ਤਾਂ ਆਪਣੇ ਕੁੱਛੜ ਚੁੱਕ ਕੇ ਦੁੱਧ ਪਿਲਾਉਂਦੇ ਸਨ। ਉਹ ਚੌਂਕੇ ਵਿਚ ਸ਼ਰ੍ਹੇਆਮ ਫਿਰਦੇ ਖੇਲ੍ਹਦੇ ਰਹਿੰਦੇ ਸਨ, ਪਰ ਇਨ੍ਹਾਂ ਮਜ਼ਦੂਰਾਂ ਦੇ ਘਰ ਵੜਨ 'ਤੇ ਚੁਲ੍ਹਾ ਚੌਂਕਾ ਭਿੱਟਿਆ ਜਾਂਦਾ ਸੀ। ਉਨ੍ਹਾਂ ਦੀਆਂ ਬਾਟੀਆਂ, ਗਿਲਾਸ, ਥਾਲ਼ੀਆਂ ਘਰਾਂ ਦੇ ਭਾਂਡਿਆਂ ਤੋਂ ਅੱਡ ਰੱਖੀਆਂ ਜਾਂਦੀਆਂ ਸਨ। ਉਨ੍ਹਾਂ ਨੂੰ ਇਸ ਤਰ੍ਹਾਂ ਰੋਟੀ ਪਾਣੀ ਦਿੱਤਾ ਜਾਂਦਾ ਸੀ ਜਿਵੇਂ ਉਹ ਕਿਸੇ ਹੋਰ ਹੀ ਜੂਨੀ ਵਿਚੋਂ ਆਏ ਹੋਣ। ਉਨ੍ਹਾਂ ਦੀ ਖੱਟੀ ਕਮਾਈ ਇਹ ਜੱਟਵਾਦ ਵਾਲੇ ਖਾਂਦੇ ਸਨ, ਪਰ ਉਨ੍ਹਾਂ ਨਾਲ ਬੜੇ ਨੀਚ ਵਰਤਾਰੇ ਨਾਲ ਪੇਸ਼ ਆਉਂਦੇ ਸਨ। ਮੈਨੂੰ ਯਾਦ ਹੈ ਇਹ ਸੀਰੀ ਜਾਂ ਦਿਹਾੜੀਦਾਰ ਤਿੰਨ ਤਿੰਨ ਮਣ ਦੀਆਂ ਬੋਰੀਆਂ ਸਿਰ 'ਤੇ ਚੁੱਕ ਕੇ ਜਿਨਸ ਅੰਦਰ

ਸੁੱਟਦੇ ਸਨ। ਉਨ੍ਹਾਂ ਨੂੰ ਚੱਕੀ ਤੋਂ ਆਟਾ ਪਿਹਾਉਣ ਭੇਜਦੇ ਸਨ, ਪਰ ਜਦ ਰੋਟੀ ਪੱਕਦੀ ਸੀ ਤਾਂ ਉਨ੍ਹਾਂ ਨੂੰ ਦੂਰ ਬਿਠਾ ਦਿੰਦੇ ਸਨ ਕਿ ਸਾਨੂੰ ਭਿੱਟ ਪੈਂਦੀ ਹੈ। ਸਕੂਲਾਂ ਵਿਚ ਵੀ ਇਹੋ ਹਾਲ ਸੀ। ਗੁਰਦੁਆਰੇ ਵਿਚ ਵੀ ਇਹੋ ਹਾਲ ਸੀ। ਜਦ ਕਿਸੇ ਨਲ਼ਕੇ ਤੋਂ ਕੋਈ ਨੀਵੀਂ ਜਾਤ ਵਾਲਾ ਬੱਚਾ ਪਾਣੀ ਪੀਂਦਾ ਤਾਂ ਚੜ੍ਹਦੀ ਪੱਤੀ ਵਾਲੇ ਬੱਚੇ ਦੇ ਮਨ ਵਿਚ ਇਹ ਨਫ਼ਰਤ ਜ਼ਹਿਰ ਕੁੱਟ ਕੇ ਭਰੀ ਪਈ ਸੀ ਕਿ ਇਹ ਨੀਚ ਜਾਤ ਹੈ। ਇਸ ਤਰ੍ਹਾਂ ਉਹ ਹੱਥੀ ਨੂੰ ਪਹਿਲਾਂ ਧੋ ਕੇ ਫਿਰ ਆਪ ਨਲ਼ਕਾ ਗੇੜ ਕੇ ਉਸ ਵਿਚੋਂ ਪਾਣੀ ਪੀਂਦਾ ਸੀ। ਸਕੂਲਾਂ ਵਿਚ ਵੀ ਅਜਿਹੇ ਬੱਚਿਆਂ ਦੀ ਵੱਖਰੀ ਕਲਾਸ ਹੁੰਦੀ ਸੀ। ਇਹ ਬੱਚੇ ਵੱਖ ਅੱਡ ਟਾਟਾਂ 'ਤੇ ਬਿਠਾਏ ਜਾਂਦੇ ਸਨ। ਇਹ ਮਨੁੱਖਤਾ ਨਾਲ ਕਿੰਨਾ ਵੱਡਾ ਅਨਿਆਏ, ਕਰੋਪੀ ਤੇ ਕਿੰਨੀ ਵੱਡੀ ਮਨੂ ਦੀ ਮਾਰ ਸੀ, ਜਿਸ ਨੇ ਜਾਤਾਂ ਵਿਚ ਵੰਡ ਕੇ ਸਮਾਜ ਸੁਸਾਇਟੀ ਨੂੰ ਤਿੰਨ ਚਾਰ ਭਾਗਾਂ ਵਿਚ ਵੰਡ ਦਿੱਤਾ। ਹੁਣ ਇਹ ਕੰਧਾਂ ਢਹਿ ਰਹੀਆਂ ਹਨ, ਇਹ ਢਹਿਣੀਆਂ ਚਾਹੀਦੀਆਂ ਹਨ। ਜਦ ਅਸੀਂ ਇਕ ਪਾਸੇ ਕਹਿੰਦੇ ਹਾਂ ਕਿ ਮਨੁੱਖ ਰੱਬ ਦੇ ਭੇਜੇ ਸਭ ਬਰਾਬਰ ਭਾਈ ਭਾਈ ਹਨ, ਫਿਰ ਇਨ੍ਹਾਂ ਨਾਲ ਅਜਿਹਾ ਦੋਗਲਾ ਵਿਵਹਾਰ ਕਿਉਂ? ਇਹ ਕਿਸੇ ਨੇ ਵੀ ਅੱਜ ਤਕ ਸਮਝਣ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ 'ਤੇ ਬਲਬੀਰ ਮਾਧੋਪੁਰੀ ਨੇ ਬੜੀ ਘੁੱਟ ਨੱਪ ਕੇ ਉਂਗਲ ਟਿਕਾਈ ਹੈ। ਹੋਰ ਤਾਂ ਹੋਰ ਮੰਦਰ ਗੁਰਦੁਆਰਿਆਂ ਵਿਚ ਵੀ ਉਨ੍ਹਾਂ ਨੂੰ ਜਾਣ ਦੀ ਖੁੱਲ੍ਹ ਨਹੀਂ ਸੀ। ਉਨ੍ਹਾਂ ਕੋਲ ਪ੍ਰਸ਼ਾਦ ਵੀ ਦੂਰੋਂ ਹੀ ਸੁੱਟ ਦਿੱਤਾ ਜਾਂਦਾ ਸੀ। ਸ਼ਾਇਦ ਇਹੋ ਕਾਰਨ ਸੀ ਕਿ ਹੁਣ ਤਕ ਅਸੀਂ ਉਨ੍ਹਾਂ ਦੇ ਆਪਣੇ ਵੱਖਰੇ ਗੁਰਦੁਆਰੇ ਤੇ ਮੰਦਰ ਬਣੇ ਵੇਖਦੇ ਹਾਂ। ਆਖ਼ਿਰਕਾਰ ਉਹ ਵੀ ਇਨਸਾਨ ਹਨ ਤੇ ਉਨ੍ਹਾਂ ਨੇ ਸੋਚਿਆ ਕਿ ਤੁਸੀਂ ਸਾਨੂੰ ਆਪਣੇ ਰੱਬ ਦੇ ਘਰ ਜਾਣ ਨਹੀਂ ਦਿੰਦੇ ਤੇ ਅਸੀਂ ਆਪਣੇ ਰੱਬ ਦਾ ਘਰ ਅੱਡ ਬਣਾ ਲੈਂਦੇ ਹਾਂ। ਸ਼ੂਦਰਪੁਣੇ, ਛੂਤ ਛਾਤ ਅਤੇ ਜਾਤ-ਪਾਤ ਦੀ ਵਿਕਰਾਲ ਸਥਿਤੀ ਨਾਲ ਮੁਕਾਬਲਾ ਕਰਨ ਵਾਲੀ, ਲੱਤ ਮਾਰਨ ਵਾਲੀ ਮਾਧੋਪੁਰੀ ਦੀ ਇਹ ਇਕ ਬਹੁਤ ਸ਼ਕਤੀਸ਼ਾਲੀ ਲਿਖਤ ਹੈ, ਜਿਸ ਨੇ ਚੰਗੇ ਚੰਗੇ ਅਫ਼ਲਾਤੂਨਾਂ ਦੇ ਕੰਨ ਖੋਲ੍ਹ ਦਿੱਤੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਇਸ ਕਿਤਾਬ ਦੀਆਂ ਹੁਣ ਤਕ ਪੰਦਰਾਂ ਤੋਂ ਵੱਧ ਐਡੀਸ਼ਨਾਂ ਛਪ ਚੁੱਕੀਆਂ ਹਨ। ਇਹ ਕਈ ਇਨਾਮ ਸਨਮਾਨ ਪ੍ਰਾਪਤ ਕਰ ਚੁੱਕੀ ਹੈ। ਕਈ ਸਕੂਲਾਂ ਕਾਲਿਜਾਂ ਯੂਨੀਵਰਸਿਟੀਆਂ ਵਿਚ ਇਸ ਨੂੰ ਸਿਲੇਬਸ ਵਜੋਂ ਮਾਨਤਾ ਪ੍ਰਾਪਤ ਹੈ। ਇਹ ਬੱਚਿਆਂ ਵਿਚ ਪੜ੍ਹਾਈ ਜਾਂਦੀ ਹੈ।

ਜਿੱਥੇ ਚਾਹ ਉੱਥੇ ਰਾਹ ਵਾਂਗ ਮਾਧੋਪੁਰੀ ਨੇ ਸਮਾਜ ਨੂੰ ਇਕ ਨਵੀਂ ਸੇਧ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਦਰਿਆ ਜਦ ਚਲਦਾ ਹੈ ਤਾਂ ਉਹ ਆਪਣੇ ਰਸਤੇ ਆਪ ਬਣਾਉਂਦਾ ਹੈ। ਜਦ ਉਸ ਦੀ ਅੱਖ ਖੁੱਲ੍ਹੀ ਤਾਂ ਉਸ ਨੇ ਪਿਉ ਦਾਦੇ, ਮਾਂਵਾਂ ਭੈਣਾਂ ਨੂੰ ਅਜਿਹੀ ਜ਼ਲਾਲਤ ਭਰੀ ਜ਼ਿੰਦਗੀ ਜੀਊਂਦਿਆਂ ਦੇਖਿਆ ਤਾਂ ਉਸ ਦਾ ਦਿਲ ਕੀਤਾ ਕਿ ਉਹ ਇਸ ਸਮਾਜ ਦੇ ਭੈੜੇ ਵਰਤਾਰੇ ਨੂੰ ਤੋੜ ਸੁੱਟੇ। ਉਸ ਨੇ ਮਨ ਵਿਚ ਕਚੀਚੀ ਭਰੀ ਕਿ ਮੈਂ ਵੀ ਦਿੱਲੀ ਜਾਵਾਂਗਾ ਤੇ ਉੱਥੇ ਜਾ ਕੇ ਆਪਣੇ ਮਨੋਰਥ ਨੂੰ ਮੁਕੰਮਲ ਜਾਮਾ ਪਹਿਨਾਵਾਂਗਾ। ਉਸ ਦੀ ਮਿਹਨਤ ਵਰ ਆਈ। ਉਸ ਨੇ ਰੁੜ੍ਹ-ਪੁੜ੍ਹ ਕੇ ਆਪਣੀ ਪੜ੍ਹਾਈ ਕੀਤੀ। ਸਰਕਾਰੀ ਨੌਕਰੀ ਪ੍ਰਾਪਤ ਕੀਤੀ ਤੇ ਪੱਤਰਕਾਰੀ ਵਿਚ ਕੰਮ ਕੀਤਾ। 'ਨਵਾਂ ਜ਼ਮਾਨਾ' ਤੇ ਹੋਰ ਅਖ਼ਬਾਰਾਂ ਨਾਲ ਉਸ ਦਾ ਸੰਪਰਕ ਵਧਿਆ। ਕਾਮਰੇਡ ਉਸ ਦੇ ਸਾਥੀ ਬਣ ਗਏ। ਤੇ ਫਿਰ ਦਿੱਲੀ ਦੂਰ ਨਹੀਂ ਸੀ। ਉਹ ਉਸ ਦੇ ਕਦਮਾਂ ਵਿਚ ਆ ਗਈ। ਉਸ ਦੀ ਮਿਹਨਤ ਦੀ ਡੋਰ ਦਿੱਲੀ ਵੱਲ ਪਹੁੰਚ ਗਈ ਤੇ ਆਖਿਰ ਉਸ ਦੇ ਸੁਪਨੇ ਪੂਰੇ ਹੋ ਗਏ। ਦਿੱਲੀ ਜਾ ਕੇ ਉਹ ਸਰਕਾਰੀ ਗਜ਼ਟਿਡ ਅਫ਼ਸਰ ਬਣ ਗਿਆ। ਰਿਟਾਇਰਮੈਂਟ ਤੋਂ ਬਾਅਦ ਵੀ ਉਸ ਦੀਆਂ ਪ੍ਰਾਪਤੀਆਂ ਉਸ ਦੇ ਮੱਥੇ ਦਾ ਸ਼ਿੰਗਾਰ ਬਣੀਆਂ ਰਹੀਆਂ। ਕਈ ਅਦਾਰਿਆਂ ਨੇ ਉਸ ਨੂੰ ਆਪਣੇ ਨਾਲ ਮਿਲਾਉਣ ਦੀ ਪੇਸ਼ਕਸ਼ ਕੀਤੀ। ਉਹ ਦਿੱਲੀ ਪੰਜਾਬੀ ਭਵਨ ਵਿਚ ਪੰਜਾਬੀ

ਸਾਹਿੱਤ ਸਭਾ ਦਾ ਇਕ ਜ਼ਿਕਰਯੋਗ ਅਧਿਕਾਰੀ ਬਣ ਗਿਆ। ਉਸ ਦੀਆਂ ਗੁਣਾਤਮਕ ਪ੍ਰਾਪਤੀਆਂ, ਯੋਗਤਾਵਾਂ ਤੇ ਲੋਕਤਾਵਾਂ ਦਾ ਹੀ ਨਤੀਜਾ ਹੈ ਕਿ ਉਹ ਇਸ ਵੇਲੇ ਦਿੱਲੀ 'ਤਖਤ' 'ਤੇ ਬੈਠਾ ਹੈ। ਦੂਰ ਦੇਸ਼ ਵਿਦੇਸ਼ ਵਿਚ ਉਸ ਦੇ ਕਾਰਨਾਮਿਆਂ ਦੀਆਂ ਧੁੰਮਾਂ ਪਈਆਂ ਹੋਈਆਂ ਹਨ। ਨਲਵਾ ਸ਼ੇਰ ਵਾਂਗੂ ਲੋਕ ਇਸ ਮਾਧੋਪੁਰੀ ਦਾ ਨਾਮ ਲੈ ਲੈ ਕੇ ਆਪਣੇ ਬੱਚਿਆਂ ਨੂੰ ਉਤਸ਼ਾਹਤ ਕਰਦੇ ਹਨ ਕਿ ਬਲਬੀਰ ਮਾਧੋਪੁਰੀ ਵਰਗੇ ਬਣੋ, ਉਸ ਨੂੰ ਪੜ੍ਹੋ ਤੇ ਉਸ ਕੋਲੋਂ ਪ੍ਰੇਰਨਾ ਲਵੋ।

ਉਸ ਦੇ ਆਪਣੇ ਜੀਵਨ ਬਾਰੇ ਕੌੜੇ ਸੱਚੇ ਸਾਰੇ ਤੱਥ ਬੜੀ ਸ਼ਿੱਦਤ ਨਾਲ ਪੇਸ਼ ਕੀਤੇ ਹਨ। ਉਸ ਦੀ ਜ਼ਿੰਦਗੀ ਦਾ ਮਿਹਨਤੀ ਪੱਖ ਵੇਖ ਕੇ ਪਾਠਕਾਂ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਉਹ ਵੀ ਹੌਸਲਾ ਕਰਦੇ ਛਾਲਾਂ ਮਾਰਦੇ ਅੱਗੇ ਵਧਣ ਨੂੰ ਤਰਜੀਹ ਦਿੰਦੇ ਹਨ, ਕਿ ਜੇ ਬਲਬੀਰ ਮਾਧੋਪੁਰੀ ਏਨੀਆਂ ਮੁਸ਼ਕਲਾਂ ਨੂੰ ਲਿਤਾੜਦਾ ਹੋਇਆ ਅੱਗੇ ਅੰਬਰਾਂ ਵੱਲ ਉਡਾਰੀਆਂ ਭਰਦਾ ਰਿਹਾ ਹੈ ਤਾਂ ਅਸੀਂ ਵੀ ਕਿਉਂ ਨਹੀਂ ਕਰ ਸਕਦੇ? ਇਹ ਕਿਤਾਬ ਉਨ੍ਹਾਂ ਸਾਰਿਆਂ ਵਾਸਤੇ ਪ੍ਰੇਰਨਾਯੋਗ ਹੈ ਜੋ ਮੰਜ਼ਿਲ ਨੂੰ ਮੁਸ਼ਕਲ ਸਮਝ ਕੇ ਹੌਸਲਾ ਹਾਰ ਬੈਠਦੇ ਹਨ। ਇਕੱਲੇ ਰੱਬ 'ਤੇ ਡੋਰੀ ਸੁੱਟ ਕੇ ਹੱਥ ਜੋੜ ਬੈਠਣ ਨਾਲ ਹੀ ਮੰਜ਼ਿਲ ਪ੍ਰਾਪਤ ਨਹੀਂ ਹੁੰਦੀ। ਬਲਬੀਰ ਮਾਧੋਪੁਰੀ ਨੇ ਇਹ ਸਿੱਧ ਕਰ ਦਿਖਾਇਆ ਹੈ ਕਿ ਰੱਬ ਵੀ ਉਸ ਦੀ ਮਦਦ ਕਰਦਾ ਹੈ ਜੋ ਆਪਣੀ ਮਦਦ ਆਪ ਕਰਦਾ ਹੈ। ਇਹ ਪੁਸਤਕ ਦੱਬੇ ਕੁਚਲੇ ਲੋਕਾਂ ਦੀ ਰਹਿਨੁਮਾਈ ਕਰਦੀ ਭਵਿੱਖ ਦੀ ਵਰਣਮਾਲਾ ਹੈ ਜੋ ਨਵੀਂ ਸੇਧ ਤੇ ਜੀਵਨ-ਜਾਚ ਸਿਖਾਉਂਦੀ ਹੈ। ਇਹ ਪੁਸਤਕ ਹਰੇਕ ਲਾਇਬਰੇਰੀ ਦਾ ਹਿੱਸਾ ਹੋਣੀ ਚਾਹੀਦੀ ਹੈ ਤੇ ਹਰੇਕ ਸ਼ਖ਼ਸ ਨੂੰ ਇਹ ਪੜ੍ਹਨੀ ਚਾਹੀਦੀ ਹੈ।

ਮਾਧੋਪੁਰੀ ਨੇ ਆਪਣੇ ਬਚਪਨ ਯਾਨੀ ਕਿ ਇਕ ਛੋਟੇ ਪੌਦੇ ਦੇ ਉੱਗਣ ਤੋਂ ਲੈ ਕੇ ਕਰੂੰਬਲਾਂ, ਟਾਹਣੀਆਂ ਸ਼ਾਖਾ ਨਿਕਲਣ ਤਕ, ਮੀਂਹ ਹਨੇਰੀ ਤੁਫ਼ਾਨਾਂ ਦਾ ਟਾਕਰਾ ਕਰਦੇ ਫਲ ਫੁਲ ਆਉਣ ਤਕ, ਉਸ ਦਰਖਤ ਨੂੰ ਛਾਂਗੇ ਜਾਣ ਤਕ ਤੇ ਸਿਖਰ ਤਕ ਪਹੁੰਚਾਉਣ ਦਾ ਇਕ ਵਰਗੀਕਰਨ ਪ੍ਰਸੰਗ ਸਿਰਜਿਆ ਹੈ। ਇਹ ਉਸ ਦਾ ਆਪਣਾ ਸਿਰਜਣ ਸੰਸਾਰ ਹੈ। ਉਸ ਨੇ ਇਸ ਦਾ ਨਾਂ 'ਛਾਂਗਿਆ ਰੁੱਖ' ਰੱਖਿਆ ਹੈ। ਇਨ੍ਹਾਂ ਸਾਰੇ ਸਮਾਜਕ ਵਰਤਾਰਿਆਂ ਨੇ ਉਸ ਦੇ ਨਿੱਜ ਨੂੰ ਛਾਂਗਿਆ ਹੈ, ਇਕ ਮਨੁੱਖ ਨੂੰ ਛਾਂਗਿਆ ਹੈ ਤੇ ਮੇਰੀ ਜਾਚੇ ਇਸ ਦਾ ਨਾਂ ਛਾਂਗਿਆ ਮਨੁੱਖ ਹੁੰਦਾ ਤਾਂ ਸ਼ਾਇਦ ਹੋਰ ਵੀ ਭਾਵਪੂਰਨ ਬਣ ਜਾਂਦਾ। ਰੁੱਖ ਤਾਂ ਸਾਰੇ ਹੀ ਛਾਂਗੇ ਜਾਂਦੇ ਹਨ ਤੇ ਮਨੁੱਖ ਕੋਈ ਕੋਈ। ਮੈਂ ਬਲਬੀਰ ਮਾਧੋਪੁਰੀ ਨੂੰ ਇਸ ਸੁੰਦਰ ਗਿਆਨ ਵਰਧਕ ਲਿਖਤ ਦੀ ਬਹੁਤ ਬਹੁਤ ਵਧਾਈ ਦਿੰਦਾ ਅੱਗੋਂ ਤੋਂ ਵੀ ਉਸਤੋਂ ਹੋਰ ਉਚੇਰੀਆਂ ਲਿਖਤਾਂ ਦੀ ਕਾਮਨਾ ਕਰਦਾ ਹਾਂ। 000

(2195 Silver View Ct., San Jose CA 95138 USA)

ਪੁਸਤਕ ਰੀਵਿਊ

ਉਹ ਵੀ ਦਿਨ ਸਨ (ਆਪ ਬੀਤੀ/ਜੱਗ ਬੀਤੀ) ਗੁਰਚਰਨ ਸਿੰਘ ਸਹਿੰਸਰਾ

'ਉਹ ਵੀ ਦਿਨ ਸਨ' ਗੁਰਚਰਨ ਸਿੰਘ ਸਹਿੰਸਰਾ ਦੀ ਆਪ ਬੀਤੀ ਵੀ ਹੈ ਤੇ ਜੱਗ ਬੀਤੀ ਵੀ। ਪਹਿਲੀ ਘੱਟ, ਦੂਜੀ ਵੱਧ। ਕਿਰਤੀ ਕਿਸਾਨ ਪਾਰਟੀ ਲਹਿਰ ਤੇ ਇਸ ਦੇ ਕਾਰਕੁਨਾਂ ਦੀ ਮੂੰਹ ਬੋਲਦੀ ਤਸਵੀਰ। ਸਾਹਿਤਕ ਰਸ ਵਿਚ ਸਮੋਈ ਹੋਈ।

ਮੈਂ ਸਹਿੰਸਰਾ ਨੂੰ ਪਹਿਲੀ ਤੇ ਆਖ਼ਰੀ ਵਾਰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਉਦੋਂ ਮਿਲਿਆ ਸਾਂ ਜਦੋਂ ਉਹ ਆਪਣੇ ਵਰਗੇ ਸੁਤੰਤਰਤਾ ਸੰਗਰਾਮੀਆਂ ਦਾ ਇਤਿਹਾਸ ਕਲਮਬੱਧ ਕਰ ਰਹੇ ਸਨ। ਹੱਥਲੀ ਪੁਸਤਕ (ਲੋਕਗੀਤ ਪ੍ਰਕਾਸ਼ਨ, ਪੰਨੇ 154, ਮੁਲ 195 ਰੁਪਏ) ਸਹਿੰਸਰਾ ਦੇ ਜੀਵਨ ਕਾਲ ਦੀਆਂ ਲੋਕ ਲਹਿਰਾਂ ਤੇ ਸਿਆਸੀ ਭੱਜ ਦੌੜ ਨੂੰ ਅੱਖੀਂ ਡਿੱਠੇ ਅੰਦਾਜ਼ ਵਿਚ ਪੇਸ਼ ਕਰਦੀ ਹੈ। ਇਸ ਵਿਚ ਦਰਜ ਇਕ ਦਰਜਨ ਤੋਂ ਵੱਧ ਘਟਨਾਵਾਂ ਆਜ਼ਾਦੀ ਲਈ ਜੂਝਦੇ ਕਿਰਤੀ ਕਿਸਾਨਾਂ ਦੀਆਂ ਮੁਸ਼ਕਲਾਂ ਤੇ ਸਿਰੜ ਪੇਸ਼ ਕਰਨ ਵਿਚ ਗਲਪਕਾਰਾਂ ਨੂੰ ਮਾਤ ਪਾਉਂਦੀਆਂ ਹਨ।

ਉਨ੍ਹਾਂ ਦਿਨਾਂ ਵਿਚ ਅਗਾਂਹਵਧੂ ਸਾਹਿਤ ਚੋਰੀ ਤਿਆਰ ਕਰਨਾ ਤੇ ਵਰਕਰਾਂ ਨੂੰ ਵੰਡਣਾ ਕਿੰਨਾ ਔਖਾ ਸੀ। 'ਸਾਈਕਲੋ ਮਸ਼ੀਨ' ਵਿਚ ਏਦਾਂ ਬਿਆਨ ਕੀਤਾ ਗਿਆ ਹੈ ਜਿਵੇਂ ਇਹ ਮਸ਼ੀਨ ਹੱਡਮਾਸ ਦੀ ਪੁਤਲੀ ਹੋਵੇ ਤੇ ਚੋਰੀ ਛਿਪੇ ਇਕ ਥਾਂ ਤੋਂ ਦੂਜੀ ਥਾਂ ਲਿਜਾਂਦੇ ਸਮੇਂ ਕਿਸੇ ਵੀ ਪੜਾਅ ਉੱਤੇ ਰੋਣਾ ਧੋਣਾ ਸ਼ੁਰੂ ਕਰਕੇ ਹਾਕਮਾਂ ਦੀ ਪਕੜ ਤਕ ਉਹ ਕਿੰਨੇ ਵਾਹਨਾਂ ਦੀ ਗੋਦ ਚੜ੍ਹਦੀ ਹੈ ਤੇ ਲਿਜਾਣ ਵਾਲੇ ਹਾਕਮ ਦੇ ਡਰ ਕਾਰਨ ਕਿੰਨੇ ਨਖਰੇ ਕਰਦੀ ਹੈ। ਇਹ ਵੇਰਵੇ ਪਾਠਕ ਦੀ ਉਤਸੁਕਤਾ ਬਣਾਈ ਰੱਖਦੇ ਹਨ। ਪੇਸ਼ਕਾਰੀ ਦਾ ਇਹ ਗੁਣ 'ਲੁਕਵੇਂ ਪਰਚੇ', 'ਮੌਤ ਦੇ ਗਲਿਉਂ ਪਾਰ', 'ਪਟਾਕਾ ਪੈ ਗਿਆ' ਤੇ 'ਸੁਭਾਸ਼ ਚੰਦਰ ਬੋਸ ਨੂੰ ਬਾਹਰ ਲਿਜਾਣਾ' ਵਾਰਦਾਤਾਂ ਵਿਚ ਵੀ ਏਸੇ ਹੀ ਤਰ੍ਹਾਂ ਬਣਿਆ ਰਹਿੰਦਾ ਹੈ। ਹੋਰ ਘਟਨਾਵਾਂ ਦੇ ਸਿਰਲੇਖ 'ਚੰਡਾਲ ਦਰੋਗੇ ਨਾਲ ਸਿੱਝਣਾ', 'ਜੇਲ੍ਹ ਦੀ ਉਹ ਰਾਤ', 'ਲਾਹੌਰ ਤੋਂ ਅਟਕ ਜੇਲ੍ਹ ਤੱਕ' ਤੇ 'ਮੇਰੇ ਅਗਲੇ ਵੀ ਨਹੀਂ ਲਿਖਣਗੇ' ਵੀ ਉਪਰੋਕਤ ਕਥਨ ਦੀ ਸ਼ਾਹਦੀ ਭਰਦੇ ਹਨ। ਇਸ ਪੁਸਤਕ ਨੂੰ ਆਪਾਂ ਉਨ੍ਹਾਂ ਸਮਿਆਂ ਦਾ ਸਾਹ ਲੈਂਦਾ ਤੇ ਬਾਤਾਂ ਪਾਉਂਦਾ ਇਤਿਹਾਸ ਕਹਿ ਸਕਦੇ ਹਾਂ।

ਲੇਖਕ ਫ਼ਕੀਰ ਇੱਪੀ ਦੇ ਡੇਰੇ ਵੀ ਗਿਆ ਜਿਹੜਾ ਦੋ ਖੱਡਾਂ ਦੇ ਚੌੜੇ ਦੁਸਾਂਘੇ ਵਿਚ ਸੀ। ਕੜਾ ਕੋਠਾ ਤਾਂ ਕੀ ਹੋਣਾ ਸੀ, ਖੱਡਾਂ ਦੀਆਂ ਵੱਖੀਆਂ ਖਰੋਚ ਖਰੋਚ ਕੇ ਬੰਦਿਆਂ ਦੇ ਰਹਿਣ-ਬਹਿਣ, ਉਠਣ ਤੇ ਕੰਮ ਕਰਨ ਲਈ ਵੱਡੇ ਕਮਰਿਆਂ ਜਿੰਨੇ ਘੋਰਨੇ ਪੁੱਟੇ ਹੋਏ ਸਨ। ਇੱਪੀ ਦੇ ਦਫ਼ਤਰ ਵਾਲਾ ਘੋਰਨਾ ਸਭ ਤੋਂ ਵੱਡਾ ਸੀ, ਖੁੱਲ੍ਹਾ ਤੇ ਚੌਰਸ।

ਮੀਰ ਦਾਦ ਖਾਂ ਦੇ ਘਰ ਫੇਰੀ ਹੋਰ ਵੀ ਦਿਲਚਸਪ ਹੈ। ਜਿਵੇਂ ਹੀ ਮੀਰ ਦੀ ਮਾਂ ਨੂੰ ਪਤਾ ਲੱਗਦਾ ਹੈ ਕਿ ਸਹਿੰਸਰਾ ਉਹਦੇ ਕੋਲੋਂ ਆਇਆ ਸੀ, ਉਹ ਹਰ ਤਰ੍ਹਾਂ ਦਾ ਪਰਦਾ ਤਿਆਗ ਕੇ ਉਸ ਨੂੰ ਚਿੰਬੜ ਕੇ ਰੋਣ ਲੱਗ ਜਾਂਦੀ ਹੈ। ਸਹਿੰਸਰਾ ਤੇ ਉਸ ਦੇ ਸਾਥੀ ਬੜੀ ਮੁਸ਼ਕਲ ਨਾਲ ਉਸ ਨੂੰ ਚੁੱਪ ਕਰਾਉਂਦੇ ਹਨ। ਅੱਧੀ ਰਾਤ ਬੀਤ ਜਾਂਦੀ ਹੈ। ਸਹਿੰਸਰਾ ਤੁਰਨ ਲੱਗਿਆ ਤਾਂ ਮੀਰ ਦੀ ਮਾਂ ਨੇ ਮੱਥਾ ਚੁੰਮ ਕੇ ਤੋਰਿਆ। ਲੇਖਕ ਸਿਕੰਦਰ ਖਾਂ ਦੇ ਹੁਜਰੇ ਜਾ ਸੁੱਤਾ। ਸਵੇਰੇ ਉਹਦੇ ਲਈ ਚਾਰ ਪੰਜ ਘਰਾਂ ਤੋਂ ਚਾਹ ਆ ਗਈ ਜਿਹੜੀ ਉਸ ਨੂੰ ਮਜਬੂਰਨ ਪੀਣੀ ਪਈ।

ਕੰਮ ਕਰਨ ਦਾ ਮਾਹੌਲ ਏਨਾ ਔਖਾ ਸੀ ਕਿ ਸੀ.ਆਈ.ਡੀ. (ਜਿਸ ਦੀਆਂ ਕਰਤੂਤਾਂ ਦਾ ਪੂਰਾ

ਬਿਰਤਾਂਤ ਏਸ ਨਾਂ ਦੀ ਕਥਾ ਵਿਚ ਹੈ) ਤੋਂ ਲੁਕਣ ਲਈ ਮੋਨੇ ਕੇਸ ਰੱਖਣ ਲੱਗੇ ਤੇ ਕੇਸਾਧਾਰੀ ਮੋਨੇ ਹੋ ਗਏ। ਉਹਨਾਂ ਲਈ ਛਛ ਖੇਤਰ ਦੇ ਨਿਡਰ ਤੇ ਭਰੋਸੇਯੋਗ ਬੰਦਿਆਂ ਦਾ ਪਤਾ ਕਰਨ ਲਈ ਮੀਰ ਦਾਦ ਖਾਂ ਨੂੰ ਮਿਲਣਾ ਅਤਿਅੰਤ ਜ਼ਰੂਰੀ ਸੀ। ਲੇਖਕ ਨੂੰ ਏਥੇ ਹਦਾਇਤ ਖਾਂ ਦੇ ਨਾਂ ਹੇਠ ਕੰਮ ਕਰਨਾ ਪਿਆ ਤੇ ਰੋਜ਼ੇ ਵੀ ਰੱਖਣੇ ਪਏ। ਇਕ ਥਾਂ ਰੋਜ਼ਾ ਖੋਲ੍ਹਣ ਦਾ ਵੇਲਾ ਹੋ ਗਿਆ ਤਾਂ ਘਰ ਦੇ ਵਡੇਰੇ ਨੇ ਸਭ ਨੂੰ ਇਕ ਇਕ ਖਜੂਰ ਦਿੱਤੀ ਤਾਂ ਛਿਆਂ ਬੰਦਿਆਂ ਨੇ ਰੋਜ਼ਾ ਖੋਲ੍ਹਿਆ।

ਪੁਸਤਕ ਵਿਚ ਪਠਾਣਾਂ ਤੇ ਖਟਕਾਂ ਦੀ ਬਹਾਦਰੀ ਦਾ ਥਾਂ-ਥਾਂ ਜ਼ਿਕਰ ਹੈ। ਖਟਕਾਂ ਨੇ ਆਪਣੀ ਜਨਮ ਭੂਮੀ 'ਤੇ ਹੋਣ ਵਾਲੇ ਹਮਲਿਆਂ ਅਤੇ ਖਾਹਮਖਾਹ ਕਬਜ਼ਾ ਕਰਨ ਵਾਲੇ ਕਬੀਲਿਆਂ ਦਾ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਇਕ ਖ਼ੁਸ਼ਹਾਲ ਖਾਂ ਖਟਕ ਨਾਂ ਦੇ ਵਡੇਰੇ ਨੇ ਮੁਗ਼ਲ ਬਾਦਸ਼ਾਹ ਤਕ ਦੀ ਪ੍ਰਵਾਹ ਨਹੀਂ ਕੀਤੀ। ਇੱਥੋਂ ਤਕ ਕਿ ਔਰੰਗਜ਼ੇਬ ਨੂੰ ਵੀ ਵਕਤ ਪਾਈ ਰੱਖਿਆ ਜਿਸ ਲਈ ਉਸ (ਬਾਦਸ਼ਾਹ) ਨੂੰ ਇਨ੍ਹਾਂ ਦੀ ਬਗਾਵਤ ਨੂੰ ਦਬਾਉਣ ਲਈ ਲਸ਼ਕਰ-ਕਸ਼ੀ ਵੀ ਕਰਨੀ ਪਈ।

ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਇਨ੍ਹਾਂ ਦਿਨਾਂ ਵਿਚ ਸਹਿੰਸਰਾ ਦੀ ਇਕ ਹੋਰ ਪੁਸਤਕ ਵੀ ਛਪੀ ਹੈ- 'ਡਿੱਠੇ ਸੁਣੇ ਪਠਾਣ'- ਜਿਸ ਵਿਚ ਪਠਾਣੀ ਜੀਵਨ ਦੀਆਂ ਇਸੇ ਤਰ੍ਹਾਂ ਦੀਆਂ ਵਾਰਦਾਤਾਂ ਹਨ। ਪਠਾਣਾਂ ਦੀ ਸੂਰਮਗਤੀ ਤੇ ਬਦਲਾ ਲੈਣ ਦੀ ਰੁਚੀ ਦਰਸਾਉਣ ਵਾਲੀਆਂ। ਇਕ ਇੱਬਾਸ ਨਾਂ ਦੇ ਪਠਾਣ ਨੂੰ ਕਿਸੇ ਗੱਲੋਂ ਦਿਲਾਵਰ ਤੇ ਉਸ ਦੇ ਸਾਥੀ ਨੇ ਕਤਲ ਕਰ ਦਿੱਤਾ। ਕੁਝ ਆਪੂੰ ਸਹੇੜੀਆਂ ਮਜਬੂਰੀਆਂ ਕਾਰਨ ਇੱਬਾਸ ਦਾ ਬਾਪ ਨਾਦਰ ਖਾਂ ਆਪਣੇ ਪੁੱਤਰ ਦੇ ਕਾਤਲ ਨੂੰ ਪਾਰ ਨਹੀਂ ਬੁਲਾ ਸਕਿਆ ਪਰ ਜਦ ਉਸ ਦਾ ਅੰਤ ਨੇੜੇ ਆ ਗਿਆ ਤਾਂ ਉਸ ਨੇ ਆਪਣੇ 12 ਸਾਲ ਦੇ ਪੋਤਰੇ ਬਹਾਦਰ ਨੂੰ ਹਿੱਕ ਨਾਲ ਲਾ ਕੇ ਏਨਾ ਹੀ ਬੋਲਿਆ ਕਿ ਜੋ ਕੰਮ ਉਹ ਨਹੀਂ ਕਰ ਸਕਿਆ, ਪੋਤੇ ਨੂੰ ਕਰਨਾ ਪੈਣਾ ਹੈ। ਪੋਤਰੇ ਕੋਲੋਂ ਹੁੰਗਾਰਾ ਭਰੇ ਜਾਣ ਦੀ ਦੇਰ ਸੀ ਕਿ ਉਸ ਨੇ ਪ੍ਰਾਣ ਤਿਆਗ ਦਿੱਤੇ। ਖਾਨ ਨਾਦਰ ਖਾਂ ਦੇ ਪ੍ਰਾਣ ਤਿਆਗਣ ਤੋਂ ਪਹਿਲਾਂ ਪੋਤਰੇ ਦੇ ਹੁੰਗਾਰੇ ਨੇ ਉਸ ਨੂੰ ਸੁਖ ਦੀ ਨੀਂਦੇ ਸੁਆ ਦਿੱਤਾ ਸੀ।

ਏਸ ਪੁਸਤਕ ਵਿਚ ਇਕ ਹੋਰ ਵਾਰਦਾਤ ਵੀ ਪਠਾਣੀ ਸੁਭਾਅ ਬਾਰੇ ਹੈ। ਲੇਖਕ ਬੱਸ ਵਿਚ ਸਫਰ ਕਰ ਰਿਹਾ ਸੀ ਤਾਂ ਪੁਲਸੀਏ ਕਿਸੇ ਪਠਾਣ ਨੂੰ ਹੱਥਕੜੀ ਲਾ ਕੇ ਲਿਜਾ ਰਹੇ ਸਨ। ਅਗਲੇ ਅੱਡੇ ਉੱਤੇ ਬੱਸ ਰੁਕੀ ਤਾਂ ਪਿਛਲੀ ਖਿੜਕੀ ਰਾਹੀਂ ਦੋ ਪਠਾਣ ਹੋਰ ਚੜ੍ਹ ਗਏ। ਉਨ੍ਹਾਂ ਨੇ ਆਪਣੇ ਹਥਿਆਰ ਡੱਬ ਵਿਚ ਛੁਪਾ ਰੱਖੇ ਸਨ। ਬੱਸ ਪਹਾੜੀ ਰਸਤੇ ਛੇ-ਸੱਤ ਮੀਲ ਅੱਗੇ ਗਈ ਤਾਂ ਹੱਥਕੜੀ ਵਾਲੇ ਪਠਾਣ ਨੇ ਜ਼ਰੂਰੀ ਹਾਜਤ ਦਾ ਬਹਾਨਾ ਕਰਕੇ ਬੱਸ ਰੁਕਵਾ ਲਈ ਤੇ ਦੋਵੇਂ ਸਿਪਾਹੀ ਅਗਲੀ ਖਿੜਕੀ ਰਾਹੀਂ ਦੋਸ਼ੀ ਸਮੇਤ ਥੱਲੇ ਉਤਰ ਗਏ। ਇਹ ਵਿੰਹਦਿਆਂ ਪਿਛਲੀ ਖਿੜਕੀ ਵਾਲੇ ਪਠਾਣ ਵੀ ਉਤਰ ਗਏ। ਜਦੋਂ ਬਹਾਨਾ ਕਰਨ ਵਾਲਾ ਪਠਾਣ ਜ਼ਮੀਨ ਉੱਤੇ ਬੈਠਣ ਲੱਗਿਆ ਤਾਂ ਪਿਛਲੀ ਖਿੜਕੀ ਵਾਲੇ ਪਠਾਣਾਂ ਨੇ ਸਿਪਾਹੀਆਂ ਉੱਤੇ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਇਕ ਸਿਪਾਹੀ ਤਾਂ ਉੱਥੇ ਹੀ ਢੇਰੀ ਹੋ ਗਿਆ ਤੇ ਦੂਜਾ ਪੇਟੀ ਸੁੱਟ ਕੇ ਬੱਸ ਦੇ ਥੱਲੇ ਜਾ ਵੜਿਆ। ਪਿਛਲੀ ਖਿੜਕੀ ਵਾਲੇ ਪਠਾਣ ਹੱਥਕੜੀ ਲੱਗੇ ਸਾਥੀ ਨੂੰ ਨਾਲ ਲੈ ਕੇ ਪੱਤਰਾ ਵਾਚ ਗਏ।

ਪੁਸਤਕ ਦਾ ਨਾਂ ਬੜਾ ਮਹੱਤਵਪੂਰਨ ਹੈ- 'ਉਹ ਵੀ ਦਿਨ ਸਨ'। ਪੁਸਤਕ ਦੱਸਦੀ ਹੈ ਕਿ ਲੇਖਕ ਨੇ ਅਜਿਹੇ ਪੈਂਡੇ ਵੀ ਤੈਅ ਕੀਤੇ ਜਿੱਥੇ ਰਾਹ ਵਿਚ ਨਾ ਕੋਈ ਬੰਦਾ ਨਜ਼ਰ ਆਇਆ ਤੇ ਨਾ ਕੋਈ ਪਰਿੰਦਾ। ਪਹਾੜਾਂ ਦੀਆਂ ਖੱਡਾਂ, ਖੋਰਾਂ ਤੇ ਵੱਖੀਆਂ ਦੀ ਸੁੰਞ ਤੋਂ ਜਾਪਦਾ ਸੀ ਕਿ ਇਨ੍ਹਾਂ ਤੋਂ ਡਰਦੇ ਹਾਕਮ ਹੀ ਨਹੀਂ ਸੀ ਭੱਜੇ, ਕੁਦਰਤ ਦੇ ਹੋਰ ਜੀਵ ਜੰਤੂ ਵੀ ਨੱਸ ਗਏ ਸਨ। ਇਕ ਸਫਰ ਨੂੰ ਬਿਆਨ ਕਰਦਿਆਂ ਲੇਖਕ ਲਿਖਦਾ ਹੈ ਕਿ ਜੂਨ ਮਹੀਨੇ ਦੀ ਪਿਛਲੇ ਪਹਿਰ ਦੀ ਕੜਕਵੀਂ ਧੁੱਪ ਨੇ ਪਹਾੜ ਦੀ ਡੱਕ ਲਗ ਕੇ ਪੈਰਾਂ ਹੇਠਲੀ ਲੁਕ ਵਾਲੀ ਸੜਕ ਨੂੰ ਤਵੇ ਵਾਂਗ ਤਪਾਇਆ ਹੋਇਆ ਸੀ। ਉਪਰਲੀ ਧੁੱਪ ਅਤੇ ਹੇਠਲੀ ਸੜਕ ਨਾਲ ਲੇਖਕ ਮੱਛੀ ਵਾਂਗ ਭੁੱਜ ਰਿਹਾ ਸੀ। ਉਸ ਨੂੰ ਮੌਤ ਦਾ ਦਬਕਾ ਪਿੱਛੇ ਧੱਕ ਰਿਹਾ ਸੀ ਤੇ ਦੇਸ਼ ਦੀ ਆਜ਼ਾਦੀ ਦੀ ਲਗਨ ਅੱਗੋਂ ਖਿੱਚ ਰਹੀ ਸੀ ਤੇ ਉਹ ਤਾਂਗੇ ਦੇ ਖੋਪਿਆਂ ਵਾਲੇ ਘੋੜੇ ਵਾਂਗ ਆਸੇ ਪਾਸੇ ਵੇਖੇ ਬਿਨਾਂ ਸਿੱਧਾ ਸੜਕੇ ਸੜਕ ਧਮਕੜੇ ਪਿਆ ਹੋਇਆ ਸੀ।

ਸਹਿੰਸਰਾ ਨੇ ਏਸ ਗੱਲ ਦਾ ਇਕਬਾਲ ਤਾਂ ਪੁਸਤਕ ਦੇ ਸਮਰਪਣ ਵਿਚ ਹੀ ਕਰ ਛੱਡਿਆ ਹੈ ਕਿ ਉਸ ਨੂੰ ਇਸ ਰਸਤੇ ਤੋਰਨ ਵਾਲਾ ਉਸ ਦਾ ਛੋਟਾ ਭਰਾ ਕਿਰਪਾਲ ਸਿੰਘ ਰੰਧਾਵਾ ਸੀ। ਸਹਿੰਸਰਾ ਨੂੰ ਜੇਲ੍ਹ ਤੋਰਨ ਸਮੇਂ ਉਨ੍ਹਾਂ ਦੀ ਮਾਂ ਜੇਲ੍ਹ ਜਾਣ ਵਾਲੀ ਭੀੜ ਨਾਲ ਤੁਰਦੀ ਗਈ ਜਿਹੜੀ ਸਹਿੰਸਰਾ ਦੇ ਚਾਹਵਾਨਾਂ ਦੀ ਸੀ। ਮਾਂ ਨੇ ਪਿੱਛਾ ਨਾ ਛੱਡਿਆ ਤਾਂ ਸਹਿੰਸਰਾ ਵੱਲੋਂ ਖਿਝ ਕੇ 'ਚੰਗਾ ਹੁਣ ਦੋਵਾਂ ਨੂੰ ਰੋਵੀਂ' ਕਹਿਣ ਉੱਤੇ ਉਹ ਭੁੱਬੀਂ ਰੋ ਪਈ ਸੀ। ਲੇਖਕ ਦੇ ਆਪਣੇ ਸ਼ਬਦ ਹਨ, 'ਅਸੀਂ ਨਾਅਰੇ ਮਾਰਦੇ ਅੱਗੇ ਅੱਗੇ ਤੇ ਲੋਕ ਜਲੂਸ ਦੀ ਸ਼ਕਲ ਵਿਚ ਸਾਡੇ ਪਿੱਛੇ ਪਿੱਛੇ। ਜੇਲ੍ਹ ਦੇ ਬੂਹੇ ਅੱਗੇ ਆ ਕੇ ਅਸੀਂ ਭੀੜ ਦਾ ਧੰਨਵਾਦ ਕਰਨ ਲਈ ਖਲੋ ਗਏ। ਮੈਂ ਵੇਖਿਆ ਕਿ ਇਸ ਭੀੜ ਵਿਚ ਮੇਰੀ ਮਾਂ ਵੀ ਅੱਥਰੂ ਵਹਾ ਰਹੀ ਸੀ। ਮੈਂ ਬਾਹਰ ਨੂੰ ਅਹੁਲਿਆ ਤਾਂ ਉਹ ਪੁਲਿਸ ਦੇ ਰੋਕਣ ਦੇ ਬਾਵਜੂਦ ਅਗਾਂਹ ਵਧੀ ਤੇ ਰੋ ਰੋ ਕੇ ਦੋ ਤਿੰਨ ਵਾਰੀ ਘੁੱਟ ਕੇ ਮੈਨੂੰ ਆਪਣੀ ਹਿੱਕ ਨਾਲ ਲਾਇਆ। ਜਦੋਂ ਸਿਪਾਹੀ ਮੈਨੂੰ ਖਿੱਚਣ ਲੱਗੇ ਤਾਂ ਪੁੱਤ ਨੂੰ ਹੱਥੋਂ ਜਾਂਦਾ ਵੇਖ ਉਸ ਨੇ ਮੇਰਾ ਮੱਥਾ ਚੁੰਮਿਆ ਤੇ ਡਡਿਆਉਂਦੀ ਮਾਂ ਦੇ ਮੂੰਹੋਂ ਇਹ ਸ਼ਬਦ ਸੁਣੇ, 'ਪੁੱਤ! ਮਾਫੀ ਨਾ ਮੰਗੀਂ'।' **–ਗੁਲਜ਼ਾਰ ਸਿੰਘ ਸੰਧੂ**

ਨਾਰੀ (ਨਾਵਲ) ਪਿਆਰਾ ਸਿੰਘ ਭੋਗਲ

ਪਿਆਰਾ ਸਿੰਘ ਭੋਗਲ ਪੰਜਾਬੀ ਸਾਹਿਤ-ਸਿਰਜਣਾ ਅਤੇ ਸਾਹਿਤ-ਚਿੰਤਨ ਦੀ ਅਜਿਹੀ ਸਤਿਕਾਰਤ ਹਸਤੀ ਹੈ ਜਿਸਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿਚ ਰਚਨਾ ਕਰਕੇ ਆਪਣੀ ਨਿਵੇਕਲੀ ਪਛਾਣ ਸਥਾਪਤ ਕੀਤੀ ਹੈ। ਉਸਨੇ ਪੰਜ ਨਾਵਲਾਂ ਦੀ ਸਿਰਜਣਾ ਰਾਹੀਂ ਪੰਜਾਬੀ ਨਾਵਲ ਲਈ ਵੀ ਨਵੀਆਂ ਪੈੜਾਂ ਉਲੀਕੀਆਂ ਹਨ। ਨਾਵਲ 'ਨਾਰੀ'(ਪੰਨੇ 296, ਮੁੱਲ 400 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਉਸਦੀ ਨਵੀਂ ਸਾਹਿਤਕ ਕਿਰਤ ਹੈ।

ਨਾਵਲ 'ਨਾਰੀ' ਵਿਚ ਪਾਤਰ-ਸਿਰਜਣਈ ਜੁਗਤ ਦੀ ਭਰਪੂਰ ਵਰਤੋਂ ਕੀਤੀ ਗਈ ਹੈ। ਨਾਵਲਕਾਰ ਨੇ ਪੰਜਾਬ ਵਿਚ ਅੰਗਰੇਜ਼ਾਂ ਦੇ ਆਉਣ ਨਾਲ ਵਿੱਦਿਆ ਦੇ ਪਾਸਾਰ, ਪੂੰਜੀ ਦੇ ਪ੍ਰਵੇਸ਼ ਤੇ ਜ਼ਮੀਨੀ ਸੁਧਾਰ ਵਾਲੇ ਤੱਥਾਂ ਨੂੰ ਲਾਲਾ ਲੱਭੂ ਰਾਮ, ਲਾਲਾ ਦੁਰਗਾ ਦਾਸ, ਪੰਡਤ ਸੁਖਰਾਜ, ਅਮੀਂ ਚੰਦ ਜਿਹੇ ਪਾਤਰਾਂ ਦੇ ਜੀਵਨ-ਚਰਿੱਤਰ ਦੀ ਸਿਰਜਣਾ ਰਾਹੀਂ ਪਛਾਣਿਆ ਹੈ। ਪਾਤਰਾਂ ਦੀ ਬਹੁਲਤਾ ਦਰਸਾਉਂਦੀ ਹੈ ਕਿ ਨਾਵਲਕਾਰ ਦੀ ਭਾਵਨਾ ਸੌ ਸਵਾ ਸੌ ਸਾਲ ਦੇ ਪੰਜਾਬ ਦੇ ਸਮਾਜਕ ਯਥਾਰਥ ਦੀ ਗਤੀ ਦੇ ਵੱਧ ਤੋਂ ਵੱਧ ਪਹਿਲੂਆਂ ਨੂੰ ਆਤਮਸਾਤ ਕਰਨ ਦੀ ਹੈ। ਕਿਉਂਕਿ ਨਾਵਲ ਦਾ ਹਰ ਪਾਤਰ ਯਥਾਰਥ ਦੇ ਕਿਸੇ ਨਾ ਕਿਸੇ ਪਹਿਲੂ ਦੀ ਪ੍ਰਤੀਨਿਧਤਾ ਜ਼ਰੂਰ ਕਰਦਾ ਹੈ। ਮਸਲਨ, 'ਦੇਵਦਾਸ' ਸਮਾਜ ਵਿਚ ਫੈਲੇ ਘਿਨੌਣੇ ਸਮਲਿੰਗਕ ਸੰਬੰਧਾਂ ਦੀ,'ਮੇਘਨਾ' ਪੰਜਾਬੀ ਫਿਲਮ-ਨਿਰਮਾਣ ਦੇ ਵੱਧ ਰਹੇ ਕਾਰੋਬਾਰ ਦੀ... ਇਤਿਆਦਿ।ਐਪਰ ਸਰੋਜ ਨਾਮੀ ਪਾਤਰ ਦੇ ਕਿਰਦਾਰ ਨੂੰ ਨਾਵਲੀ ਵਸਤੂ ਦੀ ਢਾਲ ਦੇ ਰੂਪ ਵਿਚ ਵਰਤਿਆ ਗਿਆ ਹੈ। ਸਾਰੇ ਹੀ ਪਾਤਰ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਸ ਢਾਲ਼ ਰੂਪੀ ਪਾਤਰ ਨਾਲ ਟਕਰਾਅ ਕੇ ਜਾਂ ਇਸਦੇ ਓਹਲੇ 'ਚ ਆਪਣੀ ਵੱਖਰੀ ਪਛਾਣ ਸਥਾਪਤ ਕਰਦੇ ਹੋਏ ਸਰੋਜ ਦੀ ਵੀ ਇਕ ਵਿਲੱਖਣ ਪਛਾਣ ਸਥਾਪਤ ਕਰਦੇ ਹਨ।ਉਸਦੀ ਇਹ ਵਿਲੱਖਣ ਪਛਾਣ ਜਿੱਥੇ ਨਾਵਲ ਦੀ ਰੂਪ-ਰਚਨਾ ਨੂੰ ਮੌਲਿਕਤਾ ਪ੍ਰਦਾਨ ਕਰਦੀ ਹੈ, ਉੱਥੇ ਨਾਵਲੀ ਵਸਤੂ ਦੇ ਸਰੋਜ ਦੀ ਹੋਂਦ ਅੰਦਰ ਸਿਮਟੀ ਹੋਣ ਦਾ ਪ੍ਰਮਾਣ ਵੀ ਬਣਦੀ ਹੈ। ਇੰਝ ਇਹ ਨਾਵਲ ਗਲਪ-ਕਲਾ ਦਾ ਉੱਤਮ ਨਮੂਨਾ ਬਣ ਜਾਂਦਾ ਹੈ।

ਪੰਝੀ ਕਾਂਡਾਂ ਵਿਚ ਵੰਡੇ ਇਸ ਨਾਵਲ ਵਿਚ ਸਰੋਜ ਨਾਮੀ ਪਾਤਰ ਦੀ ਅਠਾਰਾਂ ਸਾਲ ਪੁਰਾਣੀ ਯਾਦ-ਲੜੀ ਨੂੰ ਚੱਕਰਧਾਰੀ ਬਿਰਤਾਂਤ ਰਾਹੀਂ ਉਸਦੇ ਵਰਤਮਾਨ ਦੇ ਸਨਮੁਖ ਕੀਤਾ ਗਿਆ

ਹੈ।"ਬਹੁਤ ਖ਼ੂਬਸੂਰਤ ਹੈ!" ਵਾਲੇ ਵਾਕ ਤੋਂ ਸ਼ੁਰੂ ਹੋਇਆ ਇਹ ਨਾਵਲ, "ਗ਼ਮ ਨਾਲ ਦਿਲ ਦਿਮਾਗ਼ ਦੀਆਂ ਕਸੀਆਂ ਹੋਈਆਂ ਨਾੜਾਂ ਫੇਰ ਖੋਲ੍ਹਣ ਦਾ ਯਤਨ ਕੀਤਾ। ਕਦੇ ਨਕਲੀ ਹਾਸਾ ਤੇ ਕਦੀ ਅਸਲੀ ਹਾਸਾ ਹੱਸ ਕੇ ਤਨ-ਮਨ ਵਿਚ ਹਰਕਤ ਪੈਦਾ ਕੀਤੀ", ਵਾਲੇ ਦੋ ਵਾਕਾਂ ਨਾਲ ਸਮਾਪਤ ਹੁੰਦਾ ਹੈ। ਅਸਲ ਵਿਚ ਸਰੋਜ ਦੇ ਜਜ਼ਬਾਤੀ ਪੱਧਰ ਤੋਂ ਸ਼ੁਰੂ ਹੋਈ ਕਹਾਣੀ ਸਰੋਜ ਤੇ ਉਸਦੇ ਪਤੀ ਵਿੱਦਿਆ ਭਾਸਕਰ ਦੇ ਸਾਂਝੇ ਜਜ਼ਬਾਤ ਨਾਲ ਖਤਮ ਹੁੰਦੀ ਹੈ। ਜੋ ਇਹ ਦਰਸਾਉਂਦੀ ਹੈ ਕਿ ਇਕ ਤੋਂ ਬਿਨਾਂ ਦੂਜੇ ਦੀ ਹੋਂਦ ਅਧੂਰੀ ਹੈ, ਯਾਨੀ ਨਰ ਤੇ ਨਾਰੀ ਦੀ।

ਨਾਵਲ ਵਿਚ ਅਠਾਰਾਂ ਸਾਲ ਦਾ ਵਕਫਾ ਪੰਜਾਬ ਦੇ ਲਗਪਗ ਸੌ ਸਵਾ ਸੌ ਸਾਲਾਂ ਦੇ ਇਤਿਹਾਸਕ ਵਿਕਾਸ ਦੇ ਬਿਨਾਅ ਉੱਤੇ ਹੀ ਸਿਰਜਿਆ ਗਿਆ ਹੈ। ਨਾਵਲੀ ਬਿਰਤਾਂਤ 'ਚੋਂ ਫਰੰਗੀ ਰਾਜ ਵੇਲੇ ਦੇ ਪੰਜਾਬ ਦੇ ਨਖ਼ਸ਼ ਪਛਾਣੇ ਜਾ ਸਕਦੇ ਹਨ।ਉਸ ਵੇਲੇ ਦੇ ਪੰਜਾਬ ਦੀਆਂ ਸਿੱਖਿਆ, ਰੁਜ਼ਗਾਰ ਤੇ ਸਿਹਤ ਸੇਵਾਵਾਂ ਦੇ ਨਾਲ ਨਾਲ ਸਮਾਜਕ, ਸਭਿਆਚਾਰਕ ਤੇ ਆਰਥਿਕ ਵਿਵਸਥਾਵਾਂ ਦੀ ਕਾਰਗੁਜ਼ਾਰੀ ਦੀ ਕਨਸੋਅ ਵੀ ਪੈਂਦੀ ਹੈ। ਪਰ ਭਰਵੇਂ ਰੂਪ ਵਿਚ ਇਹ ਨਾਵਲ ਆਧੁਨਿਕਤਾ ਦੇ ਸੰਦਰਭ ਵਿਚ ਤੇਜ਼ੀ ਨਾਲ ਬਦਲ ਰਹੇ ਪੰਜਾਬ ਦੇ ਵਿਵਿਧ ਸਮਾਜਕ ਪਹਿਲੂਆਂ ਦੀ ਪਛਾਣ ਕਰਨ ਵਾਲਾ ਗਲਪ-ਰੂਪ ਹੈ।

ਇਸ ਗਲਪ-ਰੂਪ ਨੂੰ ਸਿਰਜਣ ਲਈ ਨਾਵਲਕਾਰ ਨੇ ਪੰਜਾਬ ਦੇ ਦੋ ਪਿੰਡਾਂ, ਮੁਰਾਦਪੁਰ ਤੇ ਢੱਡੇ, ਦੇ ਦੋ ਪਰਿਵਾਰਾਂ ਦੀਆਂ ਤੰਦਾਂ ਨੂੰ ਵਿਆਹ ਦੀ ਸਮਾਜਕ ਸੰਸਥਾ ਰਾਹੀਂ ਜੋੜਿਆ ਹੈ। ਇਕ ਪਰਿਵਾਰ ਪਿੰਡ ਮੁਰਾਦਪੁਰ ਦੇ ਮੁਣਸ਼ੀ ਸੂਰਜ ਪ੍ਰਕਾਸ਼ ਦਾ ਹੈ, ਦੂਸਰਾ ਪਰਿਵਾਰ ਪਿੰਡ ਢੱਡੇ ਦੇ ਦਵਾਰਕਾ ਪ੍ਰਸ਼ਾਦ ਦਾ ਹੈ। ਦੋਹਾਂ ਪਰਿਵਾਰਾਂ ਦੇ ਵੱਡੇ ਵਡੇਰੇ ਪੜ੍ਹਨ-ਪੜ੍ਹਾਉਣ, ਹਿਕਮਤ ਕਰਨ ਤੇ ਮੰਡੀ ਵਿਚ ਕਰਿਆਨੇ ਦੀ ਛੋਟੀ ਜਿਹੀ ਦੁਕਾਨ ਕਰਨ ਦੇ ਧੰਦੇ ਨਾਲ ਜੁੜੇ ਹੋਏ ਹਨ। ਨਾਵਲਕਾਰ ਨੇ ਇਹਨਾਂ ਦੋਹਾਂ ਪਰਿਵਾਰਾਂ ਦੀ ਆਪਸੀ ਸਾਂਝ ਨੂੰ ਆਪਣੇ ਅਨੁਭਵ ਦੀ ਕੁਠਾਲੀ ਵਿਚ ਤਪਾ ਕੇ ਇਸ ਢੰਗ ਨਾਲ ਪੇਸ਼ ਕੀਤਾ ਹੈ ਕਿ ਸਮਕਾਲ ਵਿਚੋਂ ਮਨੁੱਖੀ ਰਿਸ਼ਤਿਆਂ ਦੇ ਸੁਹਜ ਨਾਲ ਭਰਪੂਰ ਪੰਜਾਬ ਦਾ ਸਮਾਜਕ ਦ੍ਰਿਸ਼ ਉੱਭਰ ਕੇ ਸਾਹਵੇਂ ਆ ਜਾਂਦਾ ਹੈ।

ਨਾਵਲ ਵਿਚ ਪਰਿਵਾਰਕ ਰਿਸ਼ਤਿਆਂ ਦੇ ਤਾਣੇ ਨੂੰ ਮਨੁੱਖੀ ਰਿਸ਼ਤਿਆਂ ਦੇ ਬਾਣੇ ਨਾਲ ਬੁਣ ਕੇ ਇੰਝ ਸਾਕਾਰ ਕੀਤਾ ਹੈ ਕਿ ਮਨੁੱਖੀ ਕਦਰਾਂ-ਕੀਮਤਾਂ ਦਾ ਮਹੱਤਵ ਆਪ-ਮੁਹਾਰੇ ਹੀ ਉਜਾਗਰ ਹੋ ਜਾਂਦਾ ਹੈ। ਪਰ ਇਸ ਉਣੇ ਹੋਏ ਤਾਣੇ ਤੇ ਬਾਣੇ ਉੱਤੇ ਪੂੰਜੀ ਦੇ ਜ਼ੋਰ ਨਾਲ ਪਏ ਡੱਬ ਵੀ ਨਜ਼ਰੀਂ ਪੈਂਦੇ ਹਨ। ਯਸ਼ਵੰਤ ਰਾਏ, ਪੰਡਤ ਸੁਖਰਾਜ, ਰਾਮ ਲਾਲ, ਗਨਪਤ ਰਾਏ, ਦੌਲਤ ਰਾਮ, ਫਿਲਮ ਨਿਰਦੇਸ਼ਕ ਸੀਤਾ ਰਾਮ, ਲਾਲਾ ਮਾਣਕ ਚੰਦ, ਡਾ.ਚਾਹਲ, ਕਰਨਲ ਅਰਜਨ ਸਿੰਘ ਰਠੌਰ ਆਦਿ ਪਾਤਰਾਂ ਦਾ ਨਿਭਦਾ ਪੂੰਜੀ-ਪ੍ਰੇਰਤ ਕਿਰਦਾਰ ਅਜਿਹੇ ਡੱਬਾਂ ਦਾ ਹੀ ਪ੍ਰੇਰਕ ਹੈ। ਨਾਵਲਕਾਰ ਨੇ ਅਜਿਹੇ ਪਾਤਰਾਂ ਦਾ ਸਿਰਜਣ ਜਿੱਥੇ ਪੰਜਾਬ ਅੰਦਰ ਸਿੱਖਿਆ, ਰੁਜ਼ਗਾਰ, ਸਿਹਤ ਆਦਿ ਵਰਤਾਰਿਆਂ ਵਿਚ ਆਈ ਬਿਹਤਰੀ ਨੂੰ ਸਾਕਾਰ ਕਰਨ ਲਈ ਕੀਤਾ ਹੈ, ਉੱਥੇ ਇਹਨਾਂ ਵਿਚ ਆਏ ਨਿਘਾਰ ਨੂੰ ਵੀ ਦਰ-ਕਿਨਾਰ ਨਹੀਂ ਕੀਤਾ। ਪਿੰਡ, ਨਗਰ, ਮਹਾਂਨਗਰ ਤੇ ਪੱਛਮੀ ਦੇਸ਼ਾਂ ਦੇ ਲੋਕੇਲ ਨੂੰ ਇਸ ਨਾਵਲ ਦੀ ਪਲਾਟ-ਰਚਨਾ ਵਿਚ ਤਰਕਸ਼ੀਲ ਢੰਗ ਨਾਲ ਨਿਰਮਿਤ ਕਰ ਦੇਣ ਦੀ ਕਲਾ ਦਾ ਇਸਤੇਮਾਲ ਕਰਦਿਆਂ ਪਿਆਰਾ ਸਿੰਘ ਭੋਗਲ ਨੇ ਇਕ ਸਮਾਜ-ਸ਼ਾਸਤਰੀ ਵਾਲੀ ਡੂੰਘੀ ਸੂਝ ਦਾ ਪ੍ਰਮਾਣ ਵੀ ਦਿੱਤਾ ਹੈ।

ਪੂੰਜੀਵਾਦੀ ਵਿਵਸਥਾ ਕਿਵੇਂ ਪਿੰਡਾਂ ਤੇ ਸ਼ਹਿਰਾਂ ਦੇ ਦਰਮਿਆਨੇ ਤਬਕੇ ਨੂੰ ਆਪਣੀ ਲਪੇਟ ਵਿਚ ਵਲ੍ਹੇਟ ਕੇ ਸ਼ਾਸਵਤ ਕਰ ਰਹੀ ਹੈ; ਨੂੰ ਨਾਵਲ ਵਿਚ ਪੇਸ਼ ਕੀਤੀ ਵਿੱਦਿਅਕ, ਸਿਹਤ ਤੇ ਫਿਲਮ-ਨਿਰਮਾਣਕਾਰੀ ਦੇ ਨਿੱਜੀ ਸੰਸਥਾਨਾਂ ਦੀ ਲੋਟੂ ਕਾਰਗੁਜ਼ਾਰੀ ਵਿਚੋਂ ਵੇਖਿਆ ਜਾ ਸਕਦਾ ਹੈ।ਜਿਵੇਂ 'ਰਾਮ ਨਗਰ' ਦੇ ਵਸਣ ਦੀ ਸਮੁੱਚੀ ਪ੍ਰਕਿਰਿਆ,'ਗਰੀਨ ਲੈਂਡ ਫਲੈਟਸ' ਵਿਚ

ਧੜਾਧੜ ਵਿਕ ਰਹੇ ਫਲੈਟਸ,'ਫਿਲਮ ਨਿਰਮਾਣ ਕੰਪਨੀ ਸੂਰਜ ਐਂਟਰਪ੍ਰਾਈਜ਼' ਦੀ 'ਮਲਟੀਕੰਪਲੈਕਸ ਨਿਊ ਸਟਾਰ' ਨਾਲ ਭਾਈਵਾਲੀ, 'ਚਾਹਲ ਮੈਡੀਕਲ ਹਸਪਤਾਲ' ਤੇ 'ਇੰਡੀਆ ਮੈਡੀ ਸਰਵਿਸਿਜ਼ ਲਿਮਟਿਡ' ਵੱਲੋਂ ਮੁਹੱਈਆ ਕੀਤੀਆਂ ਜਾਂਦੀਆਂ ਸਿਹਤ ਸੇਵਾਵਾਂ ਅਤੇ 'ਪੇਸ਼ਾਵਾਰਾਨਾ ਧੌਲਧਾਰ ਯੂਨੀਵਰਸਿਟੀ' ਤੇ 'ਸ਼ਹੀਦ ਪ੍ਰਦੀਪ ਰਾਠੌਰ ਮੈਮੋਰੀਅਲ ਕਾਲਿਜ ਰਾਮ ਨਗਰ','ਡਲਹੌਜ਼ੀ ਪਬਲਿਕ ਸਕੂਲ', 'ਰੌਇਲ ਪਬਲਿਕ ਸਕੂਲ ਪਿੰਡ ਘਸੀਟਪੁਰ' ਵਿਚ ਵੇਚੀ ਜਾਂਦੀ ਮਹਿੰਗੀ ਵਿੱਦਿਆ। ਇਹਨਾਂ ਸੰਸਥਾਵਾਂ ਨਾਲ ਸੰਬੰਧਤ ਪਾਤਰਾਂ ਦੇ ਜੀਵਨ-ਚਰਿੱਤਰ ਨੂੰ ਉਘਾੜਣ ਲਈ ਨਾਵਲਕਾਰ ਨੇ ਇਸ ਖਿਆਲ ਦੀ ਵਰਤੋਂ ਕੀਤੀ ਹੈ ਕਿ ਪੂੰਜੀਪਤੀ ਜਮਾਤ ਪੂਰੀ ਵਰਕਿੰਗ ਕਲਾਸ ਨੂੰ ਆਪਣੇ ਬੰਧੂਆ ਮਜ਼ਦੂਰ ਹੀ ਸਮਝਦੀ ਹੈ। ਇਸ ਨੁਕਤੇ ਤੋਂ ਇਹ ਨਾਵਲ ਪੰਜਾਬ ਦੇ ਸਮਕਾਲ ਨਾਲ ਸੰਵਾਦ ਰਚਾਉਂਦਾ ਪ੍ਰਤੀਤ ਹੁੰਦਾ ਹੈ।

ਨਿੱਜੀ ਸੰਸਥਾਵਾਂ ਦੀ ਹੋਂਦ ਤੇ ਇਹਨਾਂ ਵਿਚ ਕੰਮ ਕਰਨ ਵਾਲੇ ਮੱਧ ਵਰਗੀ ਜੀਵਾਂ ਦੀ ਹੋਣੀ ਦਰਸਾਉਂਦੀ ਹੈ ਕਿ ਕਿਵੇਂ ਉੱਚ ਵਿੱਦਿਆ ਤੇ ਉੱਚ ਨੌਕਰੀਆਂ ਨੂੰ ਸਿਰਫ ਅਮੀਰਾਂ ਲਈ ਰਾਖਵਾਂ ਕਰ ਦਿੱਤਾ ਗਿਆ ਹੈ। ਜਿੱਥੇ ਪੂੰਜੀਪਤੀਆਂ ਦਾ ਰਾਜ ਚੱਲਦਾ ਹੋਵੇ ਉੱਥੇ ਸਰਕਾਰਾਂ ਵੀ ਇਹਨਾਂ ਦੇ ਲਾਭਕਾਰੀ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਹੀ ਸਰਕਾਰੀ ਨੀਤੀਆਂ ਬਣਾਉਂਦੀਆਂ ਹਨ। ਸਰਕਾਰਾਂ ਤਾਂ ਇਹ ਵੀ ਚਾਹੁੰਦੀਆਂ ਹਨ ਕਿ ਆਮ ਲੋਕ ਆਪਣੀਆਂ ਸਿਹਤ ,ਸਿੱਖਿਆ ਤੇ ਰੁਜ਼ਗਾਰ ਦੀਆਂ ਜ਼ਿੰਮੇਵਾਰੀਆਂ ਆਪ ਹੀ ਚੁੱਕਣ। ਵਿੱਦਿਆ ਏਨੀ ਮਹਿੰਗੀ ਹੋ ਗਈ ਹੈ ਕਿ ਆਰਥਿਕ ਤੌਰ'ਤੇ ਕਮਜ਼ੋਰ ਵਰਗ ਕੋਲੋਂ ਡਾਕਟਰੀ, ਇੰਜੀਨੀਅਰੀ ਆਦਿ ਵਰਗੇ ਪੇਸ਼ਾਵਾਰਾਨਾ ਕਿੱਤੇ ਖੋਹੇ ਜਾ ਰਹੇ ਹਨ।ਏਥੋਂ ਤਕ ਕਿ ਜਗਜੀਤ ਲਾਲ ਵਰਮਾ ਵਰਗੇ ਪ੍ਰੋਫੈਸਰ ਦੇ ਪੁੱਤਰ ਨੂੰ ਵੀ ਲੱਖਾਂ ਰੁਪਏ ਡੋਨੇਸ਼ਨ ਦੇ ਕੇ ਐੱਮ.ਬੀ.ਬੀ.ਐੱਸ ਦੀ ਸੀਟ ਮਿਲਦੀ ਹੈ। ਐੱਮ.ਬੀ.ਬੀ.ਐੱਸ ਕਰਨ ਉਪਰੰਤ ਉਸਨੂੰ ਮਹਿਜ਼ ਪੰਦਰਾਂ ਹਜ਼ਾਰ ਰੁਪਏ ਮਹੀਨੇ ਉੱਤੇ ਡਾ. ਚਾਹਲ ਦੇ ਨਿੱਜੀ ਹਸਪਤਾਲ ਵਿਚ ਨੌਕਰੀ ਕਰਨੀ ਪੈਂਦੀ ਹੈ। ਨਾਵਲੀ ਤਰਕ ਇਹ ਹੈ ਕਿ ਰੁਜ਼ਗਾਰ ਦੇਣ ਵਾਲੀਆਂ ਨਿੱਜੀ ਸੰਸਥਾਵਾਂ ਹਕੂਮਤ ਤੇ ਪੂੰਜੀਪਤੀ ਵਰਗ ਦੀ ਭਾਈਵਾਲੀ ਦਾ ਖਿਡੌਣਾ ਬਣ ਗਈਆਂ ਹਨ।

ਨਿੱਜੀਕਰਨ ਨੂੰ ਆਧੁਨਿਕੀਕਰਨ ਤੋਂ ਵਖਰਿਆਇਆ ਨਹੀਂ ਜਾ ਸਕਦਾ। ਆਧੁਨਿਕੀਕਰਨ ਨੇ ਪਿੰਡਾਂ ਵਿਚ ਨਵੀਂ ਕਿਸਮ ਦਾ ਟਾਊਨਸ਼ਿਪ ਆਬਾਦ ਕੀਤਾ ਹੈ, ਜਿਸ ਕਰਕੇ ਪਿੰਡਾਂ ਵਿਚ ਸ਼ਹਿਰੀ ਆਧੁਨਿਕਤਾ ਵਾਲਾ ਪਾਸਾਰ ਹੋਇਆ ਹੈ। ਨਿੱਜੀ ਸੰਸਥਾਨਾਂ ਵਿਚ ਕੰਮ ਕਰਦੀਆਂ ਬਹੁਤੀਆਂ ਨਾਰੀਆਂ ਆਪਣੇ ਉੱਤੇ ਲੱਗੀਆਂ ਬੇਮਤਲਬ ਦੀਆਂ ਪਾਬੰਦੀਆਂ ਨੂੰ ਹਟਾ ਰਹੀਆਂ ਹਨ। ਪੇਂਡੂ ਪਿਛੋਕੜ ਵਾਲੀਆਂ ਨਾਰੀਆਂ ਨਵੇਂ ਨਗਰੀ ਸਮਾਜ ਦੀ ਨਾਰੀਮੁਖ ਆਜ਼ਾਦੀ ਹਾਸਲ ਕਰਨ ਦਾ ਅਵਸਰ ਪ੍ਰਾਪਤ ਕਰਦੀਆਂ ਹਨ। ਨਗਰੀ ਪਿਛੋਕੜ ਵਾਲੀਆਂ ਨਾਰੀਆਂ ਮਹਾਂਨਗਰੀ ਸਮਾਜ ਦੀ ਨਾਰੀਮੁਖ ਆਜ਼ਾਦੀ ਪ੍ਰਾਪਤ ਕਰਨ ਲਈ ਤਤਪਰ ਹਨ। ਮੇਘਣਾ, ਰਮਣੀਕ, ਪੈਮਿਲਾ, ਸੋਫੀਆ, ਕੁਲਜੀਤ, ਸੁਨੀਤਾ ਘਈ, ਰੌਸ਼ਨੀ, ਮਾਲਤੀ, ਮੇਰੀ,ਵੀਨਾ,ਸੰਗੀਤਾ,ਸਰੋਜ ਆਦਿ ਅਜਿਹੇ ਹੀ ਨਾਰੀ ਪਾਤਰ ਹਨ ਜੋ ਆਪਣੇ ਅਸਤਿਤਵ ਨੂੰ ਸਥਾਪਤ ਕਰਨ ਦੇ ਇਰਾਦੇ ਤੇ ਸੰਘਰਸ਼ ਰਾਹੀਂ ਆਧੁਨਿਕ ਨਾਰੀ ਦੀ ਹੋਂਦਮੂਲਕ ਸਥਿਤੀ ਨੂੰ ਸਾਕਾਰ ਕਰਦੇ ਹਨ।

ਅਧੁਨਿਕੀਕਰਨ ਦੇ ਸਿੱਟੇ ਵਜੋਂ ਸਮਾਜ ਵਿਚ ਵਧ ਰਹੇ ਪ੍ਰੇਮ-ਵਿਆਹ ਕਰਵਾਉਣ ਦੇ ਰੁਝਾਨ ਨੂੰ ਵੀ ਭੋਗਲ ਨੇ ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ ਰਾਹੀਂ ਪਛਾਣ ਕੇ ਸਿੱਟਾ ਇਹ ਕੱਢਿਆ ਹੈ ਕਿ ਸ਼੍ਰੇਣਿਕ ਹਿਤਾਂ ਦੀ ਸਾਂਝ ਪ੍ਰੇਮ-ਵਿਆਹਾਂ ਲਈ ਸਹਿਜੇ ਹੀ ਪ੍ਰਵਾਨਗੀ ਦਾ ਆਧਾਰ ਬਣ ਜਾਂਦੀ ਹੈ। ਇਸ ਪ੍ਰਸੰਗ ਲਈ ਬਿਮਲ ਤੇ ਫਕੀਰ ਚੰਦ, ਰਮਣੀਕ ਕੌਰ ਤੇ ਗੁਰਤੇਜ ਸਿੰਘ, ਸੁਧੀਰ ਭੱਲਾ ਤੇ ਅਸ਼ੋਕ, ਪ੍ਰੋ.ਮਹਿਤਾਬ ਰਾਏ ਤੇ ਵੀਨਾ, ਪ੍ਰੋ. ਓਮ ਪ੍ਰਕਾਸ਼ ਤੇ ਸੰਗੀਤਾ, ਸਰੋਜ ਤੇ ਵਿੱਦਿਆ ਭਾਸਕਰ

ਆਦਿ ਪ੍ਰੇਮੀ ਜੋੜਿਆਂ ਦੇ ਪ੍ਰੇਮ-ਸੰਬੰਧਾਂ ਨੂੰ ਵਿਆਹ ਦੇ ਬੰਧਨ ਵਿਚ ਬੱਝੇ ਹੋਣ ਦੀ ਸੂਰਤ ਵਿਚ ਵਿਚਾਰਿਆ ਜਾ ਸਕਦਾ ਹੈ। ਇੱਥੇ ਨਾਵਲੀ ਵਿਵੇਕ ਇਹ ਉੱਸਰਦਾ ਹੈ ਕਿ ਪ੍ਰੇਮ-ਵਿਆਹ ਉੱਤੇ ਪਰਿਵਾਰ-ਪ੍ਰੇਮ ਦੀ ਮੋਹਰ ਲਗਾ ਲੈਣੀ ਉਚਿਤ ਹੈ। ਨੌਜਵਾਨ ਵਰਗ ਇਸਨੂੰ ਅਮਲ ਵਿਚ ਲਿਆ ਕੇ ਆਪਣੇ ਨਿੱਜ ਨੂੰ ਤਾਕਤਵਰ ਬਣਾ ਸਕਦਾ ਹੈ, ਆਪਣੇ ਵਿਅਕਤਿਤਵ ਨੂੰ ਨਿਖਾਰ ਸਕਦਾ ਹੈ ਅਤੇ ਆਪਣੇ ਪਰਿਵਾਰਕ ਤੇ ਮਨੁੱਖੀ ਰਿਸ਼ਤਿਆਂ ਨੂੰ ਜ਼ਿੰਦਾਦਿਲੀ ਨਾਲ ਨਿਭਾਅ ਸਕਦਾ ਹੈ।

ਇਸ ਨਾਵਲ ਵਿਚ ਵਿੱਦਿਆ ਪ੍ਰਾਪਤੀ ਉੱਤੇ ਜ਼ੋਰ ਦਿੰਦੇ ਪਾਤਰਾਂ ਦਾ ਸਿਰਜਣ ਕੀਤਾ ਗਿਆ ਹੈ। ਬਹੁਤੇ ਪਾਤਰ ਪੜ੍ਹੇ-ਲਿਖੇ ਹਨ ਜੋ ਸਕੂਲ,ਕਾਲਿਜ ਤੇ ਯੂਨੀਵਰਸਿਟੀਆਂ ਦੇ ਟੀਚਰ ਹਨ। ਉਹ ਜੀਵਨ ਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਸਮਝਦੇ ਹਨ। ਕੁਝ ਪਾਤਰ ਆੜ੍ਹਤੀਏ, ਵਪਾਰੀ ਤੇ ਪੂੰਜੀ-ਨਿਵੇਸ਼ਕ ਹਨ ਜੋ ਵਿਭਿੰਨ ਕਿੱਤਿਆਂ ਨੂੰ ਅਪਨਾ ਕੇ ਅੱਗੇ ਵਧਦੇ ਹਨ। ਇਹ ਸਾਰਾ ਸਿਲਸਿਲਾ ਜੀਵੰਤਤਾ ਦਾ ਧਾਰਨੀ ਹੈ। ਜੀਵੰਤਤਾ ਇਸ ਨਾਵਲ ਦਾ ਮੀਰੀ ਗੁਣ ਹੈ। ਸਹਿਜਤਾ ਇਸਦੇ ਰਗ-ਰੇਸ਼ੇ 'ਚ ਸਮਾਈ ਹੈ। ਪਿਆਰਾ ਸਿੰਘ ਭੋਗਲ ਦੀ ਕਲਾ ਦਾ ਹੀ ਪੈਂਡੂਲਮ ਹੈ ਜੋ ਨਾਵਲ ਵਿਚ ਸੰਤੁਲਨ ਬਣਾਈ ਰੱਖਦਾ ਹੈ-ਸਮੇਂ,ਸਥਾਨ,ਸਥਿਤੀਆਂ,ਪਾਤਰਾਂ ਦੇ ਆਪਸੀ ਸੰਬੰਧਾਂ, ਉਹਨਾਂ ਦੀਆਂ ਸੋਚਾਂ ਤੇ ਉਹਨਾਂ ਨਾਲ ਘਟਦੀਆਂ ਘਟਨਾਵਾਂ ਦਾ। ਅਨੁਭਵ ਦੀ ਵਿਸ਼ਾਲਤਾ, ਵਿਚਾਰਧਾਰਾ ਦੀ ਸਪਸ਼ਟਤਾ ਅਤੇ ਬਿਰਤਾਂਤ ਦੀ ਸੁਚੱਜਤਾ ਵਾਲਾ ਅਜਿਹਾ ਨਾਵਲ ਤਾਂ ਪਿਆਰਾ ਸਿੰਘ ਭੋਗਲ ਵਰਗਾ ਅਨੁਭਵੀ ਨਾਵਲਕਾਰ ਹੀ ਸਿਰਜ ਸਕਦਾ ਸੀ। **-ਚੰਦਰ ਮੋਹਨ**

ਕੁੰਭੀ ਨਰਕ (ਕਹਾਣੀ-ਸੰਗ੍ਰਹਿ) ਭਗਵੰਤ ਰਸੂਲਪੁਰੀ

ਆਮ ਤੌਰ'ਤੇ ਪੰਜਾਬੀ ਸਮਾਜ ਵਿਚ ਦਲਿਤ ਜਾਤੀਆਂ ਲਈ ਚੂਹੜਾ ਤੇ ਚਮਾਰ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸਮਾਜਕ ਤੌਰ'ਤੇ ਵਿਅਕਤੀਆਂ ਦੇ ਕੰਮ-ਧੰਦੇ ਹੀ ਇਹਨਾਂ ਸ਼ਬਦਾਂ ਦੀ ਵਰਤੋਂ ਦੇ ਆਧਾਰ ਬਣੇ। ਇਹ ਮੰਨਿਆ ਜਾਂਦਾ ਹੈ ਕਿ ਪਿੰਡਾਂ ਤੇ ਸ਼ਹਿਰਾਂ 'ਚ ਸਫਾਈ ਕਰਨ ਵਾਲੇ ਵਿਅਕਤੀਆਂ ਨੂੰ ਚੂਹੜੇ ਅਤੇ ਪਸ਼ੂਆਂ ਦਾ ਚੰਮ ਲਾਹ ਕੇ ਉਸ ਤੋਂ ਗੁਜ਼ਾਰਾ ਕਰਦੇ ਵਿਅਕਤੀਆਂ ਨੂੰ ਚਮਾਰ ਕਿਹਾ ਜਾਣ ਲੱਗਾ। ਭਗਵੰਤ ਰਸੂਲਪੁਰੀ ਇਹਨਾਂ ਦੋਹਾਂ ਦਲਿਤ ਜਾਤੀਆਂ ਦੇ ਜੀਵਨ-ਯਥਾਰਥ ਨੂੰ ਬੜੇ ਭਰਵੇਂ ਰੂਪ ਵਿਚ ਸਾਕਾਰ ਕਰਨ ਵਾਲਾ ਅਜਿਹਾ ਦਲਿਤ ਕਹਾਣੀਕਾਰ ਹੈ ਜਿਸਦੀ ਦ੍ਰਿਸ਼ਟੀ ਦਾ ਮੰਤਵ ਦਲਿਤ ਵਰਤਾਰੇ ਵਿਚ ਕਾਰਜਸ਼ੀਲ ਧਾਰਮਿਕ, ਸਮਾਜਕ, ਆਰਥਿਕ ਤੇ ਰਾਜਸੀ ਸੰਸਥਾਵਾਂ ਦੀ ਤਹਿ 'ਚ ਕੰਮ ਕਰਦੀ ਉੱਚ ਜਾਤੀਆਂ ਦੀ ਨੀਵੀਂ ਜਾਤੀਆਂ ਨੂੰ ਗੁਲਾਮ ਬਣਾਈ ਰੱਖਣ ਵਾਲੀ ਬ੍ਰਾਹਮਣਵਾਦੀ ਮਾਨਸਿਕਤਾ ਨੂੰ ਪਛਾਨਣਾ ਹੈ। 'ਕੁੰਭੀ ਨਰਕ' (ਪੰਨੇ 160, ਮੁੱਲ 200 ਰੁਪਏ, ਪਰਵਾਜ਼ ਪ੍ਰਕਾਸ਼ਨ, ਜਲੰਧਰ) ਅਤੇ ਇਸ ਤੋਂ ਪਹਿਲਾਂ ਰਚੇ ਉਸਦੇ ਸਾਰੇ ਕਹਾਣੀ-ਸੰਗ੍ਰਹਿ ਇਸ ਵਿਚਾਰ ਦੀ ਉਗਾਹੀ ਭਰਦੇ ਹਨ।

ਸ਼੍ਰੇਣੀਆਂ ਵਿਚ ਵੰਡੇ ਪੰਜਾਬੀ ਸਮਾਜ ਵਿਚ ਸਭ ਤੋਂ ਨੀਵੀਆਂ ਜਾਤਾਂ' ਚ ਗਿਣੀ ਜਾਂਦੀ ਵਾਲਮੀਕੀ ਜਾਤੀ ਵਿਚਲੀ ਸ਼੍ਰੇਣੀ-ਵੰਡ ਨੂੰ ਇਸ ਸੰਗ੍ਰਹਿ ਦੀ ਸਿਰਲੇਖਕ ਕਹਾਣੀ ਦਾ ਆਧਾਰ ਬਣਾਇਆ ਗਿਆ ਹੈ। ਇਸ ਕਹਾਣੀ ਵਿਚ ਪਹਿਲੀ ਸ਼੍ਰੇਣੀ ਦੀ ਪ੍ਰਤੀਨਿਧਤਾ ਸ਼ਾਂਤੀ, ਰਾਜ ਤੇ ਕਾਲਾ ਪ੍ਰਧਾਨ ਨਾਮੀ ਪਾਤਰ ਕਰਦੇ ਹਨ, ਜੋ ਸ਼ਹਿਰਾਂ 'ਚ ਸਫਾਈ ਦਾ ਕੰਮ ਕਰਦੇ ਹਨ। ਦੂਸਰੀ ਸ਼੍ਰੇਣੀ, ਰਾਮੂ ਉਰਫ ਰਾਮ ਸਿੰਘ ਭੱਟੀ ਕਰਦਾ ਹੈ ਜੋ ਪਹਿਲੀ ਸ਼੍ਰੇਣੀ ਵਾਲੇ ਕੰਮ ਕਰਨ ਤੋਂ ਆਤੁਰ ਹੈ, ਤੇ ਉਹ ਜ਼ਿਮੀਂਦਾਰਾਂ ਦੇ ਖੇਤਾਂ ਵਿਚ ਕੰਮ ਕਰਦਾ ਤੇ ਆਪਣੀ ਜਾਤੀ ਦੇ ਹੋਰਨਾਂ ਵਿਅਕਤੀਆਂ ਨੂੰ ਇਸ ਕੰਮ ਲਈ ਪ੍ਰੇਰਦਾ ਹੈ। ਤੀਸਰੀ ਸ਼੍ਰੇਣੀ ਦੀ ਪ੍ਰਤੀਨਿਧਤਾ ਮੈਂ-ਪਾਤਰ ਅਥਵਾ ਰਾਜ ਵਾਲਮੀਕੀ ਕਰਦਾ ਹੈ, ਜੋ ਪੜ੍ਹ-ਲਿਖ ਕੇ ਪਹਿਲਾਂ ਤਾਂ ਜਲੰਧਰ ਕਾਰਪੋਰੇਸ਼ਨ ਵਿਚ ਸਫਾਈ ਕਰਮਚਾਰੀ ਦੇ ਤੌਰ 'ਤੇ ਕੰਮ ਕਰਦਾ ਹੈ ਅਤੇ ਫਿਰ ਆਪਣੀ ਜਾਤ ਦੇ ਹੀ ਕਾਲ਼ਾ ਪ੍ਰਧਾਨ ਦੀ

ਸਿਫਾਰਸ਼ ਨਾਲ ਚੰਡੀਗੜ੍ਹ ਦੇ ਸਕੱਤਰੇਤ ਵਿਚ ਪੰਜਾਬੀ ਟਾਈਪਿਸਟ ਜਾ ਲੱਗਦਾ ਹੈ। ਉੱਥੇ ਉਹ ਕਲਰਕ ਤੋਂ ਸਹਾਇਕ ਤਕ ਦੀ ਪਦਵੀ ਪ੍ਰਾਪਤ ਕਰਦਾ ਹੈ। ਚੰਡੀਗੜ੍ਹ ਨੇੜੇ ਮੁੰਡੀ ਖਰੜ 'ਚ ਉਹ ਆਪਣਾ ਮਕਾਨ ਬਣਾ ਕੇ ਰਹਿਣ ਲੱਗ ਪੈਂਦਾ ਹੈ। ਸ਼ਾਂਤੀ ਉਸਦੀ ਮਾਂ ਹੈ। ਕਾਲ਼ੇ ਪ੍ਰਧਾਨ ਦੁਆਰਾ ਫੋਨ ਉੱਤੇ ਰਾਜ ਨੂੰ ਦਿੱਤੀ ਸ਼ਾਂਤੀ ਦੀ ਮੌਤ ਦੀ ਖਬਰ ਨਾਲ ਇਸ ਕਹਾਣੀ ਦਾ ਆਰੰਭ ਹੁੰਦਾ ਹੈ। ਆਰੰਭ ਤੋਂ ਅੰਤ ਤਕ ਸਿਰਜੇ ਬਿਰਤਾਂਤ ਰਾਹੀਂ ਬਿਰਤਾਂਤਕਾਰ ਇਹ ਦੱਸਣ ਦੀ ਕੋਸ਼ਿਸ਼ 'ਚ ਹੈ ਕਿ ਕਿਵੇਂ ਧਾਰਮਿਕ ਕਿਸਮ ਦੀ ਮਾਨਸਿਕਤਾ ਵਾਲਮੀਕੀ ਸਮਾਜ ਨੂੰ ਵੰਡਣ ਉੱਤੇ ਲੱਗੀ ਹੋਈ ਹੈ। ਕਹਾਣੀ 'ਚ ਲਾਲ ਬੇਗ ਦੀ ਸਮਾਧ, ਵਾਲਮੀਕੀ ਮੰਦਰ, ਚਰਚ ਤੇ ਮਜ਼ਹਬੀ ਸਿੱਖਾਂ ਦੇ ਗੁਰਦੁਆਰੇ ਦਾ ਜ਼ਿਕਰ ਏਸੇ ਪ੍ਰਸੰਗ'ਚ ਹੋਇਆ ਮਿਲਦਾ ਹੈ। ਕਹਾਣੀ ਵਿਚ ਸੁਪਰਡੈਂਟ ਰਾਮ ਲਾਲ ਮਹਿਮੀ ਨਾਮਕ ਪਾਤਰ ਦੀ ਘਾੜਤ ਇਹ ਦੱਸਣ ਲਈ ਕੀਤੀ ਹੈ ਕਿ 1951 ਦੀ ਮਰਦਮਸ਼ੁਮਾਰੀ ਅਨੁਸਾਰ ਮਿਲੀ ਦਲਿਤ ਜਾਤੀਆਂ ਨੂੰ ਸੰਵਿਧਾਨਕ ਮਾਨਤਾ ਅਤੇ ਇਸ ਦੇ ਆਧਾਰ 'ਤੇ ਮਿਲੀ ਰਾਖਵੇਂਕਰਨ ਦੀ ਨੀਤੀ ਨੇ ਵੀ ਇਹਨਾਂ ਦੋਹਾਂ ਦਲਿਤ ਸ਼੍ਰੇਣੀਆਂ ਨੂੰ ਪਰਿਵਾਰਕ ਮਿਲਵਰਤਣ ਲਈ ਇਕਮਿਕ ਨਹੀਂ ਹੋਣ ਦਿੱਤਾ। ਕਹਾਣੀ ਵਿਚਲੇ ਰਾਮ ਲਾਲ ਮਹਿਮੀ ਤੇ ਰਾਜ ਵਾਲਮੀਕੀ ਦੇ ਸੰਵਾਦ ਨੂੰ ਇਸ ਪ੍ਰਸੰਗ 'ਚ ਵੇਖਿਆ ਜਾ ਸਕਦਾ ਹੈ, ਜਿਸ 'ਚੋਂ ਚੂਹੜੇ ਤੇ ਚਮਾਰ ਜਾਤੀਆਂ ਦੀ ਮਾਨਸਿਕਤਾ ਦਾ ਸਪਸ਼ਟ ਨਿਖੇੜ ਨਜ਼ਰ ਆਉਂਦਾ ਹੈ।

'ਸੁੱਕੀਆਂ ਕੁੰਨਾਂ' ਤੇ 'ਧੂੜ' ਨਾਮਕ ਕਹਾਣੀਆਂ ਵਿਚ ਹੱਡਾ-ਰੋੜੀ ਦੀ ਨਰਕ ਭਰੀ ਜ਼ਿੰਦਗੀ ਜਿਉਂਦੇ ਪਾਤਰਾਂ ਰਾਹੀਂ ਚਮਾਰ ਜਾਤੀ ਦੀ ਦਰਜਾਬੰਦੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ: ਘਰ ਘਰ 'ਚੋਂ ਮਰੇ ਪਸ਼ੂਆਂ ਨੂੰ ਹੱਡਾ-ਰੋੜੀ 'ਚ ਲਿਜਾ ਕੇ ਉਹਨਾਂ ਦਾ ਚੰਮ ਲਾਹੁਣ ਵਾਲੇ ਜਾਗਰ ਮੱਲ, ਰਾਜ ਮੱਲ, ਮਕੰਦ ਮੱਲ, ਮੇਲੂ, ਨਾਣੀ ਆਦਿ ਵਰਗੇ ਇਸ ਕਸਬ ਦੇ ਮੁੱਢਲੇ ਕਰਿੰਦੇ, ਸੁੱਚਾ ਪਹਿਲਵਾਨ ਵਰਗੇ ਚਮਾਰ ਆੜ੍ਹਤੀਏ, ਚਮੜਾ ਕਾਰਖਾਨਿਆਂ 'ਚ ਕੰਮ ਕਰਨ ਵਾਲੇ ਮਕੰਦ ਮੱਲ ਤੇ ਵਿਜੈ ਸਾਗਰ ਵਰਗੇ ਦਲਿਤ ਬਾਬੂ ਅਤੇ ਰਾਜਨੀਤੀ 'ਚ ਭਾਗ ਲੈਣ ਵਾਲੇ ਚੌਧਰੀ ਸੂਬਾ ਸਿੰਘ ਵਰਗੇ ਦਲਿਤ ਚਮੜਾ ਕਾਰਖਾਨਿਆਂ ਦੇ ਮਾਲਕ। ਪਾਤਰਾਂ ਦੀ ਪੌੜੀਦਰ ਇਸ ਯਾਤਰਾ ਨੂੰ ਭਗਵੰਤ ਰਸੂਲਪੁਰੀ ਨੇ ਰਾਜਸੀ ਪ੍ਰਕਰਣ ਵਿਚ ਰੱਖ ਕੇ ਚਿਤਰਿਆ ਹੈ ਕਿ ਕਿਵੇਂ ਸਰਕਾਰ ਨੇ ਪੰਜਾਬ ਦੇ ਜਲੰਧਰ ਸ਼ਹਿਰ ਨੇੜਲੇ ਪਿੰਡਾਂ ਦਾ ਉਜਾੜਾ ਕਰਕੇ ਉੱਥੇ ਚਮੜਾ ਉਦਯੋਗ ਸਥਾਪਤ ਕਰਨ ਲਈ ਚਮੜਾ ਨਗਰ ਵਸਾਇਆ। ਇਹਨਾਂ ਕਾਰਖਾਨਿਆਂ ਦੇ ਮਾਲਕ ਤ੍ਰਿਵੇਦੀ ਵਰਗੇ ਉੱਚ ਜਾਤੀ ਦੇ ਉਹ ਲੋਕ ਵੀ ਬਣੇ ਜੋ ਇਸ ਕਸਬ ਨੂੰ ਬਹੁਤ ਮਾੜਾ ਸਮਝਦੇ ਸਨ। ਕਾਰਨ ਇਸਦਾ ਇਕ ਇਹ ਵੀ ਸੀ ਕਿ ਅਜਿਹੀਆਂ ਚਮੜਾ ਫੈਕਟਰੀਆਂ ਦੀ ਸਥਾਪਨਾ ਲਈ ਪੂੰਜੀ ਦੀ ਲੋੜ ਸੀ ਤੇ ਇਸ ਲੋੜ ਨੂੰ ਦਲਿਤ ਜਾਤੀਆਂ ਦੀ ਬਹੁ-ਵਸੋਂ ਪੂਰੀ ਕਰਨ ਤੋਂ ਅਸਮਰਥ ਸੀ। ਇਸ ਲਈ ਇਸ ਕਸਬ ਦੇ ਜੱਦੀ ਮਾਲਕ ਇਹਨਾਂ ਕਾਰਖਾਨਿਆਂ 'ਚ ਨੌਕਰ ਬਣ ਕੇ ਮਜ਼ਦੂਰ ਸ਼੍ਰੇਣੀ ਵਿਚ ਵਟ ਗਏ ਅਤੇ ਕੁਝ ਕਰਿੰਦੇ ਲੁਧਿਆਣੇ ਹੌਜ਼ਰੀ 'ਚ ਕੰਮ ਕਰਨ ਵਾਲੀ ਇਕ ਹੋਰ ਮਜ਼ਦੂਰ ਸ਼੍ਰੇਣੀ ਦੇ ਰੂਪ ਵਿਚ ਉਭਰੇ। ਕੁਝ, ਗੇਲੂ ਵਾਂਗ, ਲੇਬਰ ਚੌਕ ਦੇ ਮਜ਼ਦੂਰ ਬਣ ਗਏ। ਇੱਥੇ ਕਹਾਣੀਕਾਰ ਨੇ 'ਸ਼ਿਵ ਲੈਦਰ ਪ੍ਰਾਈਵੇਟ ਲਿਮਟਿਡ','ਸਿਨਹਾ ਲੈਦਰ ਕੰਪਨੀ','ਜਗਦੰਬੇ ਟੈਨਰੀਜ਼ ਫੈਕਟਰੀ' ਆਦਿ ਦੇ ਚਰਿੱਤਰ ਨੂੰ ਨਗਰੀਕਰਨ ਤੇ ਪੂੰਜੀਵਾਦੀ ਵਿਵਸਥਾ ਦੀ ਭਾਈਵਾਲੀ ਰਾਹੀਂ ਜਾਤੀ ਤੇ ਜਮਾਤੀ ਲੁੱਟ-ਖਸੁੱਟ ਦੇ ਸਾਂਝੇ ਪ੍ਰਾਰੂਪ ਵਜੋਂ ਚਿਤਰਿਆ ਹੈ।

ਇਸੇ ਪ੍ਰਕਿਰਿਆ ਤਹਿਤ ਦਿਨੋਂ ਦਿਨ ਗ਼ਰੀਬ ਹੋ ਰਹੇ ਪੰਜਾਬ ਦੇ ਕਿਸਾਨ ਤੇ ਮਜ਼ਦੂਰ ਦੀ ਦਸ਼ਾ ਨੂੰ 'ਕਬਰ-ਗਾਹ' ਨਾਂ ਦੀ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ। ਕਹਾਣੀਕਾਰ ਨੇ ਰੁਲਦਾ ਸਿੰਘ ਦੇ ਪਰਿਵਾਰ ਤੇ ਉਸਦੇ ਸੀਰੀ ਮਿਲਖੀ ਰਾਮ ਦੇ ਪਰਿਵਾਰ ਦੀ ਜੀਵਨ-ਦਸ਼ਾ ਨੂੰ ਬਿਆਨ ਕਰਦਿਆਂ ਦਰਸਾਇਆ ਹੈ ਕਿ ਕਿਵੇਂ ਦੋਵੇਂ ਪਰਿਵਾਰ ਆਪਣੀ ਆਪਣੀ ਆਰਥਿਕ ਸਥਿਤੀ ਨੂੰ ਸੁਧਾਰਨਾ ਚਾਹੁੰਦੇ ਹਨ, ਪਰ 'ਕਿਸਾਨ ਟਰੈਕਟਰ ਏਜੰਸੀ' ਦੇ ਮਾਲਕ ਤੇ ਕਿਸ਼ਨ ਆੜ੍ਹਤੀਏ

ਵਰਗੀਆਂ ਲੋਟੂ ਧਿਰਾਂ ਰੁਲਦਾ ਸਿੰਘ ਦੀ ਖੇਤੀ ਦੀ ਕਮਾਈ ਦੇ ਨਾਲ ਨਾਲ ਉਸਦੀ ਜ਼ਮੀਨ ਨੂੰ ਵੀ ਹੜੱਪੀ ਜਾ ਰਹੀਆਂ ਹਨ।ਅਤੇ 'ਜਗਦੰਬੇ ਫਾਈਨਾਂਸ ਕੰਪਨੀ' ਮਿਲਖੀ ਰਾਮ ਦੀ ਧੀ ਦੀ ਕਮਾਈ ਉੱਤੇ ਮੇਰ ਮਾਰ ਕੇ ਬੈਠ ਜਾਂਦੀ ਹੈ। ਦੋਹਾਂ ਪਾਤਰਾਂ ਦਾ ਜੀਵਨ-ਬਿਰਤਾਂਤ ਸਮਕਾਲੀ ਪੰਜਾਬ ਨੂੰ ਇਕ ਕਬਰ-ਗਾਹ ਦੇ ਰੂਪ 'ਚ ਪੇਸ਼ ਕਰ ਰਿਹਾ ਹੈ। ਇਸ ਕਬਰ-ਗਾਹ ਲਈ ਕਹਾਣੀਕਾਰ ਨੇ ਇਹਨਾਂ ਪ੍ਰਮੁੱਖ ਕਾਰਕਾਂ ਦੀ ਚੋਣ ਕੀਤੀ ਹੈ: ਟਰੈਕਟਰਾਂ ਦੀ ਵਿਕਰੀ,ਆੜ੍ਹਤੀਆਂ-ਬੈਂਕਾਂ ਤੇ ਕੰਪਨੀਆਂ ਦਾ ਕਰਜ਼ਾ,ਸਟੱਡੀ ਵੀਜ਼ਾ ਦੇ ਨਾਂ ਉੱਤੇ ਕੈਨੇਡਾ ਅਮਰੀਕਾ ਜਾਣ ਦਾ ਰੁਝਾਨ ਤੇ ਇੰਮੀਗਰੇਸ਼ਨ ਏਜੰਟਾਂ ਦੀ ਲੁੱਟ, ਜਲ ਸੰਕਟ, ਜ਼ਹਿਰੀਲੀਆਂ ਸਬਜ਼ੀਆਂ ਦੀ ਪੈਦਾਵਾਰ, ਕੈਂਸਰ ਅਤੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ। ਕਹਾਣੀ ਵਿਚ ਇਹ ਧੁਨ ਵੀ ਸਮਾਈ ਹੋਈ ਹੈ ਕਿ ਸਰਕਾਰਾਂ ਲੋਕਾਂ ਦੇ ਭਲੇ ਲਈ ਨਹੀਂ ਬਲਕਿ ਆਮ ਲੋਕਾਂ ਲਈ ਮੁਸੀਬਤਾਂ ਦੇ ਪਹਾੜ ਖੜ੍ਹੇ ਕਰਦੀਆਂ ਹਨ, ਜਦਕਿ ਉਹਨਾਂ ਨੂੰ ਰੋਕਣ ਲਈ ਹੋਂਦ ਵਿਚ ਆਈਆਂ ਲੋਕ-ਜੱਥੇਬੰਦੀਆਂ ਵਿਚ ਕਾਰਜਸ਼ੀਲ ਬੇਈਮਾਨ ਮੋਹਰੀ ਲੀਡਰ ਸਰਕਾਰਾਂ ਨਾਲ ਮਿਲ ਕੇ ਆਮ ਲੋਕਾਂ ਦੀ ਜੀਵਨ-ਦਸ਼ਾ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਦੀ ਹੀ ਭੂਮਿਕਾ ਨਿਭਾਉਂਦੇ ਹਨ। ਕਹਾਣੀ ਵਿਚ ਜੈਮਲ ਸਿੰਘ ਘੁੰਮਣ ਦਾ ਕਿਰਦਾਰ ਇਹੋ ਕੁਝ ਹੀ ਦਰਸਾਉਂਦਾ ਹੈ। ਅਜਿਹਾ ਸਭ ਕੁਝ ਵਿਕਾਸਸ਼ੀਲ ਭਾਰਤੀ ਰਾਜ ਵਿਚ ਹੀ ਸੰਭਵ ਹੋ ਸਕਦਾ ਹੈ। ਸੰਗ੍ਰਹਿ ਵਿਚ ਸ਼ਾਮਲ ਕੈਨੇਡੀਅਨ ਨਾਗਰਿਕਾਂ ਦੇ ਮਨਾਂ 'ਚ ਬੈਠੇ ਇੰਨਸ਼ੋਰੈਂਸ ਕੰਪਨੀਆਂ ਦੇ ਡਰ ਨੂੰ ਬਿਆਨਦੀ 'ਬਲੈਕ ਡਸਟਬਿਨ' ਨਾਂ ਦੀ ਕਹਾਣੀ ਵਿਕਸਤ ਪੂੰਜੀਵਾਦੀ ਵਿਵਸਥਾ ਵਾਲੇ ਰਾਜ ਦੇ ਚਰਿੱਤਰ ਨੂੰ ਵੀ ਸਾਹਵੇਂ ਲਿਆਉਂਦੀ ਹੈ। ਦੋਹਾਂ ਵਿਵਸਥਾਵਾਂ ਦਾ ਤੁਲਨਾਤਮਕ ਅਧਿਐਨ ਦਿਲਚਸਪ ਸਿੱਟੇ ਸਾਹਵੇਂ ਲਿਆਉਂਦਾ ਹੈ।

ਸਮਾਜ ਵਿਚ ਰੱਬੀ ਹੋਂਦ ਦੀ ਕਾਰਜਸ਼ੀਲਤਾ ਵਿਚ ਅੰਨ੍ਹਾ ਵਿਸਵਾਸ ਰੱਖਣ ਵਾਲੀ ਆਮ ਲੋਕਾਈ ਦੀ ਦੁਖਾਂਤਕ ਹੋਣੀ ਦਾ ਬੜਾ ਹੀ ਮਾਰਮਿਕ ਚਿੱਤਰ 'ਮਾਇਆ' ਨਾਂ ਦੀ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ। ਕਹਾਣੀ ਵਿਚ ਦੋ ਧਿਰਾਂ ਕਾਰਜਸ਼ੀਲ ਹਨ। ਇਕ,ਆਮ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਰਾਮ ਪ੍ਰਕਾਸ਼ ਬੰਗੜ ਦੀ, ਦੂਸਰੀ,ਪ੍ਰਭੂ ਦਿਆਲ ਡੇਰੇ ਦੀ। ਦੂਸਰੀ ਧਿਰ ਚਲਾਕ ਹੈ ਜੋ ਆਮ ਲੋਕਾਂ ਨੂੰ ਜਨਮ-ਮਰਨ ਦੇ ਚੱਕਰ 'ਚ ਉਲਝਾ ਕੇ ਆਪ ਐਸ਼-ਆਰਾਮ ਵਾਲਾ ਜੀਵਨ ਬਤੀਤ ਕਰਦੀ ਹੈ। ਤੇ ਆਪਣੇ ਝੂਠੇ ਸ਼ਾਸਤਰੀ ਪ੍ਰਵਚਨਾਂ ਰਾਹੀਂ ਉਹਨਾਂ ਦੇ ਦਿਲ-ਦਿਮਾਗ 'ਚ ਇਹ ਭਰਮ ਦ੍ਰਿੜ ਕਰਵਾਉਂਦੀ ਹੈ ਕਿ ਉਹਨਾਂ ਦੀ ਗ਼ਰੀਬੀ ਉਹਨਾਂ ਦੇ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਹੈ। ਰਾਮ ਪ੍ਰਕਾਸ਼ ਬੰਗੜ ਇਸ ਕਹਾਣੀ ਦਾ ਮੁੱਖ ਪਾਤਰ ਹੈ ਜੋ ਮਾਰਕਫੈੱਡ ਦਾ ਮੁਲਾਜ਼ਮ ਹੈ। ਜਦੋਂ ਉਹ ਸੇਵਾ-ਮੁਕਤੀ ਦੇ ਨੇੜੇ ਜਾਂਦਾ ਹੈ ਤਾਂ ਉਸ ਨਾਲ ਕੋਈ ਵਿਅਕਤੀ ਧੋਖਾ ਕਰ ਜਾਂਦਾ ਹੈ, ਜਿਸ ਕਰਕੇ ਉਸਨੂੰ ਨੌਕਰੀਓਂ ਬਰਖਾਸਤ ਕਰ ਦਿੱਤਾ ਜਾਂਦਾ ਹੈ। ਉਸਦਾ ਪ੍ਰਾਵੀਡੈਂਟ ਫੰਡ ਤੇ ਪੈਨਸ਼ਨ ਫਰੀਜ਼ ਕਰ ਦਿੱਤੇ ਜਾਂਦੇ ਹਨ। ਪਿੱਛੋਂ ਉਸਦੇ ਪੁੱਤਰ ਦੀ ਸੜਕ ਦੁਰਘਟਨਾ 'ਚ ਮੌਤ ਹੋ ਜਾਂਦੀ ਹੈ, ਉਸਦੀ ਨੂੰਹ ਬੱਚੇ ਸਮੇਤ ਆਪਣੇ ਪੇਕੇ ਜਾ ਬੈਠਦੀ ਹੈ, ਧੀ ਦਾ ਤਲਾਕ ਹੋ ਜਾਂਦਾ ਹੈ, ਮੀਂਹ ਕਾਰਨ ਉਸਦੀ ਬੈਠਕ ਡਿੱਗ ਜਾਂਦੀ ਹੈ ਤੇ ਪਤਨੀ ਦੀ ਮੌਤ ਹੋ ਜਾਂਦੀ ਹੈ। ਉਸ ਨਾਲ ਏਨੀਆਂ ਘਟਨਾਵਾਂ ਵਾਪਰਨ ਦੇ ਬਾਵਜੂਦ ਉਹ ਇਹਨਾਂ ਦੇ ਕਾਰਨਾਂ ਦੀ ਖੋਜ ਨਹੀਂ ਕਰਦਾ ਬਲਕਿ ਇਸ ਸਭ ਕੁਝ ਨੂੰ ਰੱਬ ਦਾ ਭਾਣਾ ਸਮਝ ਕੇ ਪ੍ਰਵਾਨ ਕਰ ਲੈਂਦਾ ਹੈ। ਤੇ ਕਹਾਣੀ ਦੇ ਮੈਂ-ਪਾਤਰ ਅਥਵਾ ਭਗਤ ਰਾਮ ਨੂੰ ਵੀ ਆਪਣੇ ਮਾਰਗ ਉੱਤੇ ਚੱਲਣ ਲਈ ਪ੍ਰੇਰਦਾ ਹੈ, ਜਿਹੜਾ ਉਸਨੂੰ ਪ੍ਰਭੂ ਦਿਆਲ ਦੇ ਡੇਰੇ ਵਿਚਲੇ ਪ੍ਰਵਚਨਾਂ ਨੇ ਦਿਖਾਇਆ ਹੈ। ਸਮਾਜ ਦਾ ਬਹੁਤ ਵੱਡਾ ਭਾਗ ਭਾਗਵਾਦੀ ਪ੍ਰਵਿਰਤੀ ਦਾ ਮਾਲਕ ਹੈ। ਵਿਡੰਬਨਾ ਇਹ ਕਿ ਇਹ ਵਰਗ ਆਪਣਾ ਅਗਲਾ ਜਨਮ ਸੁਆਰਨ ਦੀ ਆਕਾਂਖਿਆ ਵਿਚ ਆਪਣਾ ਵਰਤਮਾਨ ਆਪਣੇ ਹੱਥੀਂ ਤਬਾਹ ਕਰ ਰਿਹਾ ਹੈ ਅਤੇ ਡੇਰਿਆਂ ਵਿਚ ਸੇਵਾ,ਸਿਮਰਨ ਦੇ ਨਾਂ ਉੱਤੇ ਆਪਣੇ ਤਨ, ਮਨ ਤੇ ਧਨ ਨੂੰ ਲੁਟਾ ਰਿਹਾ ਹੈ। ਡੇਰਾਵਾਦੀ ਸੋਚ ਦਲਿਤ ਜਾਤੀਆਂ ਨੂੰ ਨਿਕੰਮਾ ਬਣਾ ਕੇ ਉਹਨਾਂ ਨੂੰ ਉਹਨਾਂ ਦੀ

ਮੌਜੂਦਾ ਆਰਥਿਕ ਨਿਗਾਰ ਵਾਲੀ ਸਥਿਤੀ 'ਚੋਂ ਉਭਰਨ ਨਹੀਂ ਦਿੰਦੀ।ਅਜਿਹੀ ਸਥਿਤੀ ਉਹਨਾਂ ਲਈ ਕਿਸੇ ਕੁੰਭੀ ਨਰਕ ਤੋਂ ਘੱਟ ਨਹੀਂ।

ਕਥਾ-ਬਿਰਤਾਂਤ ਵਿਚ ਜਾਤ,ਜਮਾਤ ਤੇ ਧਰਮ ਦੇ ਮਿਲਗੋਭੇ ਵਾਲੇ ਕੁੰਭੀ ਨਰਕ ਤੋਂ ਬਚਣ ਵਾਲੀ ਇਹ ਵਿਚਾਰਧਾਰਕ ਸੇਧ ਵੀ ਵਿਦਮਾਨ ਹੈ ਕਿ ਦਲਿਤ-ਸ਼੍ਰੇਣੀਆਂ ਆਪਣੀ ਪਿਤਾ-ਪੁਰਖੀ ਸਿਆਣਪ ਦੇ ਨਾਲ ਨਾਲ ਰਵਿਦਾਸ, ਅੰਬੇਦਕਰ, ਕਾਰਲ ਮਾਰਕਸ ਤੇ ਭਗਤ ਸਿੰਘ ਜਿਹੇ ਚਿੰਤਕਾਂ ਦੀ ਵਿਚਾਰਧਾਰਕ ਸੋਚ ਉੱਤੇ ਵੀ ਪਹਿਰਾ ਦੇਣ।

-ਚੰਦਰ ਮੋਹਨ

ਘੋਰਕੰਡੇ (ਕਹਾਣੀ ਸੰਗ੍ਰਹਿ) ਸਿਮਰਨ ਧਾਲੀਵਾਲ

ਪੰਜਾਬੀ ਕਹਾਣੀ ਦੀ ਲਿਖਤ ਲਗਾਤਾਰਤਾ, ਬੀਤੇ ਸਮਾਜਕ ਯਥਾਰਥ ਨਾਲ ਗਹਿ-ਗੱਚ ਹੋ ਕੇ ਇਕ-ਮਿੱਕ ਹੋਈ ਵੀ ਸਮਕਾਲ ਦੀਆਂ ਵਿਸੰਗਤੀਆਂ ਨਾਲ ਦਸਤਪੰਜਾ ਲੈਂਦੀ ਰਹੀ ਹੈ, ਤੇ ਬਹੁਤੀ ਵਾਰ ਵਿਰੋਧੀ ਸੁਰ ਅਪਨਾਉਂਦਿਆਂ ਵੀ ਆਪਣੇ ਸ਼ਿਲਪ ਵਿਧਾਨ ਨੂੰ ਆਂਚ ਆਉਣ ਤੋਂ ਬਚਾਉਂਦੀ ਰਹੀ ਹੈ। ਆਦਰਸ਼ਮੁਖੀ, ਰੁਮਾਂਚ-ਪਾਸਾਰੀ, ਅਕਹਾਣੀ, ਪ੍ਰਗਤੀਸ਼ੀਲ, ਪ੍ਰਗਤੀਵਾਦੀ, ਪ੍ਰਯੋਗਵਾਦੀ, ਜੁਝਾਰਵਾਦੀ ਆਦਿ ਵਿਸ਼ੇਸ਼ਣਾਂ ਨੂੰ ਖਿੜੇ ਮੱਥੇ ਸਵੀਕਾਰ ਕਰਕੇ, ਇਸ ਵੰਨਗੀ ਨੇ ਸਾਹਿਤ ਦੀਆਂ ਦੂਜੀਆਂ ਵੰਨਗੀਆਂ ਵਾਂਗ ਆਪਣੀ ਹੋਂਦ ਨੂੰ ਕਿਸੇ ਵੀ ਤਰ੍ਹਾਂ ਦੀ ਆਂਚ ਨਹੀਂ ਆਉਣ ਦਿੱਤੀ। 21ਵੀਂ ਸਦੀ ਦੀ ਆਰੰਭਤਾ ਦੇ ਆਸ-ਪਾਸ ਤੋਂ ਸ਼ੁਰੂ ਹੋਏ ਕਾਰਪੋਰੇਟ ਵਰਤਾਰੇ ਨੇ ਬੀਤੀਆਂ ਸਦੀਆਂ ਦਾ ਮਾਣ ਸਤਿਕਾਰ ਬਣੀ ਰਹੀ ਭਾਈਚਾਰਕ ਤੇ ਮਾਨਵੀ ਸਾਂਝ ਦੀ ਟੁੱਟ-ਭੱਜ ਨੂੰ ਜਿਸ ਸ਼ਿੱਦਤ ਨਾਲ ਪੰਜਾਬੀ ਕਹਾਣੀ ਦੀ ਅਜੋਕੀ ਪੀੜ੍ਹੀ ਨੇ ਆਪਣੇ ਕਲੇਵਰ ਵਿਚ ਸਮੋਇਆ, ਉਸ 'ਤੇ ਮਾਣ ਕਰਨਾ ਕਿਸੇ ਤਰ੍ਹਾਂ ਦੀ ਅਣਉਚਿਤ ਨਹੀਂ। ਇਸ ਪੀੜ੍ਹੀ ਦੇ ਪੂਰ ਵਿਚ ਸਿਮਰਨ ਧਾਲੀਵਾਲ ਨੂੰ ਇਕ ਵਿਸ਼ੇਸ਼ ਹਸਤਾਖਰ ਵਜੋਂ ਅੰਕਤ ਕਰਨਾ, ਉਸਦੀ ਭਾਸ਼ਾਗਤ ਮੁਹਾਰਤ ਤੇ ਕਹਾਣੀ ਕਹਿਣ ਦੀ ਜੁਗਤ ਕਾਰਨ ਇਸ ਲਈ ਲਾਜ਼ਮੀ ਬਣ ਜਾਂਦਾ ਹੈ ਕਿ ਉਸ ਨੇ ਪ੍ਰੰਪਰਾਗਤ ਬਿਰਤਾਂਤਕ ਪੈਟਰਨ ਤੋਂ ਵੱਖਰੇ ਢੰਗ ਦੀ ਰਚਨਾਕਾਰੀ ਕੀਤੀ ਹੈ।

ਵਿਚਾਰ ਅਧੀਨ ਉਸਦੀ ਤੀਜੀ ਕਹਾਣੀ ਪੁਸਤਕ 'ਘੋਰ ਕੰਡੇ' (ਪੰਨੇ 96, ਮੁੱਲ 100 ਰੁਪਏ, ਸਾਹਿਬਦੀਪ ਪ੍ਰਕਾਸ਼ਨ, ਭੀਖੀ) ਰਾਹੀਂ ਉਸ ਬਾਰੇ ਬਣਾਈ ਉਪਰੋਕਤ ਧਾਰਨਾ ਨੂੰ ਸਿੱਧ ਕਰਦੀਆਂ ਨੌਂ ਕਹਾਣੀਆਂ ਸ਼ਾਮਿਲ ਹਨ। ਉਸਦੇ ਆਪਣੇ ਕਥਨ ਅਨੁਸਾਰ, 'ਜ਼ਿੰਦਗੀ ਦੀ ਜਟਿਲਤਾ ਕਹਾਣੀ ਦੀ ਜਟਿਲਤਾ ਬਣ ਰਹੀ ਹੈ। ਇਹ ਇਸ ਕਰਕੇ ਹੈ, ਬੰਦੇ ਦੇ ਅੰਦਰ ਦੀ ਦੁਨੀਆਂ ਬਹੁਤ ਵਿਸ਼ਾਲ ਹੈ, ਬਾਹਰੀ ਸੰਸਾਰ ਨਾਲੋਂ ਕਿਤੇ ਵੱਧ ਵੱਡੀ।' ਬੰਦੇ ਦੇ ਅੰਦਰ ਦੀ ਉਸ ਟੁੱਟ-ਭੱਜ ਨੂੰ ਬਿਆਨਦਿਆਂ ਇਸ ਪੁਸਤਕ ਦੀਆਂ ਸਾਰੀਆਂ ਕਹਾਣੀਆਂ ਬਾਹਰੀ ਜੀਵਨ ਦੇ ਪਰਤੌਅ ਨੂੰ ਵੀ ਨਾਲੋ-ਨਾਲ ਬਿਆਨ ਕਰਦੀਆਂ ਹਨ। ਦੂਜੇ ਸ਼ਬਦਾਂ ਵਿਚ ਅੱਜੋਕੇ ਸੰਸਾਰ ਅੰਦਰਲਾ ਬਾਹਰੀ ਵਰਤਾਰਾ ਹੀ ਬੰਦੇ ਦੀ ਅੰਦਰਲੀ ਟੁੱਟ-ਭੱਜ ਦਾ ਕਾਰਨ ਬਣਦਾ ਹੈ ,ਜਿਸ ਨੂੰ ਸਿਮਰਨ ਨੇ ਬੜੀ ਕੁਸ਼ਲਤਾ ਨਾਲ ਪਕੜ ਕੇ ਕਲਮਬੱਧ ਕੀਤਾ ਹੈ।

ਇਸ ਪੁਸਤਕ ਦੀ ਪਹਿਲੀ ਕਹਾਣੀ 'ਘਰ' ਦੇ ਮੈਂ ਪਾਤਰ ਦੇ ਬਾਪੂ ਦੇ ਅੱਖੜ-ਝੱਖੜ ਸੁਭਾਅ, ਉਸਦੇ ਜ਼ਮੀਨੀ ਰਿਸ਼ਤਿਆਂ ਦੀ ਹੋਂਦ ਕਾਰਨ ਬਣੇ-ਵਿਗਸੇ ਫਿਊਡਲੀ ਵਰਤਾਰੇ ਦੇ ਕਾਰਨ, ਘਰਵਾਲੀ ਨਾਲ ਕੀਤੇ ਜਾਂਦੇ ਦੁਰਵਿਹਾਰ ਦੀ ਸਮਝ, ਪਤਨੀ ਦੇ ਪ੍ਰਲੋਕ ਸਿਧਾਰ ਜਾਣ ਤੋਂ ਪਿੱਛੋਂ ਹੀ ਪੈਂਦੀ ਹੈ। ਅਗਲੀ ਕਹਾਣੀ 'ਉਦਾਸ ਸ਼ਾਇਰ ਦੀ ਕਥਾ' ਵਿਚ ਪੰਜਾਬ ਦੀ ਗੁਣਵਾਨ ਨੌਜਵਾਨੀ ਦੀ ਰੁਜ਼ਗਾਰ ਕਾਰਨ ਬਦੇਸ਼ ਵੱਲ ਲੱਗੀ ਦੌੜ, ਪਿੰਡਾਂ-ਸ਼ਹਿਰਾਂ ਵਿਚ ਬਣਾਈਆਂ ਸ਼ਾਨਦਾਰ ਕੋਠੀਆਂ ਅੰਦਰ ਉੱਲੂ ਬੋਲਣ ਵਰਗੀ ਉਜਾੜ, ਕੁਦਰਤ ਵੱਲੋਂ ਵਰੋਸਾਈਆਂ ਪਾਣੀ, ਹਵਾ ਵਰਗੀਆਂ ਵਚਿੱਤਰ ਦਾਤਾਂ ਨਾਲ ਹੋ ਰਿਹਾ ਖਿਲਵਾੜ, ਦਰਿਆਵਾਂ-ਨਦੀਆਂ ਦੇ ਦੂਸ਼ਤ ਹੋ ਰਹੇ

ਸੋਮਿਆਂ ਕਾਰਨ ਵਧ ਰਹੇ ਭਿਆਨਕ ਰੋਗਾਂ, ਜੰਗਲਾਂ ਦੀ ਆਪ ਮੁਹਾਰੇ ਹੋ ਰਹੀ ਕਟਾਈ ਵਰਗੇ ਮੁੱਦਿਆਂ ਕਾਰਨ ਸ਼ਾਇਰ ਦਾ ਸੰਵੇਦਨਸ਼ੀਲ ਮਨ ਉਦਾਸੀਨਤਾ ਦੇ ਅਮਲ ਵਿਚੋਂ ਲੰਘ ਰਿਹਾ ਹੈ। 'ਮੇਲਾ' ਕਹਾਣੀ ਮਜਬੂਰੀ ਵਸ ਢਾਬਿਆਂ, ਹੋਟਲਾਂ, ਚਾਹ ਦੀਆਂ ਦੁਕਾਨਾਂ ਆਦਿ 'ਤੇ ਕੰਮ ਕਰਦੇ ਲੱਲੋ ਵਰਗੇ ਵਸੀਲਾ ਰਹਿਤ, ਸਹਾਰਾ ਰਹਿਤ ਬਾਲਾਂ ਅੰਦਰ, ਸਕੂਲ ਜਾਂਦੇ ਬਾਲਾਂ ਨੂੰ ਦੇਖਦਿਆਂ, ਪੜ੍ਹਾਈ ਕਰਨ ਦੀ ਉਜਾਗਰ ਹੁੰਦੀ ਰੁਚੀਆਂ ਦੇ ਸ਼ਰੇਆਮ ਹੁੰਦੇ ਕਤਲਾਂ ਦਾ ਬੇਬਾਕੀ ਨਾਲ ਵਰਨਣ ਕਰਦੀ ਹੈ। ਇਵੇਂ ਹੀ 'ਘੋਰਕੰਡੇ' ਕਹਾਣੀ ਘਰੋਂ ਬੇਘਰ ਕੀਤੇ ਬਿਰਧ ਆਸ਼ਰਮਾਂ ਵਿਚ ਇਕ ਤਰ੍ਹਾਂ ਦੁਰਕਾਰ ਕੇ ਸੁੱਟੇ ਬਿਰਧ-ਅਵਸਥੀ ਜੀਆਂ ਅੰਦਰ ਅਜੇ ਤਕ ਬਚੀਆਂ ਆਸ਼ਾਵਾਂ-ਉਮੰਗਾਂ ਦਾ ਵਰਨਣ ਕਰਦੀ, ਨਾਮ-ਨਿਹਾਦ ਤਰੱਕੀ ਕਰਦੇ ਜਾਂ ਕਰ ਚੁੱਕੇ ਧੀਆਂ-ਪੁੱਤਰਾਂ ਨੂੰ ਲਾਅਨਤਾਂ ਵੀ ਪਾਉਂਦੀ ਹੈ ਤੇ ਨਾਲ ਦੀ ਨਾਲ ਉਦਾਸੀਨਤਾ ਦੇ ਆਲਮ ਅੰਦਰ ਘਿਰੇ ਬਿਰਧਾਂ ਨੂੰ ਆਪੋ-ਵਿਚਦੀ ਆਚਾਰ ਵਿਹਾਰ ਕਰਦਿਆਂ, ਇਕ ਦੂਜੇ ਦੀ ਚੀਸ-ਪੀੜ ਦਾ ਵਿਰੇਚਨ ਕਰਨ ਲਈ ਬੀਤ ਚੁੱਕੇ ਦਿਨਾਂ ਦੀ ਰਾਂਗਲੀਅਤ ਦਾ ਸਹਾਰਾ ਵੀ ਲੈਂਦੀ ਹੈ।

'ਛੁੱਟੀ ਹੋਣ ਤੋਂ ਪਹਿਲਾਂ' ਅਣਜੋੜ ਰਿਸ਼ਤਿਆਂ ਦੀ ਦਾਸਤਾਨ ਹੈ। ਮੁੱਖ ਪਾਤਰ ਕਲਾਕਾਰੀ ਰੁਚੀਆਂ ਕਾਰਨ ਨਾਟਕਾਂ ਵਿਚ ਪੂਰੀ ਸ਼ਿੱਦਤ ਨਾਲ ਖੁਭਿਆ ਹੋਇਆ ਹੈ ਪਰ ਪਤਨੀ ਨਾਟਕਕਾਰ ਪਤੀ ਦੇ ਸਹਿਯੋਗੀ ਇਸਤਰੀ ਪਾਤਰਾਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੀ ਹੋਈ, ਆਪਣੇ ਅੰਦਰ ਦੀਆਂ ਤ੍ਰੇੜਾਂ ਨੂੰ ਹੋਰ ਵੱਡਾ ਕਰੀ ਜਾਂਦੀ ਹੈ। ਇਉਂ ਉਹਨਾਂ ਦਾ ਘਰੇਲੂ ਜੀਵਨ ਨਰਕ ਬਣ ਜਾਂਦਾ ਹੈ। 'ਸੂਹੇ ਰੰਗ ਦੀ ਮੁਹਬੱਤ' ਤੇ 'ਡਾਰਕ ਪੋਰਟਰੇਟ' ਵਿਚ ਪੰਜਾਬੀ ਨੌਜਵਾਨੀ ਨੂੰ ਘੁਣ ਵਾਂਗ ਚਿਮੜੀ ਨਸ਼ਿਆਂ ਦੀ ਅਲਾਮਤ ਨੇ ਇਹਨਾਂ ਦੇ ਅਰੋਗੀ ਜੀਵਨ ਨੂੰ ਇਕ ਤਰ੍ਹਾਂ ਦਾ ਨਰਕ ਬਣਾ ਰੱਖਿਆ ਹੈ। ਇਕ ਕਹਾਣੀ ਵਿਚ ਮੀਤ ਦੀ ਪਤਨੀ ਡਿੰਪਲ ਵੱਲੋਂ ਕੀਤੇ ਗਏ ਅਨੇਕਾਂ ਯਤਨਾਂ ਦੇ ਬਾਵਜੂਦ ਪਤੀ ਨਸ਼ੇ ਖਾਣ ਦੀ ਆਦਤ ਨਹੀਂ ਛੱਡਦਾ ਅਤੇ ਦੂਜੀ ਕਹਾਣੀ ਵਿਚ ਗੈਵੀ ਨਾਮੀ ਨੌਜਵਾਨ ਆਪਣੇ ਮਾਂ-ਬਾਪ ਤਕ ਨੂੰ ਮੌਤ ਦੇ ਮੂੰਹ ਤਕ ਲੈ ਜਾਣ ਦਾ ਕਾਰਨ ਬਣ ਗਿਆ ਹੈ। 'ਖੁਸ਼ਬੂ' ਵੱਖਰੇ ਧਰਾਤਲ 'ਤੇ ਖੜ੍ਹੀ ਪਿੰਡਾਂ ਥਾਵਾਂ ਤੋਂ ਸ਼ਹਿਰਾਂ ਥਾਵਾਂ 'ਤੇ ਰਹਿਣ ਲਈ ਮਜਬੂਰ ਕੀਤੇ, ਪੁਰਾਣੀ ਪੀੜ੍ਹੀ ਦੇ ਪਿੰਡਾਂ ਦੇ ਖੁੱਲ੍ਹੇ-ਡੁੱਲ੍ਹੇ ਵਾਤਾਵਰਨ ਨਾਲ ਮੋਹ ਪਾਲਦੇ ਰਹੇ ਬਜ਼ੁਰਗਾਂ ਦੇ ਰੁਦਨ ਦਾ ਪ੍ਰਗਟਾਵਾ ਕਰਦੀ ਹੈ। ਇਸ ਵਿਚ ਭੇਡਾਂ ਪਾਲਣ ਦੇ ਆਪਣੇ ਖਾਨਦਾਨੀ ਕਾਰ-ਕਿੱਤੇ ਤੋਂ ਟੁੱਟਿਆ ਦੇਸੂ ਆਪਣੇ ਪੁੱਤਰ ਦਾ ਉੱਜਲਾ ਭਵਿੱਖ ਤਾਂ ਉਸਾਰ ਲੈਂਦਾ ਹੈ ਪਰ ਆਪ ਜਿਵੇਂ ਆਪਣੇ ਵਿਰਸਾ-ਗਤ ਰਿਸ਼ਤਿਆਂ ਨਾਲੋਂ ਟੁੱਟ ਕੇ ਅੰਦਰੋ-ਅੰਦਰ ਤੜਫਦਾ ਹੈ।

ਇਹਨਾਂ ਕਹਾਣੀਆਂ ਵਿਚ ਪੇਸ਼ ਹੋਈਆਂ ਨਿੱਕੀਆਂ ਜਾਪਦੀਆਂ ਪਰ ਵੱਡੀਆਂ ਗੱਲਾਂ, ਹਰ ਕਿਸੇ ਦੀ ਸਾਧਾਰਨ ਸੂਝ ਦਾ ਹਿੱਸਾ ਤਾਂ ਭਾਵੇਂ ਹਨ ਹੀ, ਪਰ ਜਿਸ ਵਿਧੀ ਨਾਲ ਨਿੱਕੇ ਨਿੱਕੇ ਵਾਕਾਂ ਰਾਹੀਂ, ਕਹਾਣੀਆਂ ਅੰਦਰਲੇ ਪਾਤਰਾਂ ਅੰਦਰ ਚਲਦੇ ਸੰਵਾਦਾਂ-ਵਿਵਾਦਾਂ, ਉਨ੍ਹਾਂ ਦੀ ਮਨੋ-ਅਵਸਥਾ, ਟੁੱਟ-ਭੱਜ, ਹਾਰਾਂ-ਜਿੱਤਾਂ ਨੂੰ ਕਹਾਣੀ ਬੁਣਤਰ ਅੰਦਰ ਪਰੋਇਆ ਗਿਆ ਹੈ, ਉਸ ਕਾਰਨ ਹੀ ਸਿਮਰਨ ਧਾਲੀਵਾਲ ਸਮਕਾਲ ਦੀ ਪੇਸ਼ਕਾਰੀ ਕਰਨ ਵਾਲੇ ਹਸਤਾਖਰਾਂ ਵਿਚ ਨਿਵੇਕਲੀ ਥਾਂ 'ਤੇ ਖੜ੍ਹਾ ਦਿਸਦਾ ਹੈ। ਇਹ ਨਿਵੇਕਲਾਪਨ ਉਸ ਦੀ ਮਨੋਵਚਨੀ ਵਿਚ ਮੌਜੂਦ ਹੈ ਤੇ ਫਲੈਸ਼ਬੈਕ ਵਿਧੀ ਦੀ ਵਰਤੋਂ ਵਿਚ ਵੀ। ਇਹ ਮਨੋਬਚਨੀ ਕਈ ਵਾਰ ਅੱਖੜਦੀ ਵੀ ਹੈ, ਭਾਵੇਂ ਇਹ 'ਮੈਂ' ਹਮੇਸ਼ਾ ਲੇਖਕ ਦੀ ਨਹੀਂ ਹੁੰਦੀ। ਕਦੇ ਇਹ ਦੇਸ਼ ਦੀ, ਕਦੇ ਧਰਮ ਦੀ, ਕਦੇ ਵਰਗ ਦੀ ਤੇ ਕਦੇ ਮਾਨਵਤਾ ਦੀ ਹੁੰਦੀ ਹੈ ਪਰ 'ਮੈਂ' ਸ਼ਬਦ ਦਾ ਨਿਰੰਤਰ ਦੁਹਰਾਓ ਕਿਸੇ ਵੀ ਤਰ੍ਹਾਂ ਕਲਾਤਮਿਕ ਵਿਅਕਤੀਤਵ ਦਾ ਚਿੰਨ੍ਹ ਨਹੀਂ ਗਿਣਿਆ ਜਾਂਦਾ। ਪੰਜਾਬੀ ਕਵਿਤਾ ਵਾਂਗ ਅੱਜੋਕਾ ਕਹਾਣੀ ਲੇਖਕ ਸ਼ਾਇਦ ਆਪਣੀ ਸੌਖ ਲਈ ਹੀ ਅਨਯ-ਪੁਰਖੀ ਕਹਾਣੀ ਨੂੰ ਆਪਣੀ ਲਿਖਤ ਦਾ ਹਿੱਸਾ ਨਹੀਂ ਬਣਾਉਂਦਾ, ਪਰ ਕਲਾਸਕੀ ਸਾਹਿਤ ਨਾਲ ਵਰ ਮੇਚਣ ਲਈ 'ਮੈਂ' ਪਾਤਰੀ ਲਿਖਤ ਸ਼ਾਇਦ ਓਨਾ ਸਫ਼ਰ ਤੈਅ

ਨਹੀਂ ਕਰ ਸਕਦੀ ਜਿੰਨਾ ਅਨਯ-ਪੁਰਖ ਰਾਹੀਂ ਬਿਆਨੀਆਂ ਲਿਖਤਾਂ।

ਸੂਚਨਾ ਤੇ ਸੰਚਾਰ ਸਾਧਨਾਂ ਦੇ ਵਿਸ਼ਵ-ਵਿਆਪੀ ਵਰਤਾਰੇ ਨੇ ਮਨੁੱਖ ਨੂੰ ਸਿਰੇ ਦਾ ਅੰਤਰਮੁਖੀ ਬਣਾ ਦਿੱਤਾ ਹੈ। ਮਾਨਵੀ ਸਾਂਝਾਂ ਨੂੰ ਸਿਫ਼ਰ ਕਰਕੇ ਇਸ ਅੰਦਰ ਬੀਆਵਾਨਤਾ ਪਾਸਾਰ ਛੱਡੀ ਹੈ, ਤਾਂ ਵੀ ਬਾਹਰੀ ਜਗਤ ਦੇ ਯਥਾਰਥ ਤੋਂ ਸਾਹਿਤ ਕਿਸੇ ਵੀ ਤਰ੍ਹਾਂ ਦੀ ਦੂਰੀ ਨਹੀਂ ਬਣਾ ਸਕਦਾ। ਇਹ ਨੇੜਤਾ ਹੀ ਵਿਚਾਰਧਾਰਕ ਸੂਝ-ਸਮਝ ਨੂੰ ਲਿਖਤ ਦਾ ਹਿੱਸਾ ਬਣਾਉਣ ਵਿਚ ਸਹਾਈ ਹੋਵੇਗੀ।

–ਲਾਲ ਸਿੰਘ

ਮੁਰਗਾਬੀਆਂ (ਕਹਾਣੀ ਸੰਗ੍ਰਹਿ) ਗੁਰਮੀਤ ਪਨਾਗ

ਪਰਵਾਸੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਗੁਰਮੀਤ ਪਨਾਗ ਆਪਣੇ ਪਲੇਠੇ ਕਹਾਣੀ ਸੰਗ੍ਰਹਿ 'ਮੁਰਗਾਬੀਆਂ' (ਐਸਥੈਟਿਕ ਪਬਲੀਕੇਸ਼ਨਜ਼, ਲੁਧਿਆਣਾ, ਪੰਨੇ 142, ਮੁੱਲ 250 ਰੁਪਏ) ਨਾਲ ਪੱਕੇ ਪੈਰੀਂ ਪ੍ਰਵੇਸ਼ ਕਰਨ ਵਾਲੀ ਕਹਾਣੀਕਾਰ ਹੈ। ਕਹਾਣੀ ਸੰਗ੍ਰਹਿ ਵਿਚ ਸ਼ਾਮਿਲ 10 ਕਹਾਣੀਆਂ ਉਸਦੇ 25 ਵਰ੍ਹਿਆ ਦੇ ਕੈਨੇਡਾ ਵਿਚ ਪਰਵਾਸ ਦੇ ਅਨੁਭਵ ਦੇ ਵੱਖਰੇ-ਵੱਖਰੇ ਪਾਸਾਰਾਂ ਨੂੰ ਪੇਸ਼ ਕਰਦੀਆਂ ਹਨ। ਉਸਦੇ ਆਪਣੇ ਕਥਨ ਅਨੁਸਾਰ "ਕੈਨੇਡਾ ਦੀ ਧਰਤੀ ਨੇ ਬਹੁਤ ਕੁੱਝ ਦਿੱਤਾ ਹੈ....ਇਸਦੀ ਬਰਫ ਵਾਲੀ ਨਿੱਘੀ ਬੁੱਕਲ ਵਿਚ ਮੈਂ ਖੁਸ਼ ਹਾਂ, ਸੰਤਸ਼ੁਟ ਹਾਂ। ਫਿਰ ਵੀ ਆਲ਼ੇ-ਦੁਆਲ਼ੇ ਦੀਆਂ ਦੁਸ਼ਵਾਰੀਆਂ ਅਤੇ ਬੇਤਰਤੀਬੀਆਂ ਮੈਨੂੰ ਲਿਖਣ ਵਿਚ ਚੋਭਾਂ ਲਾਉਂਦੀਆਂ ਰਹਿੰਦੀਆਂ ਹਨ।" ਸਮੁੱਚੇ ਕਹਾਣੀ ਸੰਗ੍ਰਹਿ ਨੂੰ ਪੜ੍ਹਦਿਆਂ ਆਭਾਸ ਹੁੰਦਾ ਹੈ ਕਿ ਗੁਰਮੀਤ ਪਨਾਗ ਨੇ ਕੈਨੇਡਾ ਦੀ ਧਰਤੀ 'ਤੇ ਰਹਿੰਦੇ ਹੋਏ ਆਪਣੇ ਭਾਈਚਾਰੇ ਦੇ ਨਾਲ ਨਾਲ ਉੱਥੇ ਵਸਦੇ ਹੋਰ ਕੌਮਾਂ ਦੇ ਲੋਕਾਂ ਨੂੰ ਵੀ ਚੰਗੀ ਤਰ੍ਹਾਂ ਵੇਖਿਆ ਪਛਾਣਿਆ ਅਤੇ ਉਹਨਾਂ ਨਾਲ ਸੰਵਾਦ ਰਚਾਇਆ ਹੈ। ਆਪਣੇ ਚੁਗਿਰਦੇ ਦੇ ਲੋਕਾਂ ਬਾਰੇ ਜਾਨਣ ਦੀ ਸਿੱਕ, ਉਹਨਾਂ ਨਾਲ ਸੰਵਾਦ, ਉਹਨਾਂ ਦਾ ਦੁੱਖ-ਦਰਦ, ਉਹਨਾਂ ਦੀ ਸੰਵੇਦਨਾ ਤੇ ਹੂਕ, ਕਹਾਣੀਆਂ ਬਣਕੇ ਇਸ ਸੰਗ੍ਰਹਿ ਵਿਚ ਪੇਸ਼ ਹੋਇਆ ਹੈ।

'ਮੁਰਗਾਬੀਆਂ' ਨਾਂ ਦੀ ਇਸ ਸੰਗ੍ਰਹਿ ਦੀ ਪਹਿਲੀ ਕਹਾਣੀ ਵਿਚ ਮੁਗਰਾਬੀਆਂ ਦੀ ਲੋਕ ਕਥਾ ਨਾਲ ਜੋੜਕੇ ਲੇਖਿਕਾ ਨੇ ਰੈੱਡ ਇੰਡੀਅਨ ਲੋਕਾਂ ਦੇ ਪਿਛੋਕੜ ਤੇ ਦੁੱਖ-ਦਰਦ ਨੂੰ ਟੋਮਾ, ਲੀਟਾ ਪਾਤਰਾਂ ਦੀ ਜ਼ੁਬਾਨੀ ਵਧੀਆ ਇਤਿਹਾਸਕ ਸੋਝੀ ਨਾਲ ਬਿਆਨ ਕੀਤਾ ਹੈ। ਟੋਮਾ ਕਹਿੰਦੀ ਹੈ: "ਪੰਜ ਸੌ ਸਾਲ ਪਹਿਲਾਂ ਸਾਡੇ ਕਬੀਲੇ ਹੀ ਇੱਥੇ ਦੇ ਬਸ਼ਿੰਦੇ ਸਨ ... ਸਾਡੇ ਪੁਰਖੇ ਮੱਧ ਏਸ਼ੀਆ ਤੋਂ ਉਦੋਂ ਅਮਰੀਕਾ ਕੈਨੇਡਾ ਪਹੁੰਚੇ ਸਨ ਜਦੋਂ ਇਹ ਦੋਨੋਂ ਮਹਾਂਦੀਪਾਂ ਦੀ ਧਰਤੀ ਇੱਕੋ ਥਾਂ 'ਤੇ ਜੁੜੀ ਹੋਈ ਸੀ।" ਕਹਾਣੀਕਾਰਾ ਆਦਿਵਾਸੀ ਕਬੀਲੇ ਬਾਰੇ ਹਰ ਸੰਭਵ ਜਾਣਕਾਰੀ ਹਾਸਲ ਕਰਨ ਦੇ ਉਦੇਸ਼ ਨਾਲ ਕਦੇ ਉਨ੍ਹਾਂ ਦੇ ਸੱਭਿਆਚਾਰਕ ਸਮਾਰੋਹਾਂ 'ਚ ਘੁੰਮਦੀ ਹੈ, ਕਦੇ ਇਹਨਾਂ ਪਾਤਰਾਂ ਦੇ ਘਰ ਜਾਂਦੀ ਹੈ। ਗੋਰਿਆਂ ਦੁਆਰਾ ਆਦਿਵਾਸੀ ਕਬੀਲਿਆਂ ਨੂੰ ਖਤਮ ਕੀਤੇ ਜਾਣ ਦੇ ਦੁਖਾਂਤ ਦੇ ਪ੍ਰਸੰਗ ਵਿਚ ਉਨ੍ਹਾਂ ਲੋਕਾਂ ਵਿਚ ਮਾਨਸਿਕ ਰੋਗਾਂ ਅਤੇ ਖੁਦਕਸ਼ੀਆਂ ਦੇ ਵਧਣ ਦਾ ਵੇਰਵਾ ਦਿੰਦੀ ਹੋਈ ਉਹ ਆਖਦੀ ਹੈ: " ਜਦੋਂ ਕਿਸੇ ਕੌਮ ਤੋਂ ਉਸਦੇ ਜ਼ਿੰਦਗੀ ਜਿਉਣ ਦਾ ਮਨੋਰਥ ਖੋਹ ਲਿਆ ਜਾਵੇ ਤਾਂ ਫੇਰ ਹੋਰ ਕੀ ਹੋਊ?.... ਨਸਲਕੁਸ਼ੀ ਲਈ ਜ਼ਰੂਰੀ ਨਹੀਂ ਲੋਕਾਂ ਨੂੰ ਜਰਮਨੀ ਚ 'ਹਿਟਲਰ ਦੇ ਬਣਾਏ ਯਹੂਦੀ ਕੈਂਪਾਂ ਚ ਪਾਇਆ ਜਾਵੇ...ਬਸ ਮਨੁੱਖ ਤੋਂ ਉਹ ਸਭ ਕੁੱਝ ਖੋਹ ਲਉ ਜੋ ਉਸਦੇ ਜੀਵਨ ਦਾ ਅਧਾਰ ਹੈ।" ਆਦਿਵਾਸੀਆਂ ਦੀ ਜੀਵਨ ਸ਼ੈਲੀ ਦੇ ਸੰਦਰਭ ਵਿਚ ਉਦਯੋਗਾਂ ਲਈ ਦਰਖਤਾਂ ਦੀ ਕਟਾਈ, ਚਮੜੇ ਲਈ ਜਾਨਵਰਾਂ ਨੂੰ ਮਾਰਨ ਅਤੇ ਪਾਣੀਆਂ ਨੂੰ ਖਤਰਾ ਆਦਿ ਚਿੰਤਾ ਦੇ ਵਾਜਬ ਮੁੱਦੇ ਹਨ। ਇਹ ਸੰਕਟ ਕਬੀਲਿਆਂ ਦੀ ਹੋਂਦ ਦਾ ਸੰਕਟ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦਾ ਹੈ।

'ਮਾਈ ਲਾਈਫ ਮਾਈ ਵੇਅ' ਕਹਾਣੀ ਪਰਵੀਨ ਦੀ ਜ਼ਿੰਦਗੀ ਦਾ ਬਿਰਤਾਂਤ ਹੈ ਕਿ ਕਿਵੇਂ ਉਸ

ਦਾ ਪਤੀ ਅਰਵਿੰਦ ਉਸਨੂੰ ਤੇ ਬੱਚਿਆਂ ਨੂੰ ਛੱਡਕੇ ਈਸ਼ਾ ਨਾਲ ਰਹਿਣਾ ਸ਼ੁਰੂ ਕਰਦਾ ਹੈ। ਪਰਵੀਨ ਘਰ ਅਤੇ ਬੱਚਿਆ ਪ੍ਰਤੀ ਕੁਝ ਵਧੇਰੇ ਹੀ ਫਿਕਰਮੰਦ ਹੈ। ਪਰ ਅਗਾਂਹ ਵਧੂ ਮਾਹੌਲ 'ਚ ਪਲ਼ੀ ਪਰਵੀਨ ਦੀ ਸਹੇਲੀ ਸੋਨੀਆ, ਉਸਨੂੰ ਆਪਣੇ ਆਪ ਬਾਰੇ ਸੁਚੇਤ ਕਰਾਉਂਦੀ ਹੋਈ ਨਵੀਂ ਜਿੰਦਗੀ ਜਿਉਣ ਲਈ ਪ੍ਰੇਰਤ ਕਰਦੀ ਹੈ: "ਘਰ ਦਾ ਸਾਰਾ ਭਾਰ ਤੇਰੇ 'ਤੇ ਪਾ ਕੇ ਉਹ ਆਪ ਜਸ਼ਨ ਮਨਾ ਰਿਹਾ। ਬੱਚਿਆ ਦੀ ਜ਼ਿੰਮੇਵਾਰੀ ਤੇਰੇ ਇਕੱਲੀ ਦੀ ਕਿਉਂ"? ਪਰਵੀਨ ਨੂੰ ਹੌਲ਼ੀ-ਹੌਲ਼ੀ ਇਹ ਅਹਿਸਾਸ ਹੁੰਦਾ ਹੈ ਕਿ ਉਸਦੀ ਨਾ ਤਾਂ ਅਰਵਿੰਦ ਨੂੰ ਲੋੜ ਹੈ ਅਤੇ ਨਾ ਬੱਚਿਆਂ ਨੂੰ। ਉਹ ਪੂਰੇ ਹੌਸਲੇ ਨਾਲ ਅਰਵਿੰਦ ਦੇ ਨਵੇਂ ਫਲੈਟ 'ਤੇ ਜਾ ਧਮਕਦੀ ਹੈ ਅਤੇ ਆਪਣਾ ਫੈਸਲਾ ਦੱਸਦੀ ਹੈ ਕਿ ਉਹ ਬੱਚਿਆ ਨੂੰ ਉਸ ਕੋਲ਼ ਛੱਡਕੇ ਛੁੱਟੀਆਂ 'ਤੇ ਜਾ ਰਹੀ ਹੈ। ਅਰਵਿੰਦ ਦੇ ਉਸਨੂੰ ਸੈਲਫਿਸ਼ ਕਹਿਣ 'ਤੇ ਪਰਵੀਨ ਮੂੰਹ ਤੋੜਵਾਂ ਜਵਾਬ ਦਿੰਦੀ ਆਖਦੀ ਹੈ: "ਜਦੋਂ ਤੂੰ ਘਰ ਛੱਡ ਕੇ ਗਿਆ ਸੀ, ਇਹ ਉਪਾਧੀ ਤੈਨੂੰ ਦੇਣੀ ਬਣਦੀ ਸੀ .... ਤੂੰ ਤਾਂ ਪੱਕਾ ਹੀ ਸੋਚ ਲਿਆ ਕਿ ਮੈਂ ਤੇਰੀ ਟੁੱਟ ਭੱਜ ਨੂੰ ਸਾਰੀ ਉਮਰ ਸਮੇਟਦੀ ਰਹਾਂਗੀ।" ਇੰਝ ਉਹ ਨਾਰੀਵਾਦੀ ਦ੍ਰਿਸ਼ਟੀ ਤੋਂ ਸਮੇਂ ਦੀ ਹਾਣੀ ਹੋ ਕੇ ਆਪਣੀ ਜ਼ਿੰਦਗੀ ਜਿਉਣ ਦੇ ਆਹਰ 'ਚ ਪਈ ਨਜ਼ਰ ਆਉਂਦੀ ਹੈ।

ਕਹਾਣੀ ਸੰਗ੍ਰਹਿ ਦੀ ਤੀਜੀ ਕਹਾਣੀ 'ਕੋਈ ਦੇਸ਼ ਨਾ ਜਾਣੇ ਮੇਰਾ' ਸਕਾਟਿਸ਼ ਗੈਲ ਦੇ ਪਰਿਵਾਰ ਦੀ ਕਹਾਣੀ ਹੈ, ਦੂਜੀ ਵੱਡੀ ਜੰਗ ਨੇ ਜਿਸਦੇ ਮਾਂ ਬਾਪ ਤੇ ਭੈਣ ਭਰਾਵਾਂ ਦੀ ਜ਼ਿੰਦਗੀ ਤਹਿਸ ਨਹਿਸ ਕਰ ਕੇ ਰੱਖ ਦਿੱਤੀ ਸੀ। ਬਾਪ ਜੰਗ 'ਚ ਗੈਂਗਰੀਨ ਦੇ ਰੂਪ ਚ ਰਿਸਦੇ ਜ਼ਖਮ ਲੈ ਕੇ ਮੁੜਦਾ ਹੈ, ਭੈਣ-ਭਰਾ ਅੱਲਗ-ਅੱਲਗ ਹੁੰਦੇ ਹਨ, ਭਰਾ ਇਟਾਲੀਅਨ ਕੁੜੀ ਨਾਲ ਵਿਆਹ ਕਰਾ ਲੈਂਦਾ ਹੈ ਜਦਕਿ ਗੈਲ ਦਾ ਮਾਰਕਸ ਨਾਲ ਵਿਆਹ ਕੋਈ ਸੁਖਦ ਨਹੀਂ ਰਿਹਾ। ਹੁਣ ਵਿਚਾਰੀ ਜਿਹੀ ਗੇਲ ਪਿਆਰ ਦੀ ਸਿੱਕ ਲਈ ਕੈਨੇਡਾ ਵਿਚ ਦਵਿੰਦਰ ਮਾਨ ਦੇ ਘਰ ਨੌਕਰੀ ਕਰਨ ਲਈ ਮਜਬੂਰ ਹੈ ਅਤੇ ਉਸਦੇ ਘਰ ਨੂੰ ਆਪਣਾ ਘਰ ਸਮਝ ਕੇ ਕੰਮ ਕਰਦੀ ਤੇ ਬੱਚੇ ਪਾਲਦੀ ਹੈ।

'ਵੀਜ਼ਾ ਨਾਨੀ ਦਾ' ਕਹਾਣੀ ਸਾਡੇ ਪੰਜਾਬੀਆਂ ਦੇ ਰਿਸ਼ਤਿਆਂ ਦੇ ਸੰਦਰਭ ਵਿਚ ਬਹੁਤ ਕੁਝ ਕਹਿ ਜਾਂਦੀ ਹੈ। ਇਸ ਕਹਾਣੀ ਦੀ ਕੇਂਦਰੀ ਪਾਤਰ ਰੁਪਿੰਦਰ ਨੂੰ ਨਾਨੀ ਪਾਲ਼ਦੀ ਹੈ ਕਿਉਂਕਿ ਉਸ ਦਾ ਬਾਪ ਉਸਦੀ ਮਾਂ ਨੂੰ ਪਹਿਲਾਂ ਧੀਆਂ ਕਾਰਨ, ਫਿਰ ਮਾਂ-ਬਾਪ ਤੋਂ ਜ਼ਮੀਨ ਲੈਣ ਕਾਰਣ ਤੰਗ ਕਰਦਾ ਰਿਹਾ ਹੈ। ਨਾਨੀ ਪਹਿਲਾਂ ਬ੍ਰਿਟਿਸ਼ ਫੌਜ ਵਿਚ ਭਰਤੀ ਨਾਨੇ ਨਾਲ ਚੀਨ 'ਚੋਂ ਬੇਘਰ ਹੋਈ ਸੀ ਤੇ ਹੁਣ ਬੇਗਾਨਿਆਂ ਕੋਲ਼ ਰਹਿਣ ਲਈ ਮਜਬੂਰ ਹੈ। ਰੁਪਿੰਦਰ ਵਿਆਹ ਕਰਾ ਕੇ ਕੈਨੇਡਾ ਸੈਟਲ ਹੁੰਦੀ ਹੈ ਅਤੇ ਇੰਡੀਆ ਵਿਚ ਰਹਿ ਰਹੀ ਨਾਨੀ ਨੂੰ ਆਪਣੇ ਕੋਲ ਰੱਖਣਾ ਚਾਹੁੰਦੀ ਹੈ। ਪਰ ਨਾਨੀ ਦਾ ਵੀਜ਼ਾ ਹਾਸਲ ਕਰਨ ਲਈ ਉਸਨੂੰ ਬਹੁਤ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

'ਜਿਹਨਾਂ ਦੇ ਰੂਪ ਸੋਹਣੇ' ਨਾਂ ਦੀ ਕਹਾਣੀ ਨਾਇਕਾ ਅਮਨ ਦੇ ਕੈਨੇਡਾ ਦੇ ਨਸ਼ੇੜੀ ਨੌਜਵਾਨ ਨਾਲ ਵਿਆਹ ਉਪਰੰਤ ਉਸਦੀ ਜ਼ਿੰਦਗੀ ਦੇ ਦੁਖਾਂਤ ਦਾ ਚਿਤਰਨ ਹੈ। ਉਸ ਦਾ ਪਤੀ ਨਸ਼ੇ ਤੇ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਨਿੱਤ ਨਵਾਂ ਪੰਗਾ ਖੜ੍ਹਾ ਰੱਖਦਾ ਹੈ। ਉਸਦੀ ਇਕ ਸਹੇਲੀ ਦੇ ਪੁੱਛਣ 'ਤੇ ਕਿ ਤੇਰੇ ਮਾਂ-ਬਾਪ ਨੇ ਰਿਸ਼ਤਾ ਕਰਨ ਤੋਂ ਪਹਿਲਾਂ ਉਸਦੇ ਨਸ਼ੇੜੀ ਪਤੀ ਦਾ ਪਿਛੋਕੜ ਨਹੀਂ ਸੀ ਪਤਾ ਕੀਤਾ ਤਾਂ ਅਮਨ ਦਾ ਜਵਾਬ ਹੈ: "ਦੀਦੀ ਕਿਹੜਾ ਭੜੂਆ ਪਤਾ ਕਰਦੈ ....ਜਦੋਂ ਕੈਨੇਡਾ ਆਲ਼ੀ ਪੂਛ ਲੱਗੀ ਹੁੰਦੀ ਏ..... ਨ੍ਹੇਰੀ ਆ ਜਾਂਦੀ ਏ ਪੰਜਾਬ ਦੇ ਲੋਕਾਂ ਦੀਆਂ ਅੱਖਾਂ ਮੂਹਰੇ।" ਅਸਲ ਵਿਚ ਮਾਂ ਬਾਪ ਨੇ ਅਮਨ ਦੇ ਦੂਜੇ ਭੈਣ ਭਰਾਵਾਂ ਨੂੰ ਸੈੱਟ ਕਰਨ ਲਈ ਇਕ ਤਰ੍ਹਾਂ ਉਸਦੀ ਬਲੀ ਦਿੱਤੀ ਸੀ ਤੇ ਇਉਂ ਉਸਦਾ ਸਾਰਾ ਪਰਿਵਾਰ ਕੈਨੇਡਾ ਪਹੁੰਚਿਆ ਸੀ। ਕਨੇਡਾ ਪਹੁੰਚਕੇ ਮਾਂ ਤੇ ਬਾਕੀ ਭੈਣ ਭਰਾ ਸੁਆਰਥੀ ਸਾਬਤ ਹੁੰਦੇ ਹੋਏ ਉਸ ਦੇ ਘਰ ਪਰਿਵਾਰ ਲਈ ਕਿਸੇ ਵੀ ਤਰ੍ਹਾਂ ਸਹਾਇਕ ਹੋਣ ਤੋਂ ਇਨਕਾਰੀ ਉਸਨੂੰ ਉਸਦੇ ਪਤੀ ਕਰਕੇ ਕਿਤੇ ਹੋਰ ਜਾ ਕੇ ਵਸਣ ਲਈ ਕਹਿੰਦੇ

ਹਨ। ਇਉਂ ਉਹ ਕੈਲਗਰੀ ਛੱਡਕੇ ਬਰੁੱਕਸ ਆਉਂਦੀ ਹੈ।

ਨਸਲੀ ਵਿਤਕਰੇ ਦਾ ਸ਼ਿਕਾਰ ਅਫਰੀਕਣ ਕਾਲੇ ਨੇਥਨ ਬਰਾਊਨ ਦੀ ਜ਼ਿੰਦਗੀ ਦਾ ਦੁਖਾਂਤ 'ਗੋਰੀ ਅੱਖ ਦਾ ਟੀਰ' ਕਹਾਣੀ ਬਾਖੂਬੀ ਬਿਆਨਦੀ ਹੈ। ਅਫਰੀਕਨ ਲੋਕਾਂ ਦੀ ਨਮੋਸ਼ੀ ਤੇ ਬੇਵਸੀ ਭਰੀ ਜ਼ਿੰਦਗੀ ਤੋਂ ਦੁਖੀ ਉਹ ਆਪਣੀ ਮਾਂ ਨਾਲ ਕੈਨੇਡਾ ਆਇਆ ਸੀ। ਐਪਰ ਇੱਥੇ ਵੀ ਨੇਥਨ ਉਹੀ ਨਸਲੀ ਵਿਤਕਰੇ ਦਾ ਸ਼ਿਕਾਰ ਹੈ। ਨਸਲਪ੍ਰਸਤ ਗੋਰਾ ਸਟੈਨਫੋਰਡ ਨਾ ਸਿਰਫ ਅਫਰੀਕਨਾਂ ਨੂੰ ਬਲੈਕ ਸਟੂਪਿਡ ਪੀਪਲ ਆਖਦਾ ਹੈ ਸਗੋਂ ਚੀਨਿਆਂ ਤੇ ਪਾਕੀਆਂ ਸਮੇਤ ਇਹਨਾਂ ਸਭਨਾਂ ਨੂੰ ਜਾਨਵਰ ਗਰਦਾਨਦਾ ਹੋਇਆ ਜਾਨੋਂ ਮਾਰਨਾ ਵੀ ਉਚਿਤ ਸਮਝਦਾ ਹੈ। ਵਾਰ ਵਾਰ ਤੰਗ ਕੀਤੇ ਜਾਣ 'ਤੇ ਨੇਥਨ ਬਰਾਊਨ ਸਟੈਨਫਰੋਡ ਉਪਰ ਰਿਵਾਲਵਰ ਨਾਲ ਵਾਰ ਕਰਦਾ ਹੈ। ਸਿੱਟੇ ਵਜੋਂ ਉਸਨੂੰ ਪੈਂਤੀ ਸਾਲ ਦੀ ਸਜ਼ਾ ਹੁੰਦੀ ਹੈ। ਆਪਣੇ ਬੀਤੇ ਦੁਖਾਂਤ ਬਾਰੇ ਦੱਸਦਿਆਂ ਡਾਕਟਰ ਨੂੰ ਸੱਚੀ ਰਿਪੋਰਟ ਦੇਣ ਦਾ ਵਾਸਤਾ ਪਾਉਂਦਾ ਉਹ ਆਖਦਾ ਹੈ ਕਿ ਉਹ ਹਰ ਸਜ਼ਾ ਭੁਗਤਣ ਲਈ ਤਿਆਰ ਹੈ ਪਰ ਦੁਨੀਆਂ ਦੇ ਸਟੈਨਫੋਰਡਾਂ ਦੀ ਸੋਚ ਜੇ ਨਹੀਂ ਬਦਲਦੀ ਤਾਂ ਉਹ ਕਿੰਨੇ ਹੀ ਨੇਥਨਾਂ ਨੂੰ ਇਹੋ ਜਿਹੇ ਟੇਢੇ ਰਾਹਾਂ 'ਤੇ ਤੋਰਦੇ ਰਹਿਣਗੇ।

ਕੈਨੇਡਾ ਵਰਗੇ ਮੁਲਕ ਵਿਚ ਫੈਲੇ ਨਸ਼ਿਆ ਦੀ ਤਸਕਰੀ ਦੇ ਗ਼ੈਰਕਾਨੂੰਨੀ ਧੰਦੇ ਤੇ ਇਸਦਾ ਸ਼ਿਕਾਰ ਨੌਜਵਾਨ ਪੀੜ੍ਹੀ ਦੀ ਜ਼ਿੰਦਗੀ ਨੂੰ 'ਨਾਈਟ ਲਾਈਫ' ਕਹਾਣੀ ਦਾ ਵਿਸ਼ਾ ਬਣਾਇਆ ਗਿਆ ਹੈ। ਕਹਾਣੀ ਦਰਸਾਉਂਦੀ ਹੈ ਕਿ ਭਾਰਤੀ ਮੂਲ ਦੇ ਭੋਲ਼ੇ ਬੱਚੇ ਬਾਹਰੀ ਚਕਾਚੌਂਧ ਦੇ ਖਿੱਚੇ ਨਸ਼ਿਆ ਦੀ ਦਲਦਲ 'ਚ ਫਸਦੇ ਹਨ। 'ਕਾਸ਼ਨੀ ਸੁਪਨੇ' ਕਹਾਣੀ ਨਾਇਕਾ ਕੁਲਦੀਪ ਦੀ ਇੱਕਲਤਾ ਭਰੀ ਜ਼ਿੰਦਗੀ ਦਾ ਚਿਤਰਨ ਕਰਦੀ ਹੈ। ਪਤੀ ਦੀ ਮੌਤ ਉਪਰੰਤ ਉਹ ਨੂੰਹ ਪੁੱਤ ਕੋਲ਼ ਨਹੀ ਜਾਂਦੀ ਕਿਉਂਕਿ ਨੂੰਹ ਮਿਕਸ ਅਪ ਨਹੀਂ ਹੁੰਦੀ। ਆਪਣੇ ਵਾਂਗ ਹੀ ਇੱਕਲੇ ਰਹਿੰਦੇ ਡਾ.ਸਿੱਧੂ ਦੇ ਸਾਥ ਦੇ ਉਹ ਸੁਪਨੇ ਲੈਂਦੀ ਹੈ ਅਤੇ ਇਹਨਾਂ ਸੁਪਨਿਆਂ ਨੂੰ ਬੂਰ ਪੈਂਦਾ ਨਜ਼ਰ ਵੀ ਆਉਂਦਾ ਹੈ । "ਹੁਸੀਨ ਖਾਬ" ਕਹਾਣੀ ਵਡੇਰੀ ਉਮਰ ਦੀਆਂ ਦੋ ਸਹੇਲੀਆਂ ਰੀਟਾ ਤੇ ਐਮੀਲਿਆ ਦੀ ਜਿੰਦਗੀ ਦਾ ਚਿਤਰਨ ਹੈ, ਜੋ ਰੁਦਨ ਕਰਦੀਆਂ ਹਨ ਕਿ 'ਚੰਗੀ ਤਰ੍ਹਾ ਸੈੱਟ ਹੁੰਦੇ ਪਤਾ ਹੀ ਨਾ ਲੱਗਾ ਜ਼ਿੰਦਗੀ ਦੇ 35 ਸਾਲ ਕਦੋਂ ਨਿੱਕਲ ਗਏ। ਸਾਥ ਲਈ ਅਤੇ ਘਰ ਪਰਿਵਾਰ ਤੇ ਬੱਚਿਆਂ ਲਈ ਤਰਲੋ ਮੱਛੀ ਹੋ ਰਹੀਆਂ ਇਹਨਾਂ 'ਸੈਲਫਮੇਡ' ਔਰਤਾਂ ਦੀ ਵਾਰ-ਵਾਰ ਡੇਟਿੰਗ ਕਰਨ 'ਤੇ ਕੋਈ ਗੱਲ ਨਹੀਂ ਬਣਦੀ, ਕਿਉਂਕਿ "ਬੰਦੇ ਸੋਚਦੇ ਆ ਬਈ ਇਹ ਬੜੀਆ ਡਾਢੀਆਂ ਨੇ। "

ਕਹਾਣੀ ਸੰਗ੍ਰਹਿ ਦੀ ਅਖਰੀਲੀ ਕਹਾਣੀ 'ਮਿਸ ਇਜ਼ੀ' ਦੂਜੀ ਵਿਸ਼ਵ ਜੰਗ ਦਾ ਸ਼ਿਕਾਰ ਆਇਰਸ਼ ਮੁਟਿਆਰ ਇਜ਼ੀ ਦੀ ਜੀਵਨ ਗਾਥਾ ਹੈ ਜੋ ਰੁਮਾਂਟਿਕ ਜੋਸ਼ ਵਿਚ ਕੈਨੇਡੀਅਨ ਫੌਜੀ ਨਾਲ ਵਿਆਹ ਕਰਾਉਂਦੀ ਹੈ। ਗੱਭਰੂ ਫੌਜੀ ਦੇ ਜੰਗ ਵਿਚ ਜਾਣ ਦੇ ਚਾਰ ਮਹੀਨੇ ਬਾਅਦ ਉਸਦੇ ਲਾਪਤਾ ਹੋਣ 'ਤੇ ਇਜ਼ੀ ਪਤੀ ਦੀ ਯਾਦ ਪੇਟ 'ਚ ਲਈ ਕੈਨੇਡਾ ਉਸਦੇ ਪਰਿਵਾਰ ਕੋਲ਼ ਆ ਕੇ ਟਿਕ ਗਈ ਸੀ ਅਤੇ ਸੰਘਰਸ਼ੀ ਜੀਵਨ ਜਿਉਂਦੀ ਰਹੀ ਸੀ। ਵਰ੍ਹਿਆਂ ਮਗਰੋਂ ਉਸਦੀ ਬੇਟੀ ਨੌਲਾ ਫਰਾਂਸ ਜਾ ਕੇ ਬਾਪ ਦੀ ਖੋਜ ਕਰਦੀ ਉਸਦੀ ਯਾਦਗਾਰ ਲੱਭਦੀ ਹੈ। ਕਹਾਣੀ ਦੇ ਪ੍ਰਵਕਤਾ ਨੂੰ ਇਜ਼ੀ ਦੀ ਮੌਤ ਉਪਰੰਤ ਉਸਦੀਆਂ ਡਾਇਰੀਆਂ ਤੇ ਚਿੱਠੀਆ ਤੋਂ ਉਸਦੀ ਜ਼ਿੰਦਗੀ ਦੇ ਇਤਿਹਾਸਕ ਵੇਰਵੇ ਮਿਲਦੇ ਹਨ, ਜਿਨ੍ਹਾਂ ਤੋਂ ਉਹ ਸਮਝਣ ਦੇ ਸਮਰੱਥ ਹੁੰਦਾ ਹੈ ਕਿ ਕਿਉਂ ਹੈਲੋਵੀਨ ਦੇ ਖੁਸ਼ੀ ਵਾਲੇ ਤਿਉਹਾਰ ਦੇ ਦਿਨ ਵੀ ਇਜ਼ੀ ਦੇ ਘਰ ਹਨੇਰਾ ਹੁੰਦਾ ਸੀ।

ਸਮੁੱਚੇ ਕਹਾਣੀ ਸੰਗ੍ਰਹਿ ਨੂੰ ਪੜ੍ਹਦਿਆਂ ਪਨਾਗ ਦੀ ਇਤਿਹਾਸਕ ਸੂਝ ਅਤੇ ਪਾਤਰਾਂ ਨੂੰ ਨੀਝ ਨਾਲ ਚਿਤਰਨ ਦੀ ਕੁਸ਼ਲਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸਤਰੀ ਪਾਤਰਾਂ ਦੀ ਵੇਦਨਾ ਸੰਵੇਦਨਾ ਨੂੰ ਪੇਸ਼ ਕਰਨ ਵਿਚ ਉਹ ਖਾਸ ਤੌਰ 'ਤੇ ਸਫਲ ਹੈ। ਦਰਦ ਦਾ ਪਿਛੋਕੜ ਤੇ ਸੰਦਰਭ ਵੀ ਬਾਖੂਬੀ

ਪਾਠਕਾਂ ਸਾਹਵੇਂ ਆਇਆ ਹੈ। ਪਨਾਗ ਦੀਆਂ ਔਰਤ ਪਾਤਰ ਜ਼ਿੰਦਗੀ ਜਿਊਣਾ ਚਾਹੁੰਦੀਆ ਹਨ ਤੇ ਜਿਉਂਦੀਆ ਵੀ ਹਨ।ਕੁੱਲ ਮਿਲਾਕੇ ਕਿਹਾ ਜਿਹਾ ਜਾ ਸਕਦਾ ਹੈ ਕਿ ਕੈਨੇਡੀਅਨ ਕਹਾਣੀ ਦੇ ਖੇਤਰ ਵਿਚ 'ਮੁਰਗਾਬੀਆਂ' ਇਕ ਗੌਲਣਯੋਗ ਪੁਸਤਕ ਹੈ, ਜੋ ਇਤਿਹਾਸਕ ਸੂਝ ਅਤੇ ਕਲਾਤਮਿਕ ਸੋਝੀ ਦੀ ਦੱਸ ਪਾਉਂਦੀ ਇਸ ਨਵੀਂ ਕਹਾਣੀਕਾਰਾ ਅੰਦਰ ਪਈਆ ਅਸੀਮ ਸੰਭਾਵਨਾਵਾ ਵੱਲ ਸਪਸ਼ਟ ਸੰਕੇਤ ਕਰਦੀ ਹੈ।

-ਪੁਸ਼ਵਿੰਦਰ ਕੌਰ

ਹਰਫ਼ਾਂ ਦੀ ਹਾਜ਼ਰੀ (ਕਾਵਿ-ਸੰਗ੍ਰਹਿ) ਮਲਕੀਤ ਜੌੜਾ

ਮਲਕੀਤ ਜੌੜਾ ਪ੍ਰਗਤੀਵਾਦੀ-ਮਾਨਵਵਾਦੀ ਵਿਚਾਰਧਾਰਾ ਤੇ ਸਮਾਜਕ ਪ੍ਰਤਿਬੱਧਤਾ ਦੀ ਜ਼ਿੰਮੇਵਾਰੀ ਲੈ ਕੇ ਸਾਹਿਤਕ-ਜਗਤ ਵਿਚ ਪ੍ਰਵੇਸ਼ ਕਰਦਾ ਹੈ। 'ਹਰਫ਼ਾਂ ਦੀ ਹਾਜ਼ਰੀ'(ਪੰਨੇ 86, ਮੁੱਲ 195 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਤੋਂ ਪਹਿਲਾਂ ਉਹ 'ਨਿੱਜ ਤੋਂ ਪਰ ਵੱਲ', 'ਵਿਲਕਦਾ ਰੁੱਖ' ਅਤੇ 'ਗ੍ਰਹਿਣੇ ਸੂਰਜ' ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲ਼ੀ ਪਾ ਚੁੱਕਿਆ ਹੈ।ਹੱਥਲੇ ਕਾਵਿ-ਸੰਗ੍ਰਹਿ ਵਿਚ ਉਸਦੀ ਸਮਾਜਕ ਪ੍ਰਤਿਬੱਧਤਾ ਤੇ ਉਸਦੇ ਦਲਿਤ-ਦ੍ਰਿਸ਼ਟੀਕੋਣ ਦੀ ਸੁਰ ਪਹਿਲਾਂ ਨਾਲੋਂ ਤਿਖੇਰੀ ਤੇ ਸੂਝ ਪਹਿਲਾਂ ਨਾਲੋਂ ਵੀ ਪਕੇਰੀ ਨਜ਼ਰ ਆਉਂਦੀ ਹੈ। ਦਲਿਤ ਦ੍ਰਿਸ਼ਟੀਕੋਣ ਤੇ ਅੰਬੇਦਕਰਵਾਦੀ ਵਿਚਾਰਧਾਰਾ ਨੂੰ ਪਰਣਾਏ ਮਲਕੀਤ ਕੋਲ਼ ਆਪਣੇ ਜਾਤੀਗਤ ਅਨੁਭਵ ਤੋਂ ਗ੍ਰਹਿਣ ਕੀਤੇ ਸਮਾਜਕ-ਆਰਥਿਕ ਅਸਾਵੇਂਪਣ ਤੇ ਜਾਤੀ ਭੇਦ-ਭਾਵ ਜਿਹਾ ਕਿੰਨਾ ਕੁਝ ਹੈ ਕਹਿਣ ਲਈ, ਜੋ ਉਸਨੂੰ ਵਰਤਮਾਨ ਯੁੱਗ ਦੇ ਉਪਭੋਗਤਾਵਾਦ ਤੇ ਇਸ਼ਤਿਹਾਰਬਾਜ਼ੀ ਦਾ ਵੀ ਸ਼ਿਕਾਰ ਹੋਣ ਤੋਂ ਬਚਾਈ ਰੱਖਦਾ ਹੈ। ਉਸਦਾ ਜਾਤੀਗਤ ਅਨੁਭਵ ਉਸਨੂੰ ਇਹ ਗਿਆਨ ਜ਼ਰੂਰ ਕਰਵਾ ਦਿੰਦਾ ਹੈ ਕਿ ਵਰਗਾਂ ਵਿਚ ਵੰਡਿਆ ਸਮਾਜ ਉਸ ਬਾਣ ਦੇ ਮੰਜੇ ਦੀ ਤਰ੍ਹਾਂ ਹੈ ਜਿਸ ਉੱਤੇ ਜਦੋਂ ਜਦੋਂ ਵੀ ਛੁਤ-ਛਾਤ, ਜਾਤ-ਪਾਤ ਤੇ ਧਰਮ ਦੀ ਬਾਰਿਸ਼ ਹੁੰਦੀ ਹੈ ਤਾਂ ਉਸ ਵਿਚ ਅਜਿਹੀ ਕਾਣ ਆ ਜਾਂਦੀ ਹੈ ਜਿਹੜੀ ਕਈ ਕਈ ਦਿਨਾਂ, ਮਹੀਨਿਆਂ ਤੇ ਕਈ ਵਾਰ ਸਾਲਾਂ ਤਕ ਵੀ ਨਹੀਂ ਜਾਂਦੀ। ਇਸ ਲਈ ਉਸਦੇ ਦਿਲ ਤੇ ਦਿਮਾਗ ਉੱਤੇ ਆਪਣੀ ਜਾਤੀਗਤ ਪਛਾਣ ਨੂੰ ਲੈ ਕੇ ਸਵੈਮਾਨ ਦੇ ਨਾਲ ਸਮਾਜ ਵਿਚ ਆਪਣੀ ਵੱਖਰੀ ਤੇ ਮਿਆਰੀ ਹੋਂਦ ਸਥਾਪਤ ਕਰਨ ਦਾ ਮਸਲਾ ਭਾਰੂ ਹੋਇਆ ਨਜ਼ਰ ਆਉਂਦਾ ਹੈ:

ਮੇਰੀ ਗੱਲ ਤੈਨੂੰ ਜਚੀ ਨਹੀਂ / ਜਚੂ ਵੀ ਕਿੱਦਾਂ
ਦੇਹ ਉਤੇਜਨਾ ਦੀਆਂ ਰਚਨਾਵਾਂ ਹੀ / ਤੇਰੇ ਮਨ ਨੂੰ ਭਾਉਂਦੀਆਂ
ਮੇਰੇ ਕੋਲ ਇਨ੍ਹਾਂ ਗੱਲਾਂ ਲਈ ਸਮਾਂ ਨਹੀਂ
ਮੈਂ ਤਾਂ ਗੱਲ ਕਰਦਾ ਹਾਂ
ਕਿਸੇ ਗ਼ਰੀਬ ਦੀ ਲਾਚਾਰੀ ਦੀ / ਥੁੜਾਂ ਦੀ
ਭੁੱਖੇ ਦੇ ਵਿਲਕਣ ਦੀ / ਜਾਤੀ-ਪਾਤੀ ਵਿਤਕਰੇ ਦੀ
ਆਮ ਮਨੁੱਖ ਦੀਆਂ ਮਜਬੂਰੀਆਂ ਦੀ

ਮਲਕੀਤ ਦੀ ਕਵਿਤਾ 'ਦੇਵ-ਮੁਖੀ' ਨਹੀਂ ਸਗੋਂ 'ਵਿਅਕਤੀ-ਮੁਖੀ' ਹੈ ਤੇ ਕਾਵਿਕ ਧੁਨ ਕ੍ਰਿਸ਼ਨ ਦੀ ਮੁਰਲੀ 'ਚੋਂ ਨਿਕਲੀ ਮਧੁਰ ਧੁਨ ਜਿਹੀ ਨਹੀਂ ਜਿਸ ਨੂੰ ਸੁਣ ਕੇ ਦਿਲ ਤੇ ਦਿਮਾਗ਼ ਵਿਸਮਾਦ ਵਿਚ ਆ ਜਾਣ ਬਲਕਿ ਇਹ ਤਾਂ ਜ਼ਿੱਲਤਾਂ ਭਰੇ ਜੀਵਨ ਦਾ ਇਕ ਅਜਿਹਾ ਖਰ੍ਹਵਾ ਰਾਗ ਹੈ ਜਿਸ ਨੂੰ ਸੁਣ ਕੇ ਸੁੱਤੇ ਹੋਏ ਦਿਲ ਤੇ ਦਿਮਾਗ਼ ਵੀ ਜਾਗ ਉੱਠਦੇ ਹਨ ਅਤੇ ਸਦੀਆਂ ਦੀ ਗ਼ੁਲਾਮੀ ਦੇ ਹਨੇਰੇ 'ਚੋਂ ਰਾਹ ਤਲਾਸ਼ਣ ਲੱਗਦੇ ਹਨ। ਕਵੀ ਮਨੁੱਖੀ ਸ਼ਕਤੀ ਵਿਚ ਵਿਸ਼ਵਾਸ ਰੱਖਦਾ ਹੈ। ਆਮ ਮਨੁੱਖ ਦੀ ਹਿੰਮਤ ਉਸਦੀ ਕਵਿਤਾ ਵਿਚ ਇਕ ਅਜਿਹੀ ਧੁਨੀ ਵਾਂਗ ਸਮਾਈ ਹੋਈ ਹੈ ਜਿਹੜੀ ਸਮਾਜਵਾਦੀ ਸਮਾਜ ਦੀ ਸਿਰਜਣਾ ਲਈ ਇਕ ਸ਼ਕਤੀ ਬਣ ਕੇ ਉੱਭਰਦੀ ਹੈ। ਜਿਸ ਦੇ ਸਹਾਰੇ ਉਹ ਮਨੂੰ ਦੁਆਰਾ ਸਿਰਜੇ 'ਵਰਗ-ਸਮਾਜ' ਨੂੰ ਚੁਣੌਤੀ ਦਿੰਦਾ ਹੋਇਆ ਵਰਣ-ਰਹਿਤ ਸਮਾਜ ਦੀ ਸਿਰਜਣਾ ਦੇ ਰਾਹ ਤੁਰਦਾ ਨਜ਼ਰ ਆਉਂਦਾ ਹੈ:

ਤੂੰ ਦੇਖ ਸਕਦਾ / ਸਵਰਗਾਂ ਵਿਚੋਂ ਅੱਜ ਵੀ
ਸਭ ਕੁਝ ਆਪਣੀਆਂ ਅੱਖਾਂ ਨਾਲ
ਤੂੰ ਤਾਂ ਅਖਵਾਉਂਦਾ ਸੀ / ਬ੍ਰਹਮਾ ਦਾ ਅਵਤਾਰ
ਦੇਖ ਮਨੂੰ! ਤੇਰੇ ਇਸ ਭਰਮ ਜਾਲ ਨੂੰ / ਦੇ ਦਿੱਤਾ ਹੈ ਟੱਕ
ਦੇਖਦਾ ਜਾਹ! ਹੌਲ਼ੀ-ਹੌਲ਼ੀ ਏਸ ਭਰਮ ਜਾਲ਼ ਨੂੰ
ਧਾਗਾ-ਧਾਗਾ ਕਰਕੇ ਸੁਲਝਾ ਦਿਆਂਗਾ....
ਉਦੋਂ ਤੇਰਾ ਸਮਾਂ ਸੀ / ਤੂੰ ਦੇਵ
ਅੱਜ ਮੇਰਾ ਸਮਾਂ / ਮੈਂ ਮਨੁੱਖ।

ਮਲਕੀਤ ਆਪਣੀ ਕਵਿਤਾ ਵਿਚ ਦੋਹਰੀ ਮਾਰ ਦੀ ਸ਼ਿਕਾਰ ਦਲਿਤ ਔਰਤ ਪ੍ਰਤਿ ਹੋਰ ਵੀ ਵਧੇਰੇ ਸੰਵੇਦਨਸ਼ੀਲ ਨਜ਼ਰ ਆਉਂਦਾ ਹੈ। ਇਸੇ ਲਈ ਤਾਂ ਜਿੱਥੇ ਪ੍ਰੋ. ਮੋਹਨ ਸਿੰਘ ਨੂੰ ਆਪਣੀ ਰੁਮਾਂਟਿਕ ਕਵਿਤਾ 'ਕੁੜੀ ਪੋਠੋਹਾਰ ਦੀ' ਵਿਚ ਸਿਰ ਉੱਤੇ ਘਾਹ ਦੀ ਭਾਰੀ ਪੰਡ ਚੁੱਕੀ ਹੋਣ ਦੇ ਬਾਵਜੂਦ ਉਹ ਕੁੜੀ ਅੰਤਾਂ ਦੀ ਖ਼ੂਬਸੂਰਤ ਦਿਸਦੀ ਹੈ, ਉੱਥੇ ਮਲਕੀਤ ਦੀ ਦਲਿਤ ਦ੍ਰਿਸ਼ਟੀ ਦਲਿਤ ਮੁਟਿਆਰ ਦੇ ਸਿਰ ਉੱਤੇ ਚੁੱਕੀ ਪੰਡ ਦਾ ਭਾਰ ਵੀ ਮਹਿਸੂਸ ਕਰਦੀ ਹੈ ਤੇ ਉਸ ਮੁਟਿਆਰ ਦੇ ਪੈਰਾਂ ਵਿਚ ਪਈਆਂ ਸ਼ਰਮ ਦੀਆਂ ਬੇੜੀਆਂ ਦੀ ਮਜਬੂਰੀ ਨੂੰ ਵੀ ਬਾਖ਼ੂਬੀ ਸਮਝਦੀ ਹੈ:

ਕਸੂਰ ਤੋਰ ਦਾ ਨਹੀਂ / ਨਜ਼ਰ ਦਾ ਹੈ
ਘਾਹ ਦੀ ਪੰਡ ਚੁੱਕਿਆਂ / ਪੈਲਾਂ ਨਹੀਂ ਪੈਂਦੀਆਂ
ਸਾਹ ਨਿਕਲਦਾ / ਤੋਰ ਮੱਠੀ ਪੈ ਜਾਂਦੀ
ਸ਼ਰਮ ਪੈਰਾਂ ਵਿਚ ਬੇੜੀਆਂ ਬਣ ਜਾਂਦੀ
ਸਿਰ'ਤੇ ਘਾਹ ਦੀ ਪੰਡ ਦਾ ਦਰਦ, ਜਿਹੜਾ ਚੁੱਕਦਾ ਉਹੀ ਜਾਣਦਾ
ਕੁੜੀ ਚਾਹੇ ਪੋਠੋਹਾਰ ਦੀ ਹੋਵੇ, ਭਾਵੇਂ ਚੜ੍ਹਦੇ ਪੰਜਾਬ ਦੀ
ਭਾਵੇਂ ਬੰਗਾਲ,ਬਿਹਾਰ ਦੀ ਹੋਵੇ

ਕਿਰਤੀਆਂ ਦੇ ਘਰਾਂ ਦਾ ਪਿੰਡ ਦੀ ਭੂਗੋਲਿਕ ਸਥਿਤੀ ਅਨੁਸਾਰ ਲਹਿੰਦੇ ਪਾਸੇ ਅਤੇ ਸਵਰਨ ਜਾਤੀਆਂ ਦੇ ਘਰਾਂ ਦਾ ਚੜ੍ਹਦੇ ਪਾਸੇ ਵੱਲ ਹੋਣਾ ਦਲਿਤ ਜਾਤੀ ਲਈ ਅਪਮਾਨ ਦਾ ਸੂਚਕ ਹੈ, ਜਿਸ ਉੱਤੇ ਮਲਕੀਤ ਤਿੱਖਾ ਵਿਅੰਗ ਕਰਦਾ ਹੈ। ਉਹ ਦਲਿਤਾਂ ਨੂੰ ਇਕ ਜੁਝਾਰੂ ਵਾਂਗ ਆਪਣੇ ਹੱਕਾਂ ਲਈ ਲੜਦੇ ਹੋਏ ਸਮਾਜ ਵਿਚ ਸ਼ਕਤੀਸ਼ਾਲੀ ਮਨੁੱਖ ਦੇ ਤੌਰ 'ਤੇ ਉੱਭਰਨ ਦਾ ਸੰਦੇਸ਼ ਦਿੰਦਾ ਹੈ:

ਜ਼ਿੰਦਗੀ ਹਿੰਮਤ ਵਿਚ ਹੈ/ ਢੇਰੀ ਢਾਹ ਕੇ ਬਹਿਣ ਵਿਚ ਨਹੀਂ
ਕੇਂਦਰ ਵਿਚ ਹੈ / ਹਾਸ਼ੀਏ ਤੇ ਨਹੀਂ ... ...
ਕਰ ਭਰਵਾਂ ਜਿਹਾ ਵਾਰ
ਬਦਲ ਜਾਵੇ / ਸਮਾਜ ਦਾ ਮੁਹਾਂਦਰਾ
ਸਭ ਤੋਂ ਵੱਡੀ / ਤੇ ਸ਼ਕਤੀਸ਼ਾਲੀ ਹਸਤੀ / ਤੂੰ ਮਨੁੱਖ!

ਮਲਕੀਤ ਜੌੜਾ ਦੀ ਕਵਿਤਾ ਇਤਿਹਾਸ ਦੇ ਪੰਨਿਆਂ ਅੰਦਰ ਲੁਕੇ ਉਹਨਾਂ ਤੱਥਾਂ ਨੂੰ ਫਰੋਲਦੀ ਤੇ ਟਟੋਲਦੀ ਹੈ, ਜਿਹਨਾਂ ਤੋਂ ਇਹ ਸੱਚ ਸਾਹਮਣੇ ਆਉਂਦਾ ਹੈ ਕਿ ਦਲਿਤ ਵਿਅਕਤੀ ਹਮੇਸ਼ਾ ਹੱਕ ਦੀ ਖਾਂਦਾ ਹੈ, ਲੋਕਾਂ ਨੂੰ ਭਰਮਾਂ ਵਿਚ ਪਾ ਕੇ ਲੁੱਟਦਾ ਨਹੀਂ, ਮਿਹਨਤ ਨੂੰ ਪੂਜਾ ਸਮਝਦਾ ਹੈ। ਪਰ ਫਿਰ ਵੀ ਤੰਗ-ਸੋਚ ਤੇ ਬਿਮਾਰ ਮਾਨਸਿਕਤਾ ਵਾਲੇ ਉੱਚ ਜਾਤੀ ਦੇ ਲੋਕ ਆਪਣੇ ਉੱਤੇ ਉਸਦਾ ਪਰਛਾਵਾਂ ਨਹੀਂ ਪੈਣ ਦਿੰਦੇ। ਉਸਦੀ ਕਵਿਤਾ ਸਦੀਆਂ ਤੋਂ ਚਲਦੀ ਆ ਰਹੀ ਇਸ ਰੀਤ ਦੇ ਚੱਕਰਵਿਊ ਨੂੰ ਵੀ ਤੋੜਨਾ ਚਾਹੁੰਦੀ ਹੈ, ਜਿਸ ਵਿਚ ਉੱਚ-ਜਾਤੀ ਦੇ ਲੋਕ ਚਿਰਾਂ ਤੋਂ ਲੈ ਦਲਿਤਾਂ ਦੀ ਧੌਣ'ਤੇ ਆਪਣੀ ਤਾਕਤ ਦਾ ਜੂਲ਼ਾ ਰੱਖੀ ਆਉਂਦੇ ਹਨ, ਜਿਸ ਕਰਕੇ ਦਲਿਤ ਲੋਕ ਸਮਾਜ

ਵਿਚ ਸਿਰ ਉੱਚਾ ਕਰਕੇ ਨਹੀਂ ਜਿਉਂ ਸਕੇ। ਉਹ ਦਲਿਤਾਂ ਨੂੰ ਛੋਟੇ-ਮੋਟੇ ਲਾਲਚਾਂ ਕਰਕੇ ਉੱਚ ਜਾਤੀ ਦੇ ਲੋਕਾਂ ਦੀ ਜੀ-ਹਜ਼ੂਰੀ ਕਰਨ ਤੋਂ ਰੋਕਦਾ ਹੈ।

ਮਲਕੀਤ ਨੂੰ ਆਪਣੇ ਸਮੁਦਾਇ ਦੇ ਲੋਕਾਂ ਨਾਲ ਅਨੇਕਾਂ ਗਿਲੇ-ਸ਼ਿਕਵੇ ਹਨ, ਜਿਹੜੇ ਉਸਦੀ ਨਜ਼ਰ ਵਿਚ ਉਹਨਾਂ ਦੀ ਹਾਸ਼ੀਆਗ੍ਰਸਤ ਸਥਿਤੀ ਲਈ ਜ਼ਿੰਮੇਵਾਰ ਬਣਦੇ ਹਨ। ਮਸਲਨ:ਭੋਲੇ ਭਾਲੇ ਲੋਕ ਲੀਡਰਾਂ ਦੀ ਚਾਪਲੂਸੀ ਦਾ ਸ਼ਿਕਾਰ ਹੋ ਕੇ ਉਹਨਾਂ ਨੂੰ ਵੋਟਾਂ ਪਾ ਦਿੰਦੇ ਹਨ,ਵਿਕਾਊ ਹੋ ਜਾਂਦੇ ਹਨ ਤੇ ਉਹਨਾਂ ਦੇ ਹੱਥਾਂ ਦੀ ਕਠਪੁਤਲੀ ਬਣ ਜਾਂਦੇ ਹਨ, ਆਪਣੇ ਹੱਕਾਂ ਲਈ ਲੜਨਾ ਨਹੀਂ ਸਿੱਖਦੇ, ਨਕਾਬ ਹੇਠਲੇ ਚਿਹਰਿਆਂ ਨੂੰ ਪਛਾਨਣਾ ਨਹੀਂ ਸਿੱਖਦੇ, ਉਹਨਾਂ ਨਾਲ ਨਹੀਂ ਖੜ੍ਹਦੇ ਜਿਹੜੇ ਉਹਨਾਂ ਦੇ ਹੱਕਾਂ ਲਈ ਲੜਦੇ ਹਨ,ਉੱਚ-ਜਾਤੀ ਦੇ ਡਰੋਂ ਆਪਣੀ ਗੱਲ ਕਹਿਣ ਦੀ ਹਿੰਮਤ ਨਹੀਂ ਕਰਦੇ,ਆਪਣੀ ਜਾਤੀਗਤ ਪਛਾਣ ਲੁਕੋ ਕੇ ਜਿਉਂਦੇ ਹਨ, ਆਦਿ।

ਮਲਕੀਤ ਜੌੜਾ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ, ਪੇਰੀਅਰ, ਭਗਤ ਸਿੰਘ, ਕੁਲਵਰਗੀ ਜਿਹੇ ਚਿੰਤਕਾਂ ਦੇ ਪਾਏ ਪੂਰਨਿਆਂ ਉੱਤੇ ਚੱਲਣ ਵਾਲਾ ਅਜਿਹਾ ਦਲਿਤ ਕਵੀ ਹੈ ਜਿਸਦੀ ਲੜਾਈ ਰੂੜ੍ਹੀਵਾਦੀ ਵਿਵਸਥਾ ਦੇ ਖਿਲਾਫ ਹੈ। ਉਹ ਉਹਨਾਂ ਮਾਨਵਵਾਦੀ ਵਿਚਾਰਧਾਰਾ ਨਾਲ ਜੁੜੇ ਹੋਣ ਦਾ ਭਰਮ ਪਾਲਣ ਵਾਲੇ ਕਵੀਆਂ ਨਾਲ ਵੀ ਗਿਲਾ ਕਰਦਾ ਹੈ, ਜਿਹੜੇ ਹਿੰਦੋਸਤਾਨ ਦੀ ਜਾਤ-ਪ੍ਰਥਾ ਦੇ ਇਤਿਹਾਸਕ ਵਰਤਾਰੇ ਬਾਰੇ ਭਲੀ-ਭਾਂਤ ਜਾਣਦੇ ਹੋਏ ਵੀ ਦਲਿਤ ਸ਼੍ਰੇਣੀਆਂ ਦੇ ਦੁੱਖਾਂ-ਦਰਦਾਂ ਤੇ ਉਹਨਾਂ ਦੇ ਹਿੱਤਾਂ ਬਾਰੇ ਠੋਸ ਰੂਪ ਵਿਚ ਗੱਲ ਕਰਨ ਤੋਂ ਸੰਕੋਚ ਕਰਦੇ ਹਨ। **-ਗੁਰਦੀਪ ਕੌਰ**

ਗਿਆਰਾਂ ਰੰਗ (ਕਹਾਣੀ-ਸੰਗ੍ਰਹਿ) ਸੁਕੀਰਤ

ਖੱਬੇਪੱਖੀ ਦਿੱਖ ਵਾਲੇ ਇਕ ਚੇਤੰਨ ਤੇ ਪ੍ਰਬੁੱਧ ਮਨੁੱਖ ਦੀ ਆਪਣੀ ਵਡੇਰੀ ਪਛਾਣ ਦੇ ਉਹਲੇ ਛੁਪਿਆ ਸੁਕੀਰਤ ਬਹੁਤ ਹੀ ਸੂਖਮ ਬਿਰਤੀ ਵਾਲਾ ਸਿਰਜਕ ਹੈ। ਲੇਖਕ ਵਜੋਂ ਉਸਦੀ ਪਛਾਣ ਘੱਟ ਉਜਾਗਰ ਹੋਣ ਦਾ ਇਕ ਕਾਰਨ ਤਾਂ ਇਹ ਹੈ ਕਿ ਚਿੰਤਕ ਐਕਟਿਵਿਸਟ ਦੀ ਪਛਾਣ ਵਾਲਾ ਉਸ ਵਰਗਾ ਵਿਅਕਤੀ ਵੈਸੇ ਹੀ ਸਿਰਜਣਾਤਮਕਤਾ ਦੇ ਘੇਰੇ ਤੋਂ ਬਾਹਰ ਸਮਝ ਲਿਆ ਜਾਂਦਾ ਹੈ। ਦੂਜੇ ਬਾਕੀ ਸਰਗਰਮੀ ਦੇ ਟਾਕਰੇ ਆਪਣੇ ਸਿਰਜਣਾਤਮਕ ਆਪੇ ਨੂੰ ਸਾਹਵੇਂ ਲਿਆਉਣ ਲਈ ਸੁਕੀਰਤ ਨੇ ਸਮਾਂ ਵੀ ਬਹੁਤ ਘੱਟ ਦਿੱਤਾ ਹੈ। ਚਾਰ ਦਹਾਕਿਆਂ ਦੇ ਸਮੇਂ ਦੌਰਾਨ ਉਸਨੇ ਮਹਿਜ਼ ਗਿਣਤੀ ਦੀਆਂ ਕਹਾਣੀਆਂ ਹੀ ਲਿਖੀਆਂ ਹਨ। ਬੁੱਧੀਜੀਵ ਉਹ ਯਕੀਨਨ ਹੈ ਪਰ ਬੌਧਕਤਾ ਉਸਦੀ ਸਿਰਜਣਾਤਮਕਤਾ ਲਈ ਰੁਕਾਵਟ ਨਹੀਂ ਬਣਦੀ, ਸਗੋਂ ਉਸਨੂੰ ਵਧੇਰੇ ਗਹਿਰਾਈ ਵਾਲਾ ਸਿਰਜਕ ਬਣਾਉਣ ਵਿਚ ਸਹਾਇਕ ਹੁੰਦੀ ਹੈ। ਸ਼ਹਿਰੀ ਮੱਧ ਵਰਗ ਦੇ ਜੀਵਨ ਦਾ ਉਸਨੂੰ ਭਰਪੂਰ ਅਨੁਭਵ ਹੈ ਅਤੇ ਇਸ ਵਰਗ ਦੇ ਪੜ੍ਹੇ-ਲਿਖੇ ਜੀਵ ਉਸਦੀ ਕਹਾਣੀਆਂ ਦੇ ਪਾਤਰ ਬਣਦੇ ਹਨ, ਜਿਨ੍ਹਾਂ ਦੀ ਸਮਾਜਕ ਭਾਸ਼ਾ ਉੱਤੇ, ਖਾਸ ਕਰਕੇ ਸੂਖਮ ਭਾਵਾਂ ਦੇ ਪ੍ਰਗਟਾਅ ਵਿਚ, ਉਸਨੂੰ ਕਮਾਲ ਦੀ ਨਿਪੁੰਨਤਾ ਪ੍ਰਾਪਤ ਹੈ। ਹੱਥਲੀ ਪੁਸਤਕ 'ਗਿਆਰਾਂ ਰੰਗ (ਪੰਨੇ 127, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ) ਦੀਆਂ ਕਹਾਣੀਆਂ ਵਿਚੋਂ ਸੁਕੀਰਤ ਦੀ ਸਿਰਜਣਾਤਮਕਤਾ ਦੇ ਇਹਨਾਂ ਸਾਰੇ ਲੱਛਣਾਂ ਦੀ ਪੁਸ਼ਟੀ ਹੁੰਦੀ ਹੈ।

ਪੁਸਤਕ ਦੇ ਸ਼ੀਰਸ਼ਕ 'ਗਿਆਰਾਂ ਰੰਗ' ਤੋਂ ਇਹ ਸੰਕੇਤ ਮਿਲਦਾ ਹੈ ਜਿਵੇਂ ਸੁਕੀਰਤ ਗਿਆਰਾਂ ਕਹਾਣੀਆਂ ਰਾਹੀਂ ਆਪਣੀ ਸਿਰਜਣਾਤਮਕਤਾ ਦੇ ਵੱਖ ਵੱਖ ਸਾਰੇ ਰੰਗ ਪਾਠਕਾਂ ਅੱਗੇ ਖਿਲਾਰਨਾ ਚਾਹੁੰਦਾ ਹੋਵੇ। ਪਰ ਪੁਸਤਕ ਵਿਚ ਕੁੱਲ ਦਸ ਕਹਾਣੀਆਂ ਤੋਂ ਜਾਪਦਾ ਹੈ ਕਿ ਇਕ ਰੰਗ ਗ਼ੈਰ ਹਾਜ਼ਰ ਹੈ। (ਮਗਰੋਂ ਉਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸੱਚਮੁੱਚ ਹੀ ਇਕ ਕਹਾਣੀ ਕਿਸੇ ਭੁਲੇਖੇ ਕਾਰਨ ਪੁਸਤਕ ਵਿਚ ਸ਼ਾਮਲ ਹੋਣ ਤੋਂ ਰਹਿ ਗਈ ਹੈ)। ਕੁੱਲ ਦਸ ਕਹਾਣੀਆਂ ਵਿਚੋਂ ਆਖਰੀ ਕਹਾਣੀ 'ਪੋਸਟ ਮਾਰਟਮ' ਜੇ ਬੀਤੇ ਵਰ੍ਹੇ ਹੀ ਛਪੀ ਹੈ ਤਾਂ ਪਹਿਲੀ ਕਹਾਣੀ 'ਆਪਣੇ ਘਰ' ਦਾ ਰਚਣ ਕਾਲ 1974 ਹੈ। ਵਿਚ ਵਿਚਾਲੇ ਦੀਆਂ ਕਹਾਣੀਆਂ ਦੇ ਲਿਖੇ ਜਾਣ ਵਿਚ ਵੀ

ਸਮੇਂ ਦੀ ਵਿੱਥ ਕਾਫੀ ਜ਼ਿਆਦਾ ਹੈ। 'ਆਪਣੇ ਘਰ', 'ਵਗਦੇ ਪਾਣੀ' ਤੇ 'ਵਾਪਸੀ' ਨਾਂ ਦੀਆਂ ਪੁਸਤਕ ਦੀਆਂ ਪਹਿਲੀਆਂ ਤਿੰਨ ਕਹਾਣੀਆਂ, ਜੋ ਬਹੁਤ ਪਹਿਲਾਂ ਲਿਖੀਆਂ ਗਈਆਂ ਹਨ, ਵਿਚ ਕਹਾਣੀ ਕਹਿਣ ਦੀ ਜੁਗਤ ਦੇ ਪੱਖ ਤੋਂ ਤਾਂ ਕੋਈ ਕਚਿਆਈ ਨਹੀਂ, ਪਰ ਆਪਣੇ ਆਕਾਰ ਵਾਂਗ ਉਹ ਇਕਪਰਤੀ ਅਨੁਭਵ ਦੀ ਪੈਦਾਵਾਰ ਹੋਣ ਦਾ ਪ੍ਰਭਾਵ ਜ਼ਰੂਰ ਦਿੰਦੀਆਂ ਹਨ।

'ਆਪਣੇ ਘਰ' ਦਾ ਇਕੱਲਾ ਕਾਰਾ ਨੌਜਵਾਨ ਪਾਤਰ ਆਪਣੀ ਨਵੀਂ ਵਿਆਹੁਤਾ ਅਨੂੰ ਨੂੰ ਇਕ ਤਰ੍ਹਾਂ 'ਗ੍ਰਹਿ ਪ੍ਰਵੇਸ਼' ਲਈ ਜਦੋਂ ਲੈ ਕੇ ਆਉਂਦਾ ਹੈ ਤਾਂ ਆਪਣੇ ਫਲੈਟ ਦੀ ਉਸਨੂੰ ਚਾਬੀ ਹੀ ਨਹੀਂ ਲੱਭਦੀ, ਅਤੇ ਉਹ ਘਾਬਰਿਆ ਹੋਇਆ ਅਨੂ ਦੇ ਗਲ਼ ਲੱਗ ਕੇ ਰੋਣਾ ਸ਼ੁਰੂ ਕਰ ਦਿੰਦਾ ਹੈ। ਪ੍ਰਗਟ ਤੌਰ 'ਤੇ ਤਾਂ ਉਸਦੀ ਇਸ ਭਾਵੁਕ ਮਨੋ ਦਸ਼ਾ ਦਾ ਕਾਰਨ ਇਹ ਹੋ ਸਕਦਾ ਹੈ ਕਿ ਅਨੂੰ ਦੇ ਮਾਪਿਆਂ ਨੇ ਵਿਆਹ ਲਈ ਰਜ਼ਾਮੰਦੀ ਨਹੀਂ ਸੀ ਦਿੱਤੀ ਤੇ ਉਹ ਵਿਆਹ 'ਚੋਂ ਗ਼ੈਰ ਹਾਜ਼ਰ ਰਹੇ ਸਨ। ਉਸਦੇ ਆਪਣੇ ਮਾਪੇ ਸਦੀਵੀ ਵਿਛੋੜਾ ਦੇ ਚੁੱਕ ਹੋਣ ਤੇ ਕੋਈ ਹੋਰ ਸਕਾ ਸੰਬੰਧੀ ਨਾ ਹੋਣ ਕਾਰਨ ਬਰੂਹਾਂ 'ਤੇ ਤੇਲ ਚੋਣ ਜਾਂ ਪਾਣੀ ਵਾਰਨ ਵਾਲਾ ਵੀ ਕੋਈ ਨਹੀਂ ਸੀ। ਪਰ ਕੀ ਇਹ ਬਦਸ਼ਗਨੀ ਸੰਭਾਵੀ ਦੰਪਤੀ ਜੀਵਨ ਦੇ ਸੰਬੰਧ ਵਿਚ ਕੋਈ ਸੰਕੇਤ ਤਾਂ ਨਹੀਂ। ਸੰਭਵ ਹੈ ਉਹ ਆਪਣੀ ਨਵੀਂ ਸਥਿਤੀ ਦਾ ਸਾਹਮਣਾ ਕਰਨ ਲਈ ਹਾਲੇ ਪੂਰੀ ਤਰ੍ਹਾਂ ਤਿਆਰ ਨਾ ਹੋਵੇ। 'ਵਾਪਸੀ' ਕਹਾਣੀ ਦੀ ਭਾਰਤੀ ਮੂਲ ਦੀ ਸਮਿਤਾ ਦੂਰ ਦੁਰਾਡੇ ਦੇਸ਼ ਵਿਚ ਆਪਣੀ ਪੜ੍ਹਾਈ ਦੌਰਾਨ ਰੂਸੀ ਨੌਜਵਾਨ ਮੀਸ਼ੇ ਨਾਲ ਵਿਆਹ-ਸੰਬੰਧ ਵਿਚ ਜੁੜ ਗਈ ਸੀ, ਜੋ ਸੰਬੰਧ ਤੋੜ ਤਕ ਨਿਭ ਨਾ ਸਕਿਆ। ਆਪਣੇ ਤੋੜ ਵਿਛੋੜੇ ਨੂੰ ਰਸਮੀ ਰੂਪ ਦੇਣ ਸਮੇਂ ਨਵੇਂ ਯੁਗ ਦੇ ਸੂਝਵਾਨ ਲੋਕਾਂ ਵਾਂਗ ਉਹ ਬਹੁਤ ਸਹਿਜ ਰਹੀ ਸੀ। ਪਰ ਅੰਦਰੋਂ ਬਹੁਤ ਟੁੱਟੀ ਹੋਈ ਸਮਿਤਾ ਸਾਲੋਮਿਨਾ ਤੋਂ ਮੁੜ ਸਮਿਤਾ ਚਾਵਲਾ ਬਣਨ ਜਾ ਰਹੀ ਇਹ ਮੁਟਿਆਰ ਆਪਣੇ ਮੂਲ ਦੇਸ਼ ਪਰਤਦੀ ਹੋਈ ਹਵਾਈ ਸਫਰ ਦੌਰਾਨ ਇਹਨਾਂ ਸੋਚਾਂ ਵਿਚ ਫਾਥੀ ਹੋਈ ਹੈ ਕਿ ਕੀ ਇਸ ਰਿਸ਼ਤੇ ਦੇ ਸਿਰੇ ਨਾ ਚੜ੍ਹਨ ਦਾ ਕਾਰਨ ਸਭਿਆਚਾਰਕ ਵਖਰੇਵਾਂ ਸੀ ਜਾਂ ਕੁਝ ਹੋਰ। ਉਸ ਲਈ ਤਾਂ ਮੀਸ਼ਾ ਨਾਲ ਪ੍ਰੇਮ-ਸੰਬੰਧ ਕੋਈ ਵਕਤੀ ਵੇਗ ਨਹੀਂ ਸੀ, ਉਹ ਤਾਂ ਹੁਣ ਵੀ ਉਸਨੂੰ ਉਨਾ ਹੀ ਪਿਆਰ ਕਰਦੀ ਹੈ।

'ਸ਼ੱਕ ਅਤੇ 'ਚਪੇੜ' ਨਾਂ ਦੀਆਂ ਕਹਾਣੀਆਂ ਮਧਵਰਗੀ ਜੀਵਾਂ ਦੇ ਨਿੱਤ ਦੇ ਵਿਹਾਰ ਵਿਚ ਅਕਸਰ ਵੇਖੀ ਜਾਂਦੀ ਕਮੀਨਗੀ ਅਤੇ ਕਦਰਾਂ-ਕੀਮਤਾਂ ਦੇ ਮਾਮਲੇ ਵਿਚ ਦੋਗਲੇਪਨ ਦੀ ਬਾਤ ਪਾਉਂਦੀਆਂ ਹਨ। ਸਿਮਰਨ ਭਾਟੀਆ ਨਈਅਰ ਦੀ ਬੰਗਲਾਦੇਸ਼ੀ ਨੌਕਰ ਨਜ਼ਮਾ ਘਰੇਲੂ ਕੰਮ-ਕਾਰ ਕਰਦੀ ਆਮ ਨਾਲੋਂ ਵਧੇਰੇ ਸਮਾਂ ਉਸਦੇ ਘਰ ਵਿਚ ਬਿਤਾਉਂਦੀ ਹੈ। ਸਿਮਰਨ ਭਾਵੇਂ ਉਹਨਾਂ ਔਰਤਾਂ ਵਿਚੋਂ ਨਹੀਂ ਜੋ ਨੌਕਰਾਂ ਉੱਤੇ ਬੇਮਤਲਬ ਸ਼ੱਕ ਕਰਦੀਆਂ ਹਨ, ਤਦ ਵੀ ਨਜ਼ਮਾ ਉੱਤੇ ਇਹ ਇਲਜ਼ਾਮ ਲਾਉਣ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕਦੀ ਕਿ ਉਹ ਚੋਰੀ ਕਰਨ ਲਈ ਮੌਕਾ ਲੱਭਣ ਦੀ ਤਾਕ ਵਿਚ ਹੈ। ਜਦਕਿ ਹਕੀਕਤ ਇਹ ਹੈ ਕਿ ਗ਼ਰੀਬ ਨੌਕਰਾਣੀ ਤਾਂ ਮਹਿਜ਼ ਬਿਨ ਬੱਤੀ, ਬਿਨ ਪਾਣੀ, ਮੱਖੀ ਮੱਛਰਾਂ ਵਾਲੀ ਗੰਦੇ ਨਾਲੇ ਲਾਗਲੀ ਆਪਣੀ ਝੁੱਗੀ ਦੀ ਬਜਾਏ ਕੋਠੀ ਵਿਚ ਹੀ ਗਰਮੀਆਂ ਦੀ ਦੁਪਹਿਰ ਲੰਘਾਉਣ ਲਈ ਉੱਥੇ ਨਿੱਕੇ ਮੋਟੇ ਕੰਮ ਸੰਵਾਰਦੀ ਰਹਿੰਦੀ ਹੈ।

'ਚਪੇੜ' ਕਹਾਣੀ ਵਿਚ ਮੋਹਨ ਲਾਲ ਖੰਨਾ ਪੜ੍ਹੀ-ਲਿਖੀ ਮੁਟਿਆਰ ਧੀ ਨੂੰ ਉਸਦੇ ਕਮਰੇ ਵਿਚ ਆਪਣੇ ਪ੍ਰੇਮੀ ਨਾਲ ਗਲਵੱਕੜੀ ਵਿਚ ਵੇਖਕੇ ਇਸ ਅਮਲ ਨੂੰ ਕੰਜਰਖਾਨਾ ਆਖਦਾ ਹੋਇਆ ਆਪੇ ਤੋਂ ਬਾਹਰ ਹੋ ਜਾਂਦਾ ਹੈ। ਧੀ ਦੇ ਹੱਕ ਵਿਚ ਗੱਲ ਕਰਨ 'ਤੇ ਉਹ ਆਪਣੀ ਪਤਨੀ ਦੇ ਚਪੇੜ ਜੜ ਦਿੰਦਾ ਹੈ। ਪਤਨੀ ਸ਼ਕੁੰਤਲਾ ਵਰ੍ਹਿਆਂ ਤੋਂ ਆਪਣੇ ਪਤੀ ਦੀ 'ਸ਼ਰਾਫਤ' ਨੂੰ ਜਾਣਦੀ ਆਈ ਹੈ, ਜਿਸਨੇ ਕਿਸੇ ਸਮੇਂ ਆਪਣੇ ਘਰ ਵਿਚ ਮਾਸੂਮ ਨੌਕਰਾਣੀ ਨੂੰ ਗਰਭਵਤੀ ਕਰ ਦਿੱਤਾ ਸੀ। ਸ਼ਕੁੰਤਲਾ ਵੱਲੋਂ ਮੋਹਨ ਲਾਲ ਦੇ ਵੱਜੀ ਪਰਤਵੀਂ ਚਪੇੜ ਨਾਲ ਘਰ ਵਿਚ ਇਕ ਵਾਰ ਤਾਂ ਸੰਨਾਟਾ ਛਾ ਜਾਂਦਾ ਹੈ, ਪਰ ਬਦਲੇ ਹਾਲਾਤ ਵਿਚ ਇੱਜ਼ਤ ਦੇ ਖਿਆਲ ਨਾਲ ਸਭ ਕੁਝ ਭੁੱਲ ਭੁਲਾ ਦੇਣਾ ਹੀ

ਉਚਿਤ ਹੈ। ਇਕ ਨਾਟਕੀ ਘਟਨਾ ਦਾ ਵਿਅੰਗਮਈ ਵੇਰਵਾ ਦਿੰਦੀ ਕਹਾਣੀ 'ਅਣਹੋਣੀ' ਵਿਚ ਵੀ ਮਧਵਰਗੀ ਸ਼ਰਾਫਤ ਦੇ ਲਬਾਦੇ ਵਾਲਾ ਉਤਮਪੁਰਖੀ ਪਾਤਰ ਇਕ ਔਰਤ ਹੱਥੋਂ ਲੁੱਟਿਆ ਜਾਂਦਾ ਹੈ। ਬਗਾਨੀ ਔਰਤ ਨਾਲ ਮੌਜ ਮੇਲਾ ਕਰਨ ਦੀ ਇੱਛਾ ਦੇ ਨਤੀਜੇ ਵਜੋਂ ਹੋਈ ਆਪਣੀ ਲੁੱਟ ਦੇ ਸੰਬੰਧ ਵਿਚ ਉਹ ਕੁਝ ਵੀ ਕਰਨ ਦੀ ਸਥਿਤੀ ਵਿਚ ਨਹੀਂ, ਕਿਉਂਕਿ ਇੰਝ ਕੀਤਿਆਂ ਉਸਦੇ ਸ਼ਰੀਫ ਮਧਵਰਗੀ ਮਨੁੱਖ ਹੋਣ ਦੇ ਬਿੰਬ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ।'ਅਣਹੋਣੀ' ਦਾ ਉਤਮਪੁਰਖੀ ਪਾਤਰ ਤਾਂ ਆਪਣੇ ਪੱਤਰਕਾਰ ਹੋਣ ਬਾਰੇ ਝੂਠ ਬੋਲਦਾ ਹੈ ਜਦਕਿ 'ਪੋਸਟ ਮਾਰਟਮ' ਦਾ ਕੁਲਵਿੰਦਰ ਸੱਚਮੁੱਚ ਪੱਤਰਕਾਰ ਹੈ, ਜਿਸਦਾ ਕੋਈ ਦੀਨ ਇਮਾਨ ਨਹੀਂ ਅਤੇ ਜਿਸ ਲਈ ਵਿਹਾਰਕ ਪੱਖ ਤੋਂ ਸਫਲ ਹੋਣਾ ਹੀ ਇਕੋ ਇਕ ਜੀਵਨ ਲਕਸ਼ ਰਿਹਾ ਹੈ। ਕੁਲਵਿੰਦਰ ਦੇ ਸਹਿਕਰਮੀ ਰਹੇ ਉਤਮਪੁਰਖੀ ਬਿਰਤਾਂਤਕਾਰ ਵੱਲੋਂ ਉਸਦੇ ਜੀਵਨ ਦੀ ਦੱਸੀ ਵਾਰਤਾ ਇਸ ਚਲਾਕ ਮਨੁੱਖ ਬਾਰੇ ਤ੍ਰਿਸਕਾਰ ਨਾਲੋਂ ਵੀ ਵੱਧ ਉਸ ਲਈ ਤਰਸ ਉਪਜਾਉਂਦੀ ਹੈ।

'ਜਲਾਵਤਨ', 'ਸਲ੍ਹਾਬੀ ਹੋਈ ਸ਼ਾਮ' ਅਤੇ 'ਘਰ' ਇਸ ਸੰਗ੍ਰਹਿ ਦੀਆਂ ਤਿੰਨ ਅਜਿਹੀਆਂ ਕਹਾਣੀਆਂ ਹਨ, ਜਿਨ੍ਹਾਂ ਸਦਕਾ ਸੁਕੀਰਤ ਸਹਿਜੇ ਹੀ ਇਕ ਨਿਵੇਕਲੇ ਕਹਾਣੀਕਾਰ ਵਜੋਂ ਪ੍ਰਮਾਣਤ ਹੁੰਦਾ ਹੈ। ਇਹਨਾਂ ਕਹਾਣੀਆਂ ਵਿਚ ਜੋ ਵਿਸ਼ਾ ਵਸਤ ਛੋਹਿਆ ਗਿਆ ਹੈ, ਉਹ ਸਾਡੀ ਜ਼ੁਬਾਨ ਦੀ ਕਹਾਣੀ ਲਈ ਤਾਂ ਅਸਲੋਂ ਨਵਾਂ ਹੈ ਹੀ, ਪਰੰਪਰਕ ਸੋਚ ਨਾਲ ਜੁੜੇ ਸਾਡੇ ਸਮਾਜ ਲਈ ਵੀ ਜਿਸਨੂੰ ਪ੍ਰਵਾਨਗੀ ਦੀ ਨਜ਼ਰ ਨਾਲ ਵੇਖ ਸਕਣਾ ਬਹੁਤ ਮੁਸ਼ਕਿਲ ਹੈ। 'ਜਲਾਵਤਨ' ਵਿਚ ਦੋ ਸਮਲਿੰਗਕ ਔਰਤਾਂ ਦੀ ਵਾਰਤਾ ਹੈ ਤਾਂ 'ਘਰ' ਵਿਚ ਦੋ ਸਮਲਿੰਗਕ ਮਰਦਾਂ ਦੇ ਰਿਸ਼ਤੇ ਦੀ ਗੱਲ ਹੈ, ਜਦਕਿ 'ਸਲ੍ਹਾਬੀ ਹੋਈ ਸ਼ਾਮ' ਵੀਰਜਦਾਨ ਨਾਲ ਮਸਨੂਈ ਗਰਭ ਰਾਹੀਂ ਬੱਚੇ ਪੈਦਾ ਕਰਨ ਦੇ ਨਵੇਂ ਵਰਤਾਰੇ ਨਾਲ ਸੰਬੰਧਤ ਹੈ। ਤਿੰਨਾਂ ਹੀ ਕਹਾਣੀਆਂ ਦੇ ਕੇਂਦਰ ਵਿਚ ਵਰਤਮਾਨ ਵਿਚ ਮਹਾਂਨਗਰ ਵਿਚ ਜੀਵਨ ਬਤੀਤ ਕਰਦੇ ਸੰਵੇਦਨਸ਼ੀਲ ਪੜ੍ਹੇ ਲਿਖੇ ਮਧਵਰਗ ਦੀ ਜੀਵਨ ਸ਼ੈਲੀ ਤੇ ਰਿਸ਼ਤਿਆਂ ਦੀ ਵਿਆਕਰਨ ਕਾਰਜਸ਼ੀਲ ਹੈ।'ਜਲਾਵਤਨ' ਦੀ ਸੁੰਮੀ ਤਾਂ ਆਪਣੇ ਆਪ ਨੂੰ 'ਸੈਕਸੂਅਲ ਐਜ਼ਾਈਲ' ਮਿਥਕੇ ਇੱਛਤ ਜ਼ਿੰਦਗੀ ਜੀਣ ਲਈ ਅਮਰੀਕਾ ਚਲੀ ਗਈ ਸੀ, ਪਰ ਪਿੱਛੇ ਦਿੱਲੀ ਵਿਚ ਹੀ ਰਹਿ ਗਈ, ਵੇਖਣ ਨੂੰ ਸਫਲ ਵਿਆਹੁਤਾ ਜ਼ਿੰਦਗੀ ਜੀਅ ਰਹੀ, ਕਰਤਾਰ ਕਿਵੇਂ ਸਾਬਤ ਕਰੇ ਕਿ ਅਸਲੀ ਜਲਾਵਤਨੀ ਤਾਂ ਉਸਨੇ ਭੋਗੀ ਹੈ। ਮੁੰਬਈ ਵਿਚਲੇ 'ਘਰ' ਵਿਚ ਇਕ ਦੂਜੇ ਦੀਆਂ ਸਰੀਰਕ ਲੋੜਾਂ ਤੋਂ ਜਾਣੂੰ, ਦੋ ਮਰਦ, ਸੁਰਜੀਤ ਅਤੇ ਮਨੋਹਰ ਵਰ੍ਹਿਆਂ ਤੋਂ ਜੀਵਨ ਸਾਥੀ ਵਜੋਂ ਰਹਿ ਰਹੇ ਹਨ, ਜਿਨ੍ਹਾਂ ਦੇ ਰਿਸ਼ਤੇ ਨੂੰ ਸਮਝ ਸਕਣਾ ਹਰਿਕ ਦੇ ਵੱਸ ਦੀ ਗੱਲ ਨਹੀਂ, ਖਾਸਕਰ ਸੁਰਜੀਤ ਦੇ ਵੱਡੇ ਭਰਾ ਜੁਗਿੰਦਰ ਲਈ, ਜਿਸਨੇ ਖੁਦ ਅਸਲ ਵਿਚ ਆਪਣੀਆਂ ਸਮਲਿੰਗਕ ਭਾਵਨਾਵਾਂ ਨੂੰ ਦਬਾਈ ਰਖਿਆ ਸੀ। ਆਪਣੀ ਪਤਨੀ ਤੇ ਧੀ ਤੋਂ ਵੱਖ ਹੋਰ ਸ਼ਹਿਰ ਵਿਚ ਰਹਿ ਰਿਹਾ 'ਸਲ੍ਹਾਬੀ ਹੋਈ ਸ਼ਾਮ' ਦਾ ਮਨਪ੍ਰੀਤ, ਜਿਸ ਨੇ ਕਿਸੇ ਸਮੇਂ ਕੁਝ ਸੌ ਡਾਲਰਾਂ ਵਿਚ ਆਪਣਾ ਫਾਲਤੂ ਵੀਰਜ ਵੇਚਿਆ ਸੀ, ਨੂੰ ਵਰ੍ਹਿਆਂ ਮਗਰੋਂ ਇਕ ਅਜਨਬੀ ਨੌਜਵਾਨ ਜਯੰਤ ਵਿਚੋਂ ਆਪਣੇ ਪੁੱਤਰ ਹੋਣ ਦਾ ਝਾਉਲ਼ਾ ਪੈਂਦਾ ਹੈ। ਅਤੇ ਧੀ ਸੁਨੈਨਾ ਉਸ ਨਾਲ ਅਪਣੱਤ ਮਹਿਸੂਸ ਕਰਨ ਤੋਂ ਅਸਮਰੱਥ ਹੈ, ਕਿਉਂਕਿ ਜਦੋਂ ਉਹ ਵੱਡੀ ਹੋਰ ਰਹੀ ਸੀ, ਉਦੋਂ ਪਤਨੀ ਨਾਲ ਤੋੜ ਵਿਛੋੜੇ ਕਾਰਨ ਪਿਤਾ ਵਜੋਂ ਉਹ ਧੀ ਤੋਂ ਦੂਰ ਰਿਹਾ ਸੀ। ਕਹਾਣੀ ਕਹਿਣ ਦੀ ਜੁਗਤ ਵਿਚ ਉਚੇਚ ਨਾਲ ਕੋਈ ਵੱਖਰਾਪਨ ਲਿਆਉਣ ਦਾ ਯਤਨ ਤਾਂ ਇਸ ਸੰਗ੍ਰਹਿ ਵਿਚ ਕਰਦਾ ਸੁਕੀਰਤ ਨਜ਼ਰ ਨਹੀਂ ਆਉਂਦਾ। ਇਸਦੇ ਬਾਵਜੂਦ ਨਵੇਂ ਨਿਆਰੇ ਵਿਸ਼ਿਆਂ ਨੂੰ ਸਨਸਨੀ ਮੁਕਤ ਪਹੁੰਚ ਨਾਲ ਛੋਹਣ ਅਤੇ ਕਹਾਣੀ ਦੇ ਸਥਾਨ ਤੇ ਪਾਤਰਾਂ ਨੂੰ ਦੂਰ ਦੇਸ਼ ਤਕ ਫੈਲਾਉਣ ਦੇ ਨਾਲ ਨੁੱਕਦਾਰ ਭਾਸ਼ਾ ਸਹਿਤ ਬਹੁਤ ਸੰਜਮੀ, ਸੰਘਣਾ ਤੇ ਸੰਜੀਦਾ ਬਿਰਤਾਂਤ ਸਿਰਜਣ ਸਦਕਾ ਉਹ ਨਿਸਚੇ ਹੀ ਨਵਾਂ ਨਿਵੇਕਲਾ ਕਹਾਣੀਕਾਰ ਹੋ ਨਿਬੜਦਾ ਹੈ।

–ਰਘਬੀਰ ਸਿੰਘ

ਪੱਤਰ

ਬਲਵਿੰਦਰ ਗਰੇਵਾਲ ਦੀ ਕਹਾਣੀ 'ਡਬੋਲ਼ੀਆ' (ਸਿਰਜਣਾ-187, ਜਨਵਰੀ-ਮਾਰਚ 2018) ਨੂੰ ਸਾਲ 2018 ਵਿਚ ਛਪੀ ਬਿਹਤਰੀਨ ਕਹਾਣੀ ਵਜੋਂ ਚੁਣਿਆ ਗਿਆ ਹੈ। ਸੁਕੀਰਤ ਵੱਲੋਂ ਜਗਜੀਤ ਸਿੰਘ ਆਨੰਦ ਅਤੇ ਉਰਮਿਲਾ ਆਨੰਦ ਦੇ ਨਾਂ 'ਤੇ ਸ਼ੁਰੂ ਕੀਤੇ ਗਏ ਪੱਤਰਕਾਰੀ ਤੇ ਸ੍ਰੇਸ਼ਟ ਕਹਾਣੀ ਦੇ ਸਾਲਾਨਾ ਪੁਰਸਕਾਰਾਂ ਲਈ ਇਸ ਕਹਾਣੀ ਦੀ ਚੋਣ ਸਮਕਾਲੀ ਕਹਾਣੀ ਦੇ ਅਧਿਐਨ ਨਾਲ ਜੁੜੇ ਵਿਦਵਾਨ ਆਲੋਚਕਾਂ ਦੀ ਰਾਇ ਨਾਲ ਬਹੁਤ ਸਾਵੀਂ ਪ੍ਰਕਿਰਿਆ ਰਾਹੀਂ ਕੀਤੀ ਗਈ ਹੈ। ਬਲਵਿੰਦਰ ਗਰੇਵਾਲ ਦੀ ਇਹ ਕਹਾਣੀ ਨਿਸਚੇ ਹੀ ਬਹੁਤ ਵਧੀਆ ਰਚਨਾ ਹੈ ਜੋ ਪੰਜਾਬੀ ਦੀਆਂ ਸ੍ਰੇਸ਼ਟ ਕਹਾਣੀਆਂ ਵਿਚ ਸ਼ੁਮਾਰ ਕੀਤੇ ਜਾਣ ਦੀ ਅਧਿਕਾਰੀ ਹੈ। ਬਲਵਿੰਦਰ ਗਰੇਵਾਲ ਬਹੁਤ ਸਮਰੱਥ ਲੇਖਕ ਹੈ, ਜੋ ਲਿਖਦਾ ਤਾਂ ਥੋੜ੍ਹਾ ਹੈ ਪਰ ਜਿਸਦੀ ਹਰ ਕਥਾ-ਰਚਨਾ ਵਿਸ਼ੈ ਦੀ ਨਵੀਨਤਾ ਅਤੇ ਉਸਦੇ ਕਲਾਤਮਕ ਨਿਭਾਅ ਕਰਕੇ ਗੌਲਣਯੋਗ ਹੁੰਦੀ ਹੈ। ਇਹ ਕਹਾਣੀ ਛਪਣ 'ਤੇ ਇਸਦੀ ਪ੍ਰਸ਼ੰਸਾ ਵਿਚ ਕਾਫੀ ਕੁਝ ਸੁਣਨ ਨੂੰ ਮਿਲਿਆ ਸੀ ਅਤੇ ਕੁਝ ਲਿਖਤੀ ਟਿੱਪਣੀਆਂ ਵੀ ਪੁੱਜੀਆਂ ਸਨ। ਪਰ ਸਪੇਸ ਦੀ ਘਾਟ ਵਰਗੇ ਕਾਰਨਾਂ ਕਰਕੇ ਕਈ ਵਾਰ ਪੱਤਰ ਛਪਣ ਤੋਂ ਰਹਿ ਜਾਂਦੇ ਹਨ। ਇੰਝ ਇਸ ਕਹਾਣੀ ਬਾਰੇ ਪ੍ਰਤੀਕਰਮ ਵੀ ਛਪਣੋਂ ਰਹਿ ਗਏ ਸਨ। ਇਸ ਕਹਾਣੀ ਨੂੰ ਸਾਲ ਦੀ ਬਿਹਤਰੀਨ ਕਹਾਣੀ ਐਲਾਨੇ ਜਾਣ 'ਤੇ ਉਦੋਂ ਮਿਲੀਆਂ ਪਰ ਛਪਣੋਂ ਰਹਿ ਗਈਆਂ ਦੋ ਟਿੱਪਣੀਆਂ ਨੂੰ ਏਥੇ ਛਾਪਣਾ ਉਚਿਤ ਪ੍ਰਤੀਤ ਹੁੰਦਾ ਹੈ - ਸੰਪਾਦਕ

ਨਵਾਂ ਆਇਆ 'ਸਿਰਜਣਾ' (187) ਪੜ੍ਹ ਰਹੀ ਸੀ। ਫੇਸਬੁੱਕ ਜੌਇਨ ਕਰਨ ਤੋਂ ਪਹਿਲਾਂ ਬੜੇ ਸਾਲ ਮੈਂ ਆਪਣੀਆਂ ਕਹਾਣੀਆਂ ਤੇ ਪਹਿਲਾਂ ਪਹਿਲ ਖੋਜ ਆਰਟੀਕਲ ਵੀ ਇਹਦੇ 'ਚ ਛਪਵਾਉਂਦੀ ਰਹੀ ਸੀ। ਖੈਰ, ਜੋ ਗੱਲ ਮੈਂ ਸਾਂਝੀ ਕਰਨੀ ਚਾਹੁੰਦੀ ਹਾਂ, ਉਹ ਇਹ ਹੈ ਕਿ ਜਨਵਰੀ-ਮਾਰਚ 2018 ਦੇ ਏਸ ਅੰਕ ਵਿਚ ਕਹਾਣੀ ਹੈ- 'ਡਬੋਲ਼ੀਆ'। ਬਲਵਿੰਦਰ ਸਿੰਘ ਗਰੇਵਾਲ ਦੀ। ਪੰਜਾਬੀ ਵਿਚ ਬਹੁਤ ਸਾਰੀਆਂ ਕਹਾਣੀਆਂ ਤੇ ਕਵਿਤਾਵਾਂ ਛਪਦੀਆਂ ਰਹਿੰਦੀਆਂ ਹਨ ਤੇ ਇਨ੍ਹਾਂ ਦਾ ਵਿਸ਼ਾ ਬਹੁਤਾ ਓਹੀ ਘਸਿਆ ਪਿਟਿਆ ਹੀ ਹੁੰਦਾ ਹੈ। ਏਸ ਲਈ, ਇਨ੍ਹਾਂ ਤੋਂ ਨਵਾਂ ਸਿੱਖਣ ਸਮਝਣ ਨੂੰ ਕੁਝ ਨਹੀਂ ਹੁੰਦਾ। ਪਰ ਏਸ ਕਹਾਣੀ ਨੇ ਮੈਨੂੰ ਬਹੁਤ ਕੁਝ ਨਵਾਂ ਸਿਖਾਇਆ ਤੇ ਸਮਝਾਇਆ ਹੈ। ਮੈਨੂੰ ਇਹ ਕਹਿਣ 'ਚ ਕੋਈ ਸੰਕੋਚ ਨਹੀਂ ਕਿ 'ਡਬੋਲੀਆ' ਪੜ੍ਹਨ ਤੋਂ ਪਹਿਲਾਂ ਮੈਨੂੰ ਏਸ ਵਿਸ਼ੇ ਦੀ ਕੋਈ ਜਾਣਕਾਰੀ ਨਹੀਂ ਸੀ। ਤੇ ਚੰਗੇ ਸਾਹਿਤ ਦੀ ਏਹੋ ਖੂਬੀ ਹੁੰਦੀ ਹੈ ਕਿ ਇਹ ਪਾਠਕ ਨੂੰ ਕੁਝ ਉਹ ਦਿੰਦਾ ਹੈ ਜੀਹਦੇ ਬਾਰੇ ਉਹਨੇ ਉਹਨੇ ਪਹਿਲਾਂ ਨਹੀਂ ਜਾਣਿਆ ਹੁੰਦਾ ਜਾਂ ਓਸ ਐਂਗਲ ਤੋਂ ਦੇਖਿਆ-ਸਮਝਿਆ ਹੁੰਦਾ।

–ਸ਼ਸ਼ੀ ਸਮੁੰਦਰਾ

'ਸਿਰਜਣਾ' ਦੇ ਜਨਵਰੀ-ਮਾਰਚ ਅੰਕ ਵਿਚ ਛਪੀ ਕਹਾਣੀ 'ਡਬੋਲ਼ੀਆ' ਨਾਲ ਬਲਵਿੰਦਰ ਗਰੇਵਾਲ ਨੇ ਪਹਿਲੀ ਵਾਰ ਨਵਾਂ ਵਿਸ਼ਾ ਛੋਹਿਆ ਹੈ। ਪਾਣੀ ਵਿਚ ਖੁਦਕੁਸ਼ੀ ਕਰ ਗਏ ਵਿਅਕਤੀਆਂ ਦੀਆਂ ਲਾਸ਼ਾਂ ਲੱਭਣ ਵਾਲੇ ਗੋਤਾਖੋਰਾਂ ਨੂੰ ਡਬੋਲ਼ੀਆ ਆਖਦੇ ਹਨ। ਜਿਵੇਂ-ਜਿਵੇਂ ਪੰਜਾਬ ਵਿਚ ਖੁਦਕੁਸ਼ੀਆਂ ਵਧ ਰਹੀਆਂ ਹਨ, ਉਵੇਂ-ਉਵੇਂ ਡਬੋਲ਼ੀਏ ਵਧ ਜਾਣਗੇ। ਜਿੰਨੀਆਂ ਵੱਧ ਲਾਸ਼ਾਂ ਓਨੇ ਹੀ ਵੱਧ ਡਬੋਲ਼ੀਏ। ਇਸ ਤਰ੍ਹਾਂ ਇਹ ਕਹਾਣੀ ਪੰਜਾਬ ਵਿਚ ਹੋਣ ਵਾਲੀਆਂ ਖੁਦਕੁਸ਼ੀਆਂ ਪਿੱਛੇ ਕੰਮ ਕਰਦੀ ਰਾਜਨੀਤੀ ਨੂੰ ਵੀ ਉਧੇੜਦੀ ਹੈ ਤੇ ਉਹਨਾਂ ਲਾਸ਼ਾਂ ਨੂੰ ਲੱਭਣ ਸਮੇਂ ਡਬੋਲ਼ੀਏ ਦੀ ਮਾਨਸਿਕਤਾ ਨੂੰ ਵੀ ਸੂਖਮ ਦ੍ਰਿਸ਼ਟੀ ਤੋਂ ਚਿਤਰਦੀ ਹੈ। ਖਾਸ ਕਰਕੇ ਕਮਜ਼ੋਰ ਆਰਥਿਕਤਾ ਕਾਰਨ ਡਬੋਲ਼ੀਆ ਬਣੇ ਬਲਕਾਰ ਦੇ ਮਾਨਸਿਕ ਅਵਚੇਤਨ ਨੂੰ ਵਿਭਿੰਨ ਪੱਖਾਂ ਤੋਂ

ਚਿਤਰਿਆ ਹੈ। ਕਿਸਾਨੀ ਨਾਲ ਸੰਬੰਧਤ ਹੋਣ ਕਾਰਨ ਬਲਕਾਰ ਮਾਨਸਿਕ ਤੌਰ 'ਤੇ ਇਸ ਕਿੱਤੇ ਨੂੰ ਪਸੰਦ ਨਹੀਂ ਕਰਦਾ। ਪਰ ਰੋਜ਼ੀ-ਰੋਟੀ ਨੂੰ ਚੱਲਦਾ ਰੱਖਣ ਲਈ ਇਹ ਕੰਮ ਕਰਨ ਲਈ ਮਜਬੂਰ ਹੈ। ਸਾਡੇ ਸਭਿਆਚਾਰਕ ਅਵਚੇਤਨ ਵਿਚ ਡਬੋਲ਼ੀਆ ਨੂੰ ਸਤਿਕਾਰ ਦੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ। ਇਹੀ ਕਾਰਨ ਹੈ ਕਿ ਮੀਤ ਨੂੰ ਉਸਦੀ ਮੰਗੇਤਰ ਵਿਆਹ ਕਰਾਉਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੰਦੀ ਹੈ ਕਿ ਤੇਰੇ ਪਿੰਡੇ ਵਿਚੋਂ ਲਾਸ਼ਾਂ ਦੀ ਬੋਅ ਮਾਰਦੀ ਹੈ। ਸਿੱਟੇ ਵਜੋਂ ਮੀਤ ਡਬੋਲ਼ੀਆ ਵੀ ਖੁਦਕੁਸ਼ੀ ਕਰ ਲੈਂਦਾ ਹੈ। ਆਰਥਿਕ ਸੰਤਾਪ ਤਾਂ ਮਨੁੱਖ ਝੱਲ ਲੈਂਦਾ ਹੈ ਪਰ ਮਾਨਸਿਕ ਸੰਤਾਪ ਝੱਲਣਾ ਬਹੁਤ ਔਖਾ ਹੁੰਦਾ ਹੈ। ਖੁਦਕੁਸ਼ੀ ਕਰਨ ਵਾਲੇ ਇਸੇ ਮਾਨਸਿਕ ਸੰਤਾਪ ਨੂੰ ਝੱਲਣ ਤੋਂ ਅਸਮਰੱਥ ਹੋ ਕੇ ਖੁਦਕੁਸ਼ੀ ਕਰਦੇ ਹਨ। ਬਲਕਾਰ ਦਾ ਬਾਪ ਸਾਧਾ ਆਪਣੀ ਇਕ ਬਾਂਹ ਨਾਲ ਅਧੂਰਾ ਹੋ ਕੇ ਵੀ ਜ਼ਿੰਦਾਦਿਲੀ ਨਾਲ ਜਿਉਂਦਾ ਹੈ। ਉਹ ਆਰਥਿਕ ਹੀਣਤਾ ਤਾਂ ਝੱਲ ਰਿਹਾ ਹੈ ਪਰ ਲਗਾਤਾਰ ਵਧ ਰਹੇ ਮਾਨਸਿਕ ਸੰਤਾਪ ਨੂੰ ਝੱਲਣ ਤੋਂ ਅਸਮਰੱਥ ਹੋ ਜਾਂਦਾ ਹੈ। ਕਹਾਣੀ ਦਾ ਅੰਤ ਬੜਾ ਹੀ ਸਾਰਥਿਕ ਹੈ। ਡਬੋਲ਼ੀਆ ਬਣਿਆ ਮੀਤ ਆਰਥਿਕ ਸੰਤਾਪ ਦੇ ਨਾਲ-ਨਾਲ ਮਾਨਸਿਕ ਸੰਤਾਪ ਝੱਲਣ ਦੇ ਸਮਰੱਥ ਬਣ ਜਾਂਦਾ ਹੈ। ਉਹ ਆਪਣਾ ਕੰਮ ਛੱਡ ਕੇ ਵਿਦੇਸ਼ ਜਾਣ ਦੇ ਯਤਨ ਕਰ ਰਿਹਾ ਹੈ। ਲਾਸ਼ਾਂ ਕੱਢਣ ਦਾ ਕੰਮ ਉਹ ਮਨ ਮਾਰ ਕੇ ਕਰਦਾ ਹੈ। ਕਹਾਣੀ ਦੇ ਅੰਤ ਵਿਚ ਨਹਿਰ ਵਿਚ ਆ ਰਹੀ ਕਿਸੇ ਲਾਵਾਰਿਸ ਬੱਚੇ ਦੀ ਲਾਸ਼ ਨੂੰ ਕੱਢਣ ਲਈ ਉਸਦਾ ਛਾਲ਼ ਮਾਰਨਾ, ਤੇਜ਼ ਪਾਣੀ ਦੇ ਵਹਾਅ ਨਾਲ ਲੜ-ਘੁਲ਼ ਕੇ ਲਾਸ਼ ਨੂੰ ਕਿਨਾਰੇ 'ਤੇ ਲੈ ਆਉਣਾ ਉਸਦੇ ਸੰਘਰਸ਼ ਦਾ ਪ੍ਰਤੀਕ ਹੈ ਤੇ ਆਰਥਿਕ ਪੱਖ ਦੇ ਨਾਲ-ਨਾਲ ਆਪਣੇ ਮਾਨਸਿਕ ਸੰਤਾਪ ਨੂੰ ਝੱਲਦੇ ਹੋਏ ਉਸ ਵਿਚ ਪਰਿਪੱਕ ਹੋਣ ਦਾ ਚਿਹਨ ਹੈ। ਅਜਿਹਾ ਕਰਦਾ ਹੋਇਆ ਉਹ ਅਰਨੈਸਟ ਹੈਮਿੰਗਵੇ ਦੇ ਨਾਵਲ 'ਬੁੱਢਾ ਅਤੇ ਸਮੁੰਦਰ' ਦੇ ਮੁੱਖ ਪਾਤਰ ਸਾਂਤਿਆਗੋ ਵਾਂਗ ਸੰਘਰਸ਼ਸ਼ੀਲ ਤੇ ਆਸ਼ਾਵਾਦੀ ਬਣ ਜਾਂਦਾ ਹੈ। ਨਿਰਾਸ਼ਾ ਵਿਚੋਂ ਨਿਕਲਣ ਦਾ ਇਹ ਆਸ਼ਾਵਾਦੀ ਰਾਹ ਹੈ। ਇਹੀ ਇਸ ਕਹਾਣੀ ਦੀ ਪ੍ਰਾਪਤੀ ਹੈ। **–ਹਰਿੰਦਰ ਸਿੰਘ, ਘੋਲ਼ੀਆ ਕਲਾਂ (ਮੋਗਾ)**

'ਸਿਰਜਣਾ' ਬਾਰੇ ਜਾਣਕਾਰੀ

1. ਪ੍ਰਕਾਸ਼ਨ ਸਥਾਨ	225-ਬੀ, ਮਖਦੂਮਪੁਰਾ, ਜਲੰਧਰ
2. ਪ੍ਰਕਾਸ਼ਨ ਕਾਲ	ਤ੍ਰੈਮਾਸਕ
3. ਛਾਪਕ, ਪ੍ਰਕਾਸ਼ਕ ਤੇ ਮਾਲਕ	ਸੁਰਿੰਦਰ ਮੋਹਨ ਸਿੰਘ
4. ਕੌਮੀਅਤ	ਭਾਰਤੀ
5. ਪਤਾ	225-ਬੀ, ਮਖਦੂਮਪੁਰਾ, ਜਲੰਧਰ
6. ਸੰਪਾਦਕ	ਰਘਬੀਰ ਸਿੰਘ
7. ਕੌਮੀਅਤ	ਭਾਰਤੀ
8. ਪਤਾ	1728, ਸੈਕਟਰ 43-ਬੀ, ਚੰਡੀਗੜ੍ਹ

ਮੈਂ ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ: 28 ਫਰਵਰੀ 2019 ਦਸਤਖਤ: ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਪਰੈਲ, 2019

ਕੈਨੇਡਾ ਵਸਦੇ ਸਰਬਾਂਗੀ ਲੇਖਕ ਰਵਿੰਦਰ ਰਵੀ ਦੀ ਨਵੀਂ ਕਾਵਿ ਪੁਸਤਕ



ਰਵਿੰਦਰ ਰਵੀ ਸਹੀ ਮਾਇਨਿਆਂ ਵਿਚ ਆਧੁਨਿਕ ਸਾਹਿਤਕਾਰ ਅਤੇ ਸ਼ਖ਼ਸ ਹੈ। ਇਸ ਦੀ ਸ਼ਾਹਦੀ ਉਸ ਦੀ 23ਵੀਂ ਤੇ ਨਵੀਂ ਕਾਵਿ ਪੁਸਤਕ 'ਮੈਂ-ਕਾਲ : ਤ੍ਰੈਕਾਲ' ਵੀ ਭਰਦੀ ਹੈ। ਇਸ ਕਿਤਾਬ ਵਿਚ ਉਸ ਨੇ ਖੁਦ ਲਿਖਿਆ ਹੈ ਕਿ ਉਹਦੀ ਕਵਿਤਾ, ਜ਼ਿੰਦਗੀ ਦੀ ਨਿਰੰਤਰ ਪ੍ਰਕਿਰਿਆ ਦੀ ਨਿਸ਼ਾਨਦੇਹੀ ਤਾਂ ਕਰਦੀ ਹੀ ਹੈ, ਨਾਲ ਹੀ ਸਦੀਵੀ ਜ਼ਿੰਦਗੀ ਦੇ ਕਾਲ-ਚੱਕਰ ਦੀ ਨਿਰੰਤਰਤਾ ਨੂੰ ਵੀ ਵਿਲੱਖਣ ਅੰਦਾਜ਼ ਵਿਚ ਸਿਰਜਦੀ ਹੈ।

ਪੰਨੇ 156 **ਸੁੰਦਰ ਦਿੱਖ** **ਮੁੱਲ 300 ਰੁਪਏ**

ਨੈਸ਼ਨਲ ਬੁਕ ਸ਼ਾਪ, ਦਿੱਲੀ

SIRJANA Literary Punjabi Quarterly Chandigarh
No. 192 ISSN 2455-1058 April - June 2019
Registered with the Registrar of Newspapers for India vide R.N. 10215/65

ਭਾਪਾ ਪ੍ਰੀਤਮ ਸਿੰਘ ਅਤੇ ਸੁਖਬੀਰ ਦੀ ਸਾਂਝ ਦੀ ਬਾਤ ਪਾਉਂਦੀ ਪੁਸਤਕ

ਪੰਜਾਬੀ ਸਾਹਿਤ ਜਗਤ ਵਿਚ ਪੰਜਾਬੀ ਮਾਸਿਕ ਪਰਚੇ 'ਆਰਸੀ' ਅਤੇ ਸੁਖਬੀਰ ਦਾ ਆਪੋ-ਆਪਣਾ ਮੁਕਾਮ ਹੈ। ਚੰਦਰ ਮੋਹਨ ਦੀ ਸੰਪਾਦਿਤ ਕਿਤਾਬ 'ਆਰਸੀ ਤੇ ਸੁਖਬੀਰ' ਵਿਚ ਇਨ੍ਹਾਂ ਦੋਹਾਂ ਦੇ ਆਪਸੀ ਰਿਸ਼ਤਿਆਂ ਦੀ ਸੂਹ ਮਿਲਦੀ ਹੈ। ਬਹੁਤ ਘੱਟ ਪਾਠਕਾਂ/ਲੇਖਕਾਂ ਨੂੰ ਇਹ ਖਬਰ ਹੋਵੇਗੀ ਕਿ ਆਰਸੀ ਦੇ ਪਹਿਲੇ, ਦੂਜੇ ਤੇ ਤੀਜੇ ਸਫਿਆਂ ਅਤੇ ਵਿਚ-ਵਿਚਾਲੇ ਛਪਦੀਆਂ ਰਚਨਾਵਾਂ ਦਾ ਲੇਖਕ ਸੁਖਬੀਰ ਹੁੰਦਾ ਸੀ। ਇਹ ਕਿਤਾਬ ਭਾਪਾ ਪ੍ਰੀਤਮ ਸਿੰਘ ਅਤੇ ਸੁਖਬੀਰ ਦੀ ਦੋਸਤੀ ਦੀ ਧੂਣੀ ਬਾਲਦੀ ਹੈ।

ਪੰਨੇ 231 ਸੁੰਦਰ ਦਿੱਖ ਮੁੱਲ 400 ਰੁਪਏ

ਨਵਯੁਗ ਪਬਲਿਸ਼ਰਜ਼, ਦਿੱਲੀ